@Qpatrika | @qaumipatrika punjabi | instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 12 April 2026

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 12 ਅਪ੍ਰੈਲ 2026, 27 ਚੇਤ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 157, qpatrika@gmail.com ਫੋਨ : 9971359517 www.qaumipatrika.org

## ਬੰਗਾਲ ’ਚ ਭਾਜਪਾ ਸਰਕਾਰ ਆਈ ਤਾਂ ਘੁਸਪੈਠੀਆਂ ਨੂੰ ਛੱਡਣਾ ਪਵੇਗਾ ਦੇਸ਼ : ਪ੍ਰਧਾਨ ਮੰਤਰੀ ਮੋਦੀ

**ਕੌਮੀ ਪਤ੍ਰਿਕਾ**
**ਸਿੰਮੀ ਕੌਰ ਬੱਬਰ**

ਕਟਵਾ 11 ਅਪ੍ਰੈਲ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੱਛਮੀ ਬੰਗਾਲ ਦੇ ਪੂਰਬੀ ਬਰਧਮਾਨ ਜ਼ਿਲ੍ਹੇ ਦੇ ਕਟਵਾ ’ਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਘੁਸਪੈਠ ਅਤੇ ਨਾਗਰਿਕਤਾ ਦੇ ਮੁੱਦਿਆਂ ’ਤੇ ਭਾਰਤੀ ਜਨਤਾ ਪਾਰਟੀ ਦਾ ਰੁਖ ਸਪੱਸ਼ਟ ਕੀਤਾ ਹੈ। ਉਨ੍ਹਾਂ ਵਾਅਦਾ ਕੀਤਾ ਕਿ ਜੇਕਰ ਸੂਬੇ ’ਚ ਭਾਜਪਾ ਸੱਤਾ ’ਚ ਆਉਂਦੀ ਹੈ, ਤਾਂ ਮਤੂਆ ਅਤੇ ਨਾਮਸ਼ੂਦਰ ਸ਼ਰਨਾਰਥੀ ਪਰਿਵਾਰਾਂ ਨੂੰ ਨਾਗਰਿਕਤਾ ਦੇਣ ਦੀ ਪ੍ਰਕਿਰਿਆ ’ਚ ਤੇਜ਼ੀ ਲਿਆਂਦੀ ਜਾਵੇਗੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਜਪਾ ਨੇ ਸ਼ਰਨਾਰਥੀਆਂ ਨੂੰ ਨਾਗਰਿਕਤਾ ਦੇਣ ਲਈ ਹੀ ਨਾਗਰਿਕਤਾ (ਸੋਧ) ਐਕਟ ਲਾਗੂ ਕੀਤਾ ਹੈ, ਜਦਕਿ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਲੋਕਾਂ ’ਚ ਡਰ ਫੈਲਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ,ਮੈਂ ਮਤੂਆ ਅਤੇ ਨਾਮਸ਼ੂਦਰ ਸ਼ਰਨਾਰਥੀ ਪਰਿਵਾਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਹ ਦੇਸ਼ ਦੇ ਸੰਵਿਧਾਨ ਦੀ ਸੁਰੱਖਿਆ ਹੇਠ ਹਨ। ਗੈਰ-ਕਾਨੂੰਨੀ ਘੁਸਪੈਠ ਦੇ ਮੁੱਦੇ ’ਤੇ ਸਖ਼ਤ ਰੁਖ ਅਖਤਿਆਰ ਕਰਦਿਆਂ ਪੀਐੱਮ ਮੋਦੀ ਨੇ ਕਿਹਾ ਕਿ ਹੁਣ ਜਾਣ ਦਾ ਸਮਾਂ ਆ ਗਿਆ ਹੈ ਅਤੇ ਘੁਸਪੈਠੀਆਂ ਨੂੰ ਆਪਣਾ ਸਾਮਾਨ ਬੰਨ੍ਹਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ।’’ ਉਨ੍ਹਾਂ ਸਪੱਸ਼ਟ ਕੀਤਾ ਕਿ ਘੁਸਪੈਠੀਆਂ ਦੀ ਮਦਦ ਕਰਨ ਵਾਲਿਆਂ ਨੂੰ ਵੀ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਮਮਤਾ ਬੈਨਰਜੀ ਦੇ 15 ਸਾਲਾਂ ਦੇ ਸ਼ਾਸਨ ਨੇ ਬੰਗਾਲ ’ਚ ਸਿਰਫ ਡਰ ਦਾ ਮਾਹੌਲ ਪੈਦਾ ਕੀਤਾ ਹੈ। ਪ੍ਰਧਾਨ ਮੰਤਰੀ ਨੇ ਐਲਾਨ ਕੀਤਾ ਕਿ ਭਾਜਪਾ ਸਰਕਾਰ ਤ੍ਰਿਣਮੂਲ ਕਾਂਗਰਸ ਦੇ ਭ੍ਰਿਸ਼ਟਾਚਾਰ ’ਤੇ ’ਵਾਈਟ ਪੇਪਰ’ ਜਾਰੀ ਕਰੇਗੀ। ਉਨ੍ਹਾਂ ਵਾਅਦਾ ਕੀਤਾ ਕਿ ਭਾਜਪਾ ਦੀ ਸਰਕਾਰ ਬਣਨ ’ਤੇ ਪਹਿਲੀ ਕੈਬਨਿਟ ਮੀਟਿੰਗ ’ਚ ਹੀ ’ਆਯੁਸ਼ਮਾਨ ਭਾਰਤ’ ਸਿਹਤ ਯੋਜਨਾ ਲਾਗੂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਭਾਜਪਾ ਮੌਜੂਦਾ ਯੋਜਨਾਵਾਂ ਨੂੰ ਨਹੀਂ ਰੋਕੇਗੀ, ਪਰ ਉਨ੍ਹਾਂ ਵਿੱਚ ਹੋ ਰਹੇ ਭ੍ਰਿਸ਼ਟਾਚਾਰ ਅਤੇ ਲੁੱਟ ਨੂੰ ਖਤਮ ਕਰੇਗੀ। ਦੱਸਣਯੋਗ ਹੈ ਕਿ ਪੱਛਮੀ ਬੰਗਾਲ ਦੀਆਂ 294 ਵਿਧਾਨ ਸਭਾ ਸੀਟਾਂ ਲਈ ਦੋ ਪੜਾਵਾਂ ’ਚ 23 ਅਪ੍ਰੈਲ ਅਤੇ 29 ਅਪ੍ਰੈਲ ਨੂੰ ਵੋਟਾਂ ਪੈਣਗੀਆਂ, ਜਦਕਿ ਵੋਟਾਂ ਦੀ ਗਿਣਤੀ 4 ਮਈ ਨੂੰ ਕੀਤੀ ਜਾਵੇਗੀ।



## ਤੇਲੰਗਾਨਾ ’ਚ ਮਾਓਵਾਦ ਦਾ ਮੁਕੰਮਲ ਖ਼ਾਤਮਾ ! 42 ਮਾਓਵਾਦੀਆਂ ਨੇ ਪੁਲਸ ਅੱਗੇ ਸੁੱਟੇ ਹਥਿਆਰ

ਨੈਸ਼ਨਲ ਡੈਸਕ 11 ਅਪ੍ਰੈਲ। ਤੇਲੰਗਾਨਾ ਵਿੱਚ ਮਾਓਵਾਦੀ ਲਹਿਰ ਨੂੰ ਉਸ ਸਮੇਂ ਵੱਡਾ ਝਟਕਾ ਲੱਗਿਆ, ਜਦੋਂ ਇੱਕ ਸੀਨੀਅਰ ਕਮਾਂਡਰ ਸਮੇਤ ਪ੍ਰਤੀਬੰਧਿਤ ਭਾਕਪਾ (ਮਾਓਵਾਦੀ) ਦੇ 42 ਮੈਂਬਰਾਂ ਨੇ ਸ਼ੁੱਕਰਵਾਰ ਨੂੰ ਪੁਲਸ ਅੱਗੇ ਆਤਮ-ਸਮਰਪਣ ਕਰ ਦਿੱਤਾ। ਤੇਲੰਗਾਨਾ ਦੇ ਡੀਜੀਪੀ ਬੀ. ਸ਼ਿਵਧਰ ਰੈਡੀ ਦੇ ਸਾਹਮਣੇ ਇਨ੍ਹਾਂ ਮਾਓਵਾਦੀਆਂ ਨੇ ਮੁੱਖ ਧਾਰਾ ਵਿੱਚ ਸ਼ਾਮਲ ਹੋਣ ਦਾ ਫੈਸਲਾ ਲਿਆ ਹੈ। ਆਤਮ-ਸਮਰਪਣ ਕਰਨ ਵਾਲਿਆਂ ਵਿੱਚ ਪੀਪਲਜ਼ ਲਿਬਰੇਸ਼ਨ ਗੁਰੀਲਾ ਆਰਮੀ ਬਟਾਲੀਅਨ ਦੇ ਸੀਨੀਅਰ ਕਮਾਂਡਰ ਸੋਡੀ ਮੱਲਾ ਉਰਫ਼ ਕੇਸ਼ਲ ਦਾ ਨਾਮ ਵੀ ਸ਼ਾਮਲ ਹੈ। ਕੇਸ਼ਲ ਦੀ ਅਗਵਾਈ ਹੇਠ ਇਹ ਵੱਡੀ ਗਿਣਤੀ ਵਿੱਚ ਕੈਡਰ ਪੁਲਸ ਕੋਲ ਪਹੁੰਚਿਆ ਹੈ, ਜਿਸ ਨੂੰ ਰਾਜ ਵਿੱਚ ਮਾਓਵਾਦੀ ਸੰਗਠਨ ਦੀ ਕਮਰ ਟੁੱਟਣ ਵਾਂਗ ਦੇਖਿਆ ਜਾ ਰਿਹਾ ਹੈ। ਡੀਜੀਪੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਗਰਵਾਦੀਆਂ ਨੇ ਆਤਮ-ਸਮਰਪਣ ਦੌਰਾਨ ਭਾਰੀ ਅਸਲਾ ਵੀ ਪੁਲਸ ਨੂੰ ਸੌਂਪਿਆ ਹੈ। ਬਰਾਮਦ ਕੀਤੇ ਗਏ ਹਥਿਆਰਾਂ ਵਿੱਚ: ਇੱਕ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਡੀਜੀਪੀ ਸ਼ਿਵਧਰ ਰੈਡੀ ਨੇ ਦਾਅਵਾ ਕੀਤਾ ਕਿ ਤੇਲੰਗਾਨਾ ਹੁਣ ਭਾਕਪਾ (ਮਾਓਵਾਦੀ) ਦੇ ਹਥਿਆਰਬੰਦ ਸੰਗਠਨਾਂ ਤੋਂ ਪੂਰੀ ਤਰ੍ਹਾਂ ਮੁਕਤ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਮੈਂਬਰਾਂ ਦੇ ਆਤਮ-ਸਮਰਪਣ ਨਾਲ ਪੀਐਲਜੀਏ ਦੀ ਕਾਰਜਸ਼ੀਲ ਸਮਰੱਥਾ ਪੂਰੀ ਤਰ੍ਹਾਂ ਖ਼ਤਮ ਹੋ ਗਈ ਹੈ ਅਤੇ ਤੇਲੰਗਾਨਾ ਰਾਜ ਕਮੇਟੀ ਦਾ ਹੁਣ ਕੋਈ ਹੋਂਦ ਨਹੀਂ ਰਹਿ ਗਈ ਹੈ।

## ਸੁਪਰੀਮ ਕੋਰਟ ਦਾ ਸੂਬਿਆਂ ਨੂੰ ਹੁਕਮ; ਦੇਸ਼ ਭਰ ’ਚ ਬਾਲ ਸਮੱਗਲਿੰਗ ਦੇ ਗਿਰੋਹ ਸਰਗਰਮ, ਤੁਰੰਤ ਕਾਰਵਾਈ ਕਰੋ

ਨਵੀਂ ਦਿੱਲੀ 11 ਅਪ੍ਰੈਲ। ਸੁਪਰੀਮ ਕੋਰਟ ਨੇ ਬਾਲ ਸਮੱਗਲਿੰਗ ਦੇ ਵਧਦੇ ਮਾਮਲਿਆਂ ’ਤੇ ਗੰਭੀਰ ਚਿੰਤਾ ਪ੍ਰਗਟਾਉਂਦੇ ਹੋਏ ਕਿਹਾ ਹੈ ਕਿ ਅਜਿਹਾ ਕਰਨ ਵਾਲੇ ਗਿਰੋਹ ਦੇਸ਼ ਭਰ ’ਚ ਸਰਗਰਮ ਹਨ, ਇਸ ਲਈ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ, ਨਹੀਂ ਤਾਂ ਸਥਿਤੀ ਕਾਬੂ ਤੋਂ ਬਾਹਰ ਹੋ ਜਾਵੇਗੀ। ਅਦਾਲਤ ਨੇ ਕਿਹਾ ਕਿ ਇਸ ਸਬੰਧ ’ਚ ਕੇਵਲ ਰਾਜ ਸਰਕਾਰ ਅਤੇ ਉਸ ਦਾ ਗ੍ਰਹਿ ਵਿਭਾਗ ਹੀ ਚੌਕਸ ਰਹਿ ਕੇ ਕਾਰਵਾਈ ਕਰ ਸਕਦਾ ਹੈ। ਜਸਟਿਸ ਜੇ. ਬੀ. ਪਾਰਦੀਵਾਲਾ ਅਤੇ ਜਸਟਿਸ ਕੇ. ਵੀ. ਵਿਸ਼ਵਨਾਥਨ ਦੀ ਬੈਂਚ ਨੇ ਇਕ ਪਟੀਸ਼ਨ ’ਤੇ ਸੁਣਵਾਈ ਦੌਰਾਨ ਕਿਹਾ, “ਇਕ ਅਦਾਲਤ ਦੇ ਰੂਪ ’ਚ ਅਸੀਂ ਨਿਗਰਾਨੀ ਕਰ ਸਕਦੇ ਹਾਂ ਪਰ ਕਾਰਵਾਈ ਅੰਤ ’ਚ ਰਾਜ ਸਰਕਾਰ, ਪੁਲਸ ਅਤੇ ਹੋਰ ਏਜੰਸੀਆਂ ਨੇ ਹੀ ਕਰਨੀ ਹੈ, ਇਸ ਲਈ ਇਹ ਸਾਡੀ ਨਿਮਰ ਅਪੀਲ ਹੈ।” ਬੈਂਚ ਨੇ ਜਥੇਬੰਦਕ ਸਮੱਗਲਿੰਗ ਗਿਰੋਹ ਨੂੰ ਤਬਾਹ ਕਰਨ ਦੇ ਮਕਸਦ ਨਾਲ 2025 ’ਚ ਸੁਣਾਏ ਗਏ ਇਕ ਫੈਸਲੇ ਨੂੰ ਲਾਗੂ ਕਰਨ ਦੇ ਮਾਮਲੇ ’ਚ ਕਈ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ‘ਢਿੱਲ-ਮੱਠ’ ਵਾਲੇ ਰਵੱਈਏ ’ਤੇ ਨਾਰਾਜ਼ਗੀ ਪ੍ਰਗਟਾਈ। ਜਸਟਿਸ ਵਿਸ਼ਵਨਾਥਨ ਨੇ ਕਿਹਾ ਕਿ ਕੁਝ ਮਾਮਲਿਆਂ ’ਚ ਬੱਚਿਆਂ ਨੂੰ ਬਰਾਮਦ ਕੀਤਾ ਜਾਣਾ ਇਸ ਗੱਲ ਦਾ ਸਬੂਤ ਹੈ ਕਿ ਇਸ ਸਮੱਸਿਆ ਨਾਲ ਨਜਿੱਠਿਆ ਜਾ ਸਕਦਾ ਹੈ ਪਰ ਇਸ ਦੇ ਲਈ ਜਿਸ ਪੱਧਰ ਦੀ ਸਿਆਸੀ ਅਤੇ ਪ੍ਰਸ਼ਾਸਨਿਕ ਇੱਛਾ-ਸ਼ਕਤੀ ਚਾਹੀਦੀ ਹੈ, ਉਸ ਦੀ ਫਿਲਹਾਲ ਘਾਟ ਹੈ। ਇਸ ਤੋਂ ਪਹਿਲਾਂ ਬੈਂਚ ਨੇ ਕੁਝ ਰਾਜਾਂ ਵੱਲੋਂ ਦਾਇਰ ਪਾਲਣਾ ਰਿਪੋਰਟ ਨੂੰ “ਸਿਰਫ਼ ਅੱਖਾਂ ’ਚ ਘੱਟਾ ਪਾਉਣਾ” ਕਰਾਰ ਦਿੱਤਾ ਸੀ। ਬੈਂਚ ਨੇ ਕਿਹਾ ਕਿ ਮੱਧ ਪ੍ਰਦੇਸ਼, ਗੋਆ, ਹਰਿਆਣਾ, ਲਕਸ਼ਦੀਪ, ਮਿਜ਼ੋਰਮ, ਓਡਿਸ਼ਾ ਅਤੇ ਪੰਜਾਬ ਨੇ ਅਜੇ ਵੀ ਤੈਅ ਫਾਰਮੈਟ ’ਚ ਰਿਪੋਰਟ ਦਾਇਰ ਨਹੀਂ ਕੀਤੀ।

## ਹਰੀਵੰਸ਼ ਮੁੜ ਬਣੇ ਰਾਜ ਸਭਾ ਸੰਸਦ ਮੈਂਬਰ, ਰਾਸ਼ਟਰਪਤੀ ਨੇ ਕੀਤਾ ਨਾਮਜ਼ਦ

ਨਵੀਂ ਦਿੱਲੀ 11 ਅਪ੍ਰੈਲ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਡਿਪਟੀ ਸਪੀਕਰ ਹਰੀਵੰਸ਼ ਨੂੰ ਰਾਜ ਸਭਾ ਦਾ ਮੈਂਬਰ ਨਾਮਜ਼ਦ ਕੀਤਾ ਹੈ। ਹਰੀਵੰਸ਼ ਦਾ ਉੱਚ ਸਦਨ ਦੇ ਮੈਂਬਰ ਵਜੋਂ ਕਾਰਜਕਾਲ 9 ਅਪ੍ਰੈਲ ਨੂੰ ਖਤਮ ਹੋ ਗਿਆ ਸੀ। ਉਨ੍ਹਾਂ ਨੂੰ ਰਾਜ ਸਭਾ ਦਾ ਮੈਂਬਰ ਉਸ ਖਾਲੀ ਥਾਂ ਭਰਨ ਲਈ ਨਾਮਜ਼ਦ ਕੀਤਾ ਗਿਆ ਹੈ, ਜੋ ਭਾਰਤ ਦੇ ਸਾਬਕਾ ਚੀਫ਼ ਜਸਟਿਸ ਰੰਜਨ ਗੋਗੋਈ ਦੇ ਸੇਵਾਮੁਕਤ ਹੋਣ ਤੋਂ ਬਾਅਦ ਪੈਦਾ ਹੋਈ ਸੀ। ਸਰਕਾਰ ਦੀ ਇਕ ਅਧਿਕਾਰਤ ਨੋਟੀਫਿਕੇਸ਼ਨ ’ਚ ਕਿਹਾ ਗਿਆ ਹੈ,’’ਭਾਰਤ ਦੇ ਸੰਵਿਧਾਨ ਦੀ ਧਾਰਾ 80 ਦੀ ਧਾਰਾ (1) ਦੇ ਉਪ ਧਾਰਾ (ਏ) ਵਲੋਂ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਅਤੇ ਉਸੇ ਧਾਰਾ ਦੇ ਖੰਡ (3) ਦੇ ਅਨੁਸਾਰ ਰਾਸ਼ਟਰਪਤੀ ਨਾਮਜ਼ਦ ਮੈਂਬਰਾਂ ’ਚੋਂ ਇਕ ਦੇ ਸੇਵਾਮੁਕਤ ਹੋਣ ਕਾਰਨ ਖਾਲੀ ਹੋਣ ਥਾਂ ਨੂੰ ਭਰਨ ਲਈ ਹਰੀਵੰਸ਼ ਨੂੰ ਰਾਜ ਸਭਾ ਦਾ ਮੈਂਬਰ ਨਾਮਜ਼ਦ ਕਰ ਕੇ ਖ਼ੁਸ਼ ਹੈ।’’ ਹਰੀਵੰਸ਼ (69) ਬਿਹਾਰ ਦਾ ਪ੍ਰਤੀਨਿਧੀਤੱਵ ਕਰਦੇ ਹੋਏ ਰਾਜ ਸਭਾ ਦੇ ਮੈਂਬਰ ਵਜੋਂ ਆਪਣੇ 2 ਕਾਰਜਕਾਲ ਪੂਰੇ ਕਰ ਚੁੱਕੇ ਹਨ। ਉਨ੍ਹਾਂ ਨੇ ਉੱਚ ਸਦਨ ਦੇ ਡਿਪਟੀ ਸਪੀਕਰ ਦੇ ਅਹੁਦੇ ’ਤੇ ਵੀ ਆਪਣੀਆਂ ਸੇਵਾਵਾਂ ਦਿੱਤੀਆਂ ਹਨ।

## ਤੇਲ ਕੰਪਨੀਆਂ ਨੂੰ ਵੱਡਾ ਝਟਕਾ ! ਡੀਜ਼ਲ ਤੇ ਜੈੱਟ ਫਿਊਲ ਦੀ ਬਰਾਮਦ ’ਤੇ ਵਧਾਈ ਐਕਸਪੋਰਟ ਡਿਊਟੀ

ਨਵੀਂ ਦਿੱਲੀ 11 ਅਪ੍ਰੈਲ। ਮਿਡਲ ਈਸਟ (ਮੱਧ ਪੂਰਬ) ਵਿੱਚ ਚੱਲ ਰਹੇ ਸੰਕਟ ਦੇ ਦਰਮਿਆਨ ਭਾਰਤ ਸਰਕਾਰ ਨੇ ਤੇਲ ਕੰਪਨੀਆਂ ਨੂੰ ਵੱਡਾ ਝਟਕਾ ਦਿੰਦਿਆਂ ਡੀਜ਼ਲ ਅਤੇ ਜੈੱਟ ਫਿਊਲ (1“6) ਦੇ ਨਿਰਯਾਤ (ਐਕਸਪੋਰਟ) ’ਤੇ ਲੱਗਣ ਵਾਲੇ ਚਾਰਜ ਵਿੱਚ ਭਾਰੀ ਵਾਧਾ ਕਰ ਦਿੱਤਾ ਹੈ। ਇਹ ਫੈਸਲਾ ਸ਼ਨੀਵਾਰ, 11 ਅਪ੍ਰੈਲ 2026 ਨੂੰ ਲਿਆ ਗਿਆ ਹੈ। ਸਰਕਾਰ ਨੇ ਡੀਜ਼ਲ ਦੇ ਨਿਰਯਾਤ ’ਤੇ ਲੱਗਣ ਵਾਲੀ ਡਿਊਟੀ ਨੂੰ ਦੁੱਗਣੇ ਤੋਂ ਵੀ ਵੱਧ ਵਧਾ ਦਿੱਤਾ ਹੈ। ਸਰੋਤਾਂ ਅਨੁਸਾਰ, ਡੀਜ਼ਲ ’ਤੇ ਐਕਸਪੋਰਟ ਚਾਰਜ 21.5 ਰੁਪਏ ਪ੍ਰਤੀ ਲੀਟਰ ਤੋਂ ਵਧਾ ਕੇ 55.5 ਰੁਪਏ ਪ੍ਰਤੀ ਲੀਟਰ ਕਰ ਦਿੱਤਾ ਗਿਆ ਹੈ। ਡੀਜ਼ਲ ਦੇ ਨਾਲ-ਨਾਲ ਹਵਾਈ ਜਹਾਜ਼ਾਂ ਦੇ ਬਾਲਣ ਯਾਨੀ ਜੈੱਟ ਫਿਊਲ (1“6) ’ਤੇ ਵੀ ਐਕਸਪੋਰਟ ਡਿਊਟੀ ਵਧਾਈ ਗਈ ਹੈ। ਇਸ ਨੂੰ 29.5 ਰੁਪਏ ਪ੍ਰਤੀ ਲੀਟਰ ਤੋਂ ਵਧਾ ਕੇ 42 ਰੁਪਏ ਪ੍ਰਤੀ ਲੀਟਰ ਕਰ ਦਿੱਤਾ ਗਿਆ ਹੈ। ਦੂਜੇ ਪਾਸੇ, ਪੈਟਰੋਲ ’ਤੇ ਇਸ ਚਾਰਜ ਨੂੰ ਪਹਿਲਾਂ ਦੀ ਤਰ੍ਹਾਂ ਹੀ ’ਜ਼ੀਰੋ’ (ਸਿਫ਼ਰ) ਰੱਖਿਆ ਗਿਆ ਹੈ, ਜਿਸ ਨਾਲ ਪੈਟਰੋਲ ਨਿਰਯਾਤ ’ਤੇ ਕੋਈ ਵਾਧੂ ਬੋਝ ਨਹੀਂ ਪਵੇਗਾ।

## ਨੀਤੀਸ਼ ਕੁਮਾਰ ਨੇ ਬਣਾਇਆ ਨਵਾਂ ਰਿਕਾਰਡ: ਚਾਰੇ ਸਦਨਾਂ ਦੇ ਮੈਂਬਰ ਰਹਿਣ ਵਾਲੇ ਦਿੱਗਜ ਨੇਤਾਵਾਂ ਦੀ ਸੂਚੀ ’ਚ ਸ਼ਾਮਲ

ਨੈਸ਼ਨਲ ਡੈਸਕ 11 ਅਪ੍ਰੈਲ। ਬਿਹਾਰ ਦੇ ਮੁੱਖ ਮੰਤਰੀ ਨੀਤੀਸ਼ ਕੁਮਾਰ ਨੇ ਰਾਜ ਸਭਾ ਦੇ ਮੈਂਬਰ ਵਜੋਂ ਸਹੁੰ ਚੁੱਕ ਕੇ ਭਾਰਤੀ ਰਾਜਨੀਤੀ ਵਿੱਚ ਇੱਕ ਨਵਾਂ ਕੀਰਤੀਮਾਨ ਸਥਾਪਤ ਕੀਤਾ ਹੈ। ਇਸ ਸਹੁੰ ਚੁੱਕ ਸਮਾਗਮ ਦੇ ਨਾਲ ਹੀ ਉਹ ਉਨ੍ਹਾਂ ਚੋਣਵੇਂ ਨੇਤਾਵਾਂ ਦੀ ਸੂਚੀ ਵਿੱਚ ਸ਼ਾਮਲ ਹੋ ਗਏ ਹਨ, ਜਿਨ੍ਹਾਂ ਕੋਲ ਚਾਰੇ ਵਿਧਾਨਕ ਸਦਨਾਂ ਦੀ ਮੈਂਬਰਸ਼ਿਪ ਦਾ ਤਜਰਬਾ ਹੈ। ਨੀਤੀਸ਼ ਕੁਮਾਰ ਹੁਣ ਲੋਕ ਸਭਾ, ਰਾਜ ਸਭਾ, ਵਿਧਾਨ ਸਭਾ ਅਤੇ ਵਿਧਾਨ ਪਰਿਸ਼ਦ ਚਾਰੇ ਸਦਨਾਂ ਦੇ ਮੈਂਬਰ ਰਹਿ ਚੁੱਕੇ ਹਨ। ਇਸ ਵਿਸ਼ੇਸ਼ ’ਕਲੱਬ’ ਵਿੱਚ ਬਿਹਾਰ ਦੇ ਕੁਝ ਹੋਰ ਦਿੱਗਜ ਨੇਤਾਵਾਂ ਦੇ ਨਾਮ ਵੀ ਸ਼ਾਮਲ ਹਨ, ਜਿਵੇਂ ਕਿ ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸਾਦ ਯਾਦਵ, ਭਾਜਪਾ ਦੇ ਸਵਰਗੀ ਨੇਤਾ ਸੁਸ਼ੀਲ ਕੁਮਾਰ ਮੋਦੀ, ਉਪੇਂਦਰ ਕੁਸ਼ਵਾਹਾ ਅਤੇ ਸਾਬਕਾ ਕੇਂਦਰੀ ਮੰਤਰੀ ਨਾਗਮਣੀ। ਰਾਜਨੀਤਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਚਾਰੇ ਸਦਨਾਂ ਵਿੱਚ ਕੰਮ ਕਰਨ ਦਾ ਅਨੁਭਵ ਕਿਸੇ ਵੀ ਨੇਤਾ ਨੂੰ ਵਿਧਾਨਕ ਪ੍ਰਕਿਰਿਆ ਦੀ ਵਿਆਪਕ ਅਤੇ ਡੂੰਘੀ ਸਮਝ ਪ੍ਰਦਾਨ ਕਰਦਾ ਹੈ। ਨੀਤੀਸ਼ ਕੁਮਾਰ ਨੇ ਕੁਝ ਸਮਾਂ ਪਹਿਲਾਂ ਹੀ ਇਹ ਇੱਛਾ ਜ਼ਾਹਿਰ ਕੀਤੀ ਸੀ ਕਿ ਉਹ ਰਾਜ ਸਭਾ ਦਾ ਮੈਂਬਰ ਬਣ ਕੇ ਚਾਰੇ ਸਦਨਾਂ ਵਿੱਚ ਸੇਵਾ ਕਰਨ ਦਾ ਆਪਣਾ ਸੁਪਨਾ ਪੂਰਾ ਕਰਨਾ ਚਾਹੁੰਦੇ ਹਨ, ਜੋ ਹੁਣ ਹਕੀਕਤ ਬਣ ਗਿਆ ਹੈ।

## ਪ੍ਰਦੂਸ਼ਣ ’ਤੇ ਸੁਪਰੀਮ ਕੋਰਟ ਸਖਤ, ਦਿੱਲੀ ’ਚ ਹੁਣ ਬੀ. ਐੱਸ.-4 ਤੇ ਉਸ ਤੋਂ ਉੱਪਰ ਦੇ ਪੱਧਰ ਵਾਲੇ ਵਾਹਨ ਹੀ ਚੱਲਣਗੇ

**ਕੌਮੀ ਪਤ੍ਰਿਕਾ**
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 11 ਅਪ੍ਰੈਲ। ਸੁਪਰੀਮ ਕੋਰਟ ਨੇ ਕਿਹਾ ਕਿ ਉਸ ਕੋਲ ਇਹ ਤੈਅ ਕਰਨ ਦਾ ਅਧਿਕਾਰ ਹੈ ਕਿ ਕਿਸੇ ਧਰਮ ’ਚ ਕਿਹੜੀ ਪ੍ਰਥਾ ਅੰਧ-ਵਿਸ਼ਵਾਸ ’ਤੇ ਆਧਾਰਿਤ ਹੈ। ਅਦਾਲਤ ਨੇ ਇਹ ਟਿੱਪਣੀ ਕੇਂਦਰ ਸਰਕਾਰ ਦੀ ਇਸ ਦਲੀਲ ਦੇ ਜਵਾਬ ’ਚ ਕੀਤੀ ਕਿ ਧਰਮ ਨਾਲ ਜੁੜੇ ਮਾਮਲਿਆਂ ’ਤੇ ਫ਼ੈਸਲਾ ਕਰਨਾ ਅਦਾਲਤ ਦੇ ਅਧਿਕਾਰ ਖੇਤਰ ’ਚ ਨਹੀਂ ਆਉਂਦਾ, ਕਿਉਂਕਿ ਜੱਜ ਕਾਨੂੰਨ ਦੇ ਮਾਹਿਰ ਹੁੰਦੇ ਹਨ, ਧਰਮ ਦੇ ਨਹੀਂ। ਚੀਫ ਜਸਟਿਸ ਸੂਰਿਆਕਾਂਤ ਦੀ ਅਗਵਾਈ ਵਾਲੀ 9 ਜੱਜਾਂ ਦੀ ਸੰਵਿਧਾਨਕ ਬੈਂਚ ਕੇਰਲ ਦੇ ਸਬਰੀਮਾਲਾ ਮੰਦਰ ਸਮੇਤ ਧਾਰਮਿਕ ਸਥਾਨਾਂ ’ਤੇ ਔਰਤਾਂ ਦੇ ਦਾਖਲੇ ਨਾਲ ਜੁੜੇ ਕਥਿਤ ਵਿਤਕਰੇ ਅਤੇ ਵੱਖ-ਵੱਖ ਧਰਮਾਂ ’ਚ ਧਾਰਮਿਕ ਆਜ਼ਾਦੀ ਦੇ ਦਾਇਰੇ ਨਾਲ ਸਬੰਧਤ ਪਟੀਸ਼ਨਾਂ ’ਤੇ ਸੁਣਵਾਈ ਕਰ ਰਹੀ ਹੈ। ਸੁਣਵਾਈ ਦੀ ਸ਼ੁਰੂਆਤ ’ਚ ਕੇਂਦਰ ਵੱਲੋਂ ਸਾਲਿਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਸਵਾਲ ਕੀਤਾ ਕਿ ਅਦਾਲਤ ਇਹ ਕਿਵੇਂ ਤੈਅ ਕਰੇਗੀ ਕਿ ਕੋਈ ਪ੍ਰਥਾ ਅੰਧ-ਵਿਸ਼ਵਾਸ ’ਤੇ ਆਧਾਰਿਤ ਹੈ। ਉਨ੍ਹਾਂ ਕਿਹਾ ਕਿ ਮੰਨ ਲਓ ਕਿ ਕੋਈ ਪ੍ਰਥਾ ਅੰਧ-ਵਿਸ਼ਵਾਸ ’ਤੇ ਆਧਾਰਿਤ ਹੈ, ਤਾਂ ਵੀ ਇਹ ਤੈਅ ਕਰਨਾ ਅਦਾਲਤ ਦਾ ਕੰਮ ਨਹੀਂ ਹੈ। ਸੰਵਿਧਾਨ ਦੀ ਧਾਰਾ 25(2)(ਬੀ) ਤਹਿਤ ਇਹ ਕੰਮ ਵਿਧਾਇਕਾਂ ਦਾ ਹੈ ਕਿ ਉਹ ਸੁਧਾਰ ਲਈ ਕਾਨੂੰਨ ਬਣਾਏ। ਮਹਿਤਾ ਨੇ ਕਿਹਾ ਕਿ ਸੰਸਦ ਜਾਂ ਰਾਜ ਵਿਧਾਨ ਸਭਾਵਾਂ ਕਿਸੇ ਪ੍ਰਥਾ ਨੂੰ ਅੰਧ-ਵਿਸ਼ਵਾਸ ਮੰਨ ਕੇ ਉਸ ਦੇ ਖ਼?ਲਾਫ ਕਾਨੂੰਨ ਬਣਾ ਸਕਦੀਆਂ ਹਨ, ਜਿਵੇਂ ਕਾਲਾ ਜਾਦੂ ਰੋਕਣ ਨਾਲ ਜੁੜੇ ਕਾਨੂੰਨ। ਇਸ ’ਤੇ ਜਸਟਿਸ ਅਹਿਸਾਨੁਦੀਨ ਅਮਾਨੁੱਲਾ ਨੇ ਕਿਹਾ ਕਿ ਇਹ ਦਲੀਲ ਬਹੁਤ ਸੌਖੀ ਹੈ ਕਿਉਂਕਿ ਅਦਾਲਤ ਕੋਲ ਇਹ ਤੈਅ ਕਰਨ ਦਾ ਅਧਿਕਾਰ ਹੈ ਕਿ ਕੋਈ ਪ੍ਰਥਾ ਅੰਧ-ਵਿਸ਼ਵਾਸ ’ਤੇ ਆਧਾਰਿਤ ਹੈ ਜਾਂ ਨਹੀਂ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ ਕੀ ਕਦਮ ਚੁੱਕਣਾ ਹੈ, ਇਹ ਵਿਧਾਇਕਾ ਦੇਖ ਸਕਦੀ ਹੈ ਪਰ ਇਹ ਨਹੀਂ ਕਿਹਾ ਜਾ ਸਕਦਾ ਕਿ ਜੋ ਵਿਧਾਇਕਾ ਤੈਅ ਕਰੇ ਉਹੀ ਅੰਤਿਮ ਹੋਵੇਗਾ। ਇਸ ਤੋਂ ਬਾਅਦ ਮਹਿਤਾ ਨੇ ਕਿਹਾ ਕਿ ਇਕ ਧਰਮ-ਨਿਰਪੱਖ ਅਦਾਲਤ ਕਿਸੇ ਧਾਰਮਿਕ ਪ੍ਰਥਾ ਨੂੰ ਅੰਧ-ਵਿਸ਼ਵਾਸ ਨਹੀਂ ਕਹਿ ਸਕਦੀ, ਕਿਉਂਕਿ ਉਸ ਕੋਲ ਧਾਰਮਿਕ ਮਾਮਲਿਆਂ ’ਚ ਮੁਹਾਰਤ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਮਾਣਯੋਗ ਜੱਜ ਕਾਨੂੰਨ ਦੇ ਮਾਹਿਰ ਹਨ, ਧਰਮ ਦੇ ਨਹੀਂ। ਮਹਿਤਾ ਨੇ ਕਿਹਾ ਕਿ ਭਾਰਤ ਵਰਗੇ ਸਮਾਜ ’ਚ, ਇਕ ਪ੍ਰਥਾ ਜੋ ਚੀਜ਼ ਧਾਰਮਿਕ ਹੈ, ਉਹ ਦੂਜੀ ਜਗ?ਹਾ ਅੰਧ-ਵਿਸ਼ਵਾਸ ਮੰਨੀ ਜਾ ਸਕਦੀ ਹੈ। ਇਸ ਦੌਰਾਨ ਜਸਟਿਸ ਜੋਇਮਾਲਿਆ ਬਾਗਚੀ ਨੇ ਸਵਾਲ ਉਠਾਇਆ ਕਿ ਜੇਕਰ ਜਾਦੂ-ਟੂਣਾ ਕਿਸੇ ਧਰਮ ਦਾ ਹਿੱਸਾ ਦੱਸਿਆ ਜਾਵੇ, ਤਾਂ ਕੀ ਉਸ ਨੂੰ ਅੰਧ-ਵਿਸ਼ਵਾਸ ਨਹੀਂ ਮੰਨਿਆ ਜਾਵੇਗਾ? ਉਨ੍ਹਾਂ ਸਵਾਲ ਕੀਤਾ ਕਿ ਜੇਕਰ ਇਸ ਮਾਮਲੇ ’ਤੇ ਵਿਧਾਇਕਾ ਚੁੱਪ ਹੈ, ਤਾਂ ਕੀ ਅਦਾਲਤ ਜਨਤਕ ਵਿਵਸਥਾ, ਨੈਤਿਕਤਾ ਅਤੇ ਸਿਹਤ ਦੇ ਆਧਾਰ ’ਤੇ ਦਖ਼ਲ ਨਹੀਂ ਦੇ ਸਕਦੀ? ਇਸ ’ਤੇ ਮਹਿਤਾ ਨੇ ਜਵਾਬ ਦਿੱਤਾ ਕਿ ਅਦਾਲਤ ਸਮੀਖਿਆ ਕਰ ਸਕਦੀ ਹੈ ਪਰ ਇਹ ‘ਅੰਧ-ਵਿਸ਼ਵਾਸ’ ਦੇ ਆਧਾਰ ’ਤੇ ਨਹੀਂ, ਸਗੋਂ ‘ਸਿਹਤ, ਨੈਤਿਕਤਾ ਅਤੇ ਜਨਤਕ ਵਿਵਸਥਾ’ ਦੇ ਆਧਾਰ ’ਤੇ।

## ਰਾਹੁਲ ਗਾਂਧੀ ਦੀ ਕੇਰਲ ‘ਗੂਗਲੀ’

ਨੈਸ਼ਨਲ ਡੈਸਕ 11 ਅਪ੍ਰੈਲ। ਰਾਹੁਲ ਗਾਂਧੀ ਨੇ ਕੇਰਲ ’ਚ ਇਕ ਸਿਆਸੀ ‘ਗੂਗਲੀ’ ਸੁੱਟੀ, ਜਿੱਥੇ ਅੱਜ ਪੋਲਿੰਗ ਹੋਈ। ਉਨ੍ਹਾਂ ਐਲਾਨ ਕੀਤਾ ਕਿ ਜੇਕਰ ਕਾਂਗਰਸ ਇੱਥੇ ਸੱਤਾ ’ਚ ਆਉਂਦੀ ਹੈ, ਤਾਂ ਉਹ ਕਿਸੇ ਔਰਤ ਨੂੰ ਮੁੱਖ ਮੰਤਰੀ ਦੇ ਤੌਰ ’ਤੇ ਦੇਖਣਾ ਚਾਹੁਣਗੇ। ਇਸ ਟਿੱਪਣੀ ਨੇ ਤੁਰੰਤ ਹੀ ਚਰਚਾ ਦਾ ਰੁਖ ਬਦਲ ਦਿੱਤਾ। ਹਾਲਾਂਕਿ, ਇਹ ਗੱਲ ਭਾਵਨਾਵਾਂ ’ਚ ਲਿਪਟੀ ਹੋਈ ਸੀ। ਚੋਣ ਪ੍ਰਚਾਰ ਦੌਰਾਨ, ਰਾਹੁਲ ਨੇ ਆਪਣੇ ਹਾਲ ਦੇ ਇਕ ਅਨੁਭਵ ਨੂੰ ਯਾਦ ਕੀਤਾ, ਜਦੋਂ ਸੋਨੀਆ ਗਾਂਧੀ ਹਸਪਤਾਲ ’ਚ ਦਾਖਲ ਸਨ। ਉਨ੍ਹਾਂ ਕੇਰਲ ਦੀ ਇਕ ਨਰਸ ਦਾ ਜ਼ਿਕਰ ਕੀਤਾ, ਜਿਸ ਨੇ ਸੋਨੀਆ ਗਾਂਧੀ ਦੀ ਬਹੁਤ ਹੀ ਬਿਹਤਰੀਨ ਤਰੀਕੇ ਨਾਲ ਦੇਖਭਾਲ ਕੀਤੀ ਸੀ। ਇਸ ਕਹਾਣੀ ਰਾਹੀਂ, ਉਨ੍ਹਾਂ ਕੇਰਲ ਦੀਆਂ ਨਰਸਾਂ ਦੀ ਹਮਦਰਦੀ ਅਤੇ ਸਮਰਪਣ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ ਕਿ ਕੇਰਲ ਦੀ ਇਕ ਨਰਸ ਹਰ ਘੰਟੇ ਆ ਕੇ ਮੇਰੀ ਮਾਂ ਦੀ ਜਾਂਚ ਕਰਦੀ ਸੀ, ਉਨ੍ਹਾਂ ਅਣਗਿਣਤ ਪਰਿਵਾਰਾਂ ਨੂੰ ਉਨ੍ਹਾਂ ਦੇ ਸਭ ਤੋਂ ਮੁਸ਼ਕਲ ਸਮੇਂ ’ਚ ਸਹਾਰਾ ਦਿੱਤਾ ਹੈ। ਇਸ ਤੋਂ ਬਾਅਦ ਰਾਹੁਲ ਨੇ ਕਿਹਾ ਕਿ ਉਹ ਕੇਰਲ ’ਚ ਕਿਸੇ ਔਰਤ ਨੂੰ ਮੁੱਖ ਮੰਤਰੀ ਬਣਦੇ ਦੇਖਣ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ। ਫਿਰ ਵੀ, ਇਹ ਭਾਵਨਾਤਮਕ ਅਪੀਲ ਅਸਲ ਰਾਜਨੀਤੀ ਨੂੰ ਲੁਕਾ ਦਿੰਦੀ ਹੈ। ਇਸ ਬਿਆਨ ਨਾਲ ਕੇ. ਸੀ. ਵੇਣੂਗੋਪਾਲ, ਰਮੇਸ਼ ਚੇਨਿਥਲਾ ਅਤੇ ਵੀ. ਡੀ. ਸਤੀਸ਼ਨ ਵਰਗੇ ਸੀਨੀਅਰ ਨੇਤਾ ਬੇਚੈਨ ਹੋ ਗਏ ਹਨ। ਕੇਰਲ ’ਚ ਕਾਂਗਰਸ ਕੋਲ ਪ੍ਰਮੁੱਖ ਮਹਿਲਾ ਨੇਤਾਵਾਂ ਦੀ ਗਿਣਤੀ ਬਹੁਤ ਘੱਟ ਹੈ। ਆਪਣੀਆਂ 95 ਸੀਟਾਂ ਵਿਚੋਂ ਮੁਸ਼ਕਲ ਨਾਲ 8 ਜਾਂ 9 ਔਰਤ ਉਮੀਦਵਾਰਾਂ ਦੇ ਨਾਲ, ਇਹ ਤਸਵੀਰ ਵਾਅਦੇ ਨਾਲ ਮੇਲ ਨਹੀਂ ਖਾਂਦੀ। ਜਿਨ੍ਹਾਂ ਲੋਕਾਂ ਦੇ ਨਾਵਾਂ ’ਤੇ ਚਰਚਾ ਹੋ ਰਹੀ ਹੈ, ਉਨ੍ਹਾਂ ’ਚ ਸੰਸਦ ਮੈਂਬਰ ਹਿਬੀ ਈਡਨ ਵੀ ਸ਼ਾਮਲ ਹਨ, ਹਾਲਾਂਕਿ ਉਹ ਚੋਣ ਨਹੀਂ ਲੜ ਰਹੀ। ਸਾਬਕਾ ਸੰਸਦ ਮੈਂਬਰ ਅਤੇ ਦਲਿਤ ਨੇਤਾ ਰਮਿਆ ਹਰੀਦਾਸ ਤੋਂ ਇਲਾਵਾ, ਸ਼ਨੀਮੋਲ ਉਸਮਾਨ, ਬਿੰਦੂ ਕ੍ਰਿਸ਼ਨਾ ਅਤੇ ਉਮਾ ਥਾਮਸ ਦੇ ਨਾਵਾਂ ’ਤੇ ਵੀ ਚਰਚਾ ਹੋ ਰਹੀ ਹੈ।

## ਜੈਰਾਮ ਰਮੇਸ਼ ਨੇ ਕੇਂਦਰ ਸਰਕਾਰ ਨੂੰ ਘੇਰਿਆ, ਵਿਦੇਸ਼ ਨੀਤੀ ’ਤੇ ਖੜ੍ਹੇ ਕੀਤੇ ਵੱਡੇ ਸਵਾਲ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 11 ਅਪ੍ਰੈਲ। ਕਾਂਗਰਸ ਦੇ ਸੀਨੀਅਰ ਆਗੂ ਜੈਰਾਮ ਰਮੇਸ਼ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਵਿਦੇਸ਼ ਨੀਤੀ ਅਤੇ ਵਿਅਕਤੀਗਤ ਡਿਪਲੋਮੇਸੀ ’ਤੇ ਤਿੱਖਾ ਨਿਸ਼ਾਨਾ ਸਾਧਿਆ ਹੈ। ਪੱਛਮੀ ਏਸ਼ੀਆ ਵਿੱਚ ਅਮਰੀਕਾ-ਇਜ਼ਰਾਈਲ ਅਤੇ ਈਰਾਨ ਵਿਚਕਾਰ ਹੋਈ ਦੋ ਹਫ਼ਤਿਆਂ ਦੀ ਜੰਗਬੰਦੀ ਦਾ ਸਵਾਗਤ ਕਰਦਿਆਂ ਰਮੇਸ਼ ਨੇ ਕਿਹਾ ਕਿ ਇਸ ਘਟਨਾਕ੍ਰਮ ਨੇ ਭਾਰਤ ਦੇ ਕਥਿਤ ’ਵਿਸ਼ਵ ਗੁਰੂ’ ਦੇ ਅਕਸ ਨੂੰ ਪੂਰੀ ਤਰ੍ਹਾਂ ਬੇਨਕਾਬ ਕਰ ਦਿੱਤਾ ਹੈ। ਜੈਰਾਮ ਰਮੇਸ਼ ਅਨੁਸਾਰ, ਪੱਛਮੀ ਏਸ਼ੀਆ ਵਿੱਚ ਇਹ ਸੰਘਰਸ਼ 28 ਫਰਵਰੀ ਨੂੰ ਈਰਾਨ ਦੇ ਸ਼ਾਸਨ ਦੀ ਚੋਟੀ ਦੀ ਲੀਡਰਸ਼ਿਪ ਦੀ ਹੱਤਿਆ ਨਾਲ ਸ਼ੁਰੂ ਹੋਇਆ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਘਟਨਾਵਾਂ ਪ੍ਰਧਾਨ ਮੰਤਰੀ ਮੋਦੀ ਦੇ ਇਜ਼ਰਾਈਲ ਦੌਰੇ ਦੇ ਖਤਮ ਹੋਣ ਤੋਂ ਠੀਕ ਦੋ ਦਿਨ ਬਾਅਦ ਸ਼ੁਰੂ ਹੋਈਆਂ। ਉਨ੍ਹਾਂ ਦੋਸ਼ ਲਾਇਆ ਕਿ ਪੀਐੱਮ ਮੋਦੀ ਨੇ ਗਾਜ਼ਾ ਵਿੱਚ ਹੋਏ ਕਤਲੇਆਮ ਜਾਂ ਪੱਛਮੀ ਕੰਢੇ ਵਿੱਚ ਇਜ਼ਰਾਈਲ ਦੀਆਂ ਵਿਸਥਾਰਵਾਦੀ ਨੀਤੀਆਂ ’ਤੇ ਚੁੱਪ ਧਾਰੀ ਰੱਖੀ, ਜਿਸ ਨਾਲ ਵਿਸ਼ਵ ਪੱਧਰ ’ਤੇ ਭਾਰਤ ਦੇ ਅਕਸ ਨੂੰ ਠੇਸ ਪਹੁੰਚੀ ਹੈ। ਰਮੇਸ਼ ਨੇ ਇਸ ਗੱਲ ’ਤੇ ਵੀ ਚਿੰਤਾ ਜ਼ਾਹਿਰ ਕੀਤੀ ਕਿ ਇਸ ਜੰਗਬੰਦੀ ਵਿੱਚ ਪਾਕਿਸਤਾਨ ਨੇ ਇੱਕ ਵਿਚੋਲੇ ਵਜੋਂ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਪੀਐੱਮ ਮੋਦੀ ਦੀ ਪਾਕਿਸਤਾਨ ਨੂੰ ਵਿਸ਼ਵ ਪੱਧਰ ’ਤੇ ਅਲੱਗ-ਥਲੱਗ ਕਰਨ ਦੀ ਰਣਨੀਤੀ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਇੱਕ ਅਜਿਹਾ ਦੇਸ਼ ਜੋ ਆਰਥਿਕ ਤੌਰ ’ਤੇ ਕੰਗਾਲ ਹੈ ਅਤੇ ਦਾਨ ’ਤੇ ਨਿਰਭਰ ਹੈ, ਉਸਦਾ ਅਜਿਹੀ ਅਹਿਮ ਭੂਮਿਕਾ ਨਿਭਾਉਣਾ ਭਾਰਤ ਦੀ ਡਿਪਲੋਮੈਟਿਕ ਰਣਨੀਤੀ ’ਤੇ ਗੰਭੀਰ ਸਵਾਲ ਖੜ੍ਹੇ ਕਰਦਾ ਹੈ। ਕਾਂਗਰਸੀ ਆਗੂ ਨੇ ’ਆਪ੍ਰੇਸ਼ਨ ਸਿੰਦੂਰ’ ਨੂੰ ਅਚਾਨਕ ਬੰਦ ਕੀਤੇ ਜਾਣ ਦੇ ਫੈਸਲੇ ’ਤੇ ਵੀ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ 10 ਮਈ 2025 ਨੂੰ ਇਸ ਆਪ੍ਰੇਸ਼ਨ ਨੂੰ ਕਿਉਂ ਰੋਕਿਆ ਗਿਆ, ਇਸ ਬਾਰੇ ਪ੍ਰਧਾਨ ਮੰਤਰੀ ਜਾਂ ਉਨ੍ਹਾਂ ਦੀ ਟੀਮ ਨੇ ਕਦੇ ਸਪੱਸ਼ਟ ਨਹੀਂ ਕੀਤਾ, ਜਦਕਿ ਅਮਰੀਕਾ ਇਸ ਦਾ ਕ੍ਰੈਡਿਟ ਲੈ ਰਿਹਾ ਹੈ। ਉਨ੍ਹਾਂ ਪੀਐੱਮ ਮੋਦੀ ’ਤੇ ਨਿੱਜੀ ਹਮਲਾ ਕਰਦਿਆਂ ਕਿਹਾ ਕਿ ਇਜ਼ਰਾਈਲ ਦੀ ਹਮਲਾਵਰਤਾ ਅਤੇ ਵ?ਹਾਈਟ ਹਾਊਸ ਤੋਂ ਆ ਰਹੀ ਅਪਮਾਨਜਨਕ ਭਾਸ਼ਾ ’ਤੇ ਉਨ੍ਹਾਂ ਦੀ ਚੁੱਪੀ ਉਨ੍ਹਾਂ ਦੀ ’ਬੁਜ਼ਦਿਲੀ’ ਨੂੰ ਦਰਸਾਉਂਦੀ ਹੈ।




# ਸਾਡੀ ਜਨਗਣਨਾ ਸਾਡਾ ਵਿਕਾਸ

गृह मंत्रालय भारत सरकार | सत्यमेव जयते

CENSUS OF INDIA 2027 | जनगणना से जन कल्याण

(ਜਨਗਣਨਾ 2027 ਦਾ ਪਹਿਲਾ ਚਰਣ)

ਸਵ-ਗਣਨਾ (Self-Enumeration) ਤੋਂ ਜੁੜੇ ਸਧਾਰਣ ਪ੍ਰਸ਼ਨ ਅਤੇ ਉੱਤਰ (ਭਾਗ-2)

### ਸਵ-ਗਣਨਾ ਕੀ ਹੈ?

ਸਵ-ਗਣਨਾ ਇਕ ਔਨਲਾਈਨ ਪ੍ਰਕ੍ਰਿਆ ਹੈ ਜਿਸ ’ਚ ਤੁਸੀਂ ਪ੍ਰਗਣਕ ਦਾ ਇੰਤਜ਼ਾਰ ਕੀਤੇ ਬਿਨਾ, ਆਪ SE ਪੋਰਟਲ (SE.census.gov.in) ’ਤੇ ਆਪਣੇ ਪਰਿਵਾਰ ਦੀ ਜਾਣਕਾਰੀ ਭਰ ਸਕਦੇ ਹੋ



**ਸਵ-ਗਣਨਾ ਦੇ ਕੀ ਲਾਭ ਹਨ?**
- ਆਪਣੀ ਸੁਵਿਧਾ ਤੋਂ ਜਾਣਕਾਰੀ ਭਰ ਸਕਦੇ ਹੋ
- ਗੋਪਨੀਅਤਾ ਸੁਨਿਸ਼ਚਿਤ
- ਜਨਗਣਨਾ ਪ੍ਰਕ੍ਰਿਆ ਨੂੰ ਤੇਜ਼ ਅਤੇ ਕੁਸ਼ਲ ਬਣਾਉਂਦੀ ਹੈ

**ਸਵ-ਗਣਨਾ ਪੋਰਟਲ ’ਚ ਲੱਗ-ਇਨ ਕਿਵੇਂ ਕਰੋ?**
- ਰਾਜ/ਸੰਘ ਰਾਜ ਖੇਤਰ ਚੁਣੋ
- ਮੁਖਿਆ ਦਾ ਨਾਮ, ਮੋਬਾਈਲ ਨੰਬਰ ਅਤੇ ਈਮੇਲ (ਵੈਕਲਪਿਕ) ਭਰੋ
- OTP ਦਵਾਰਾ ਪੁਸ਼ਟੀ ਕਰੋ
- ਸਵ-ਗਣਨਾ ਸ਼ੁਰੂ ਕਰੋ

**ਆਪਣੇ ਘਰ ਦਾ ਸਹੀ ਸਥਾਨ ਕਿਵੇਂ ਚਿਨ੍ਹਿਤ ਕਰੋ?**
- ਜ਼ਿਲ੍ਹਾ/ਪਿਨਕੋਡ ਚੁਣੋ
- ਖੇਤਰ/ਲੈਂਡਮਾਰਕ ਦਰਜ ਕਰੋ
- ਮੈਪ ’ਤੇ ਜ਼ੂਮ ਕਰੋ ਅਤੇ ਘਰ ਦੇ ਨੇੜੇ ਲੋਕੇਸ਼ਨ ਮਾਰਕ ਕਰੋ (ਸਟੀਕ ਪਤਾ ਨਾ ਦਿਖਾਉਣ ’ਤੇ ਘਬਰਾਓ ਨਹੀਂ)
- ਸਹੀ ਲੋਕੇਸ਼ਨ ਚਿਨ੍ਹਿਤ ਕਰਨਾ ਜ਼ਰੂਰੀ ਹੈ

**ਕੀ ਮੈਂ ਆਪਣੀ ਜਾਣਕਾਰੀ ਬਾਦ ’ਚ ਸੰਸ਼ੋਧਿਤ ਕਰ ਸਕਦਾ ਹਾਂ/ਸਕਦੀ ਹਾਂ?**
- ਸਬਮਿਟ ਕਰਨ ਤੋਂ ਪਹਿਲਾਂ ਐਡਿਟ ਕਰ ਸਕਦੇ ਹੋ
- ਸਬਮਿਸ਼ਨ ਦੇ ਬਾਦ, ਪ੍ਰਗਣਕ ਦੇ ਆਉਣ ’ਤੇ ਹੀ ਬਦਲਾਵ ਸੰਭਵ ਹੋਵੇਗਾ

**ਕੀ ਸਵ-ਗਣਨਾ (SE) ਪੋਰਟਲ ਨੂੰ ਭਾਰਤ ਦੇ ਬਾਹਰ ਤੋਂ ਐਕਸੇਸ ਕੀਤਾ ਜਾ ਸਕਦਾ ਹੈ?**
ਨਹੀਂ, ਇਹ ਸੁਵਿਧਾ ਕੇਵਲ ਭਾਰਤ ਦੀ ਭੌਗੋਲਿਕ ਸੀਮਾ ਦੇ ਅੰਦਰ ਉਪਲਬਧ ਹੈ

**ਅਗਰ ਸਬਮਿਸ਼ਨ ਦੇ ਬਾਦ ਗਲਤੀ ਪਤਾ ਲੱਗੇ ਤਾਂ ਕੀ ਕਰੀਏ?**
ਪ੍ਰਗਣਕ ਦੇ ਆਉਣ ਤੇ SEID ਦੇ ਨਾਲ ਸੁਧਾਰ ਕਰਵਾਇਆ ਜਾ ਸਕਦਾ ਹੈ

**ਕੀ ਮੈਂ ਫੌਰਮ ਸੇਵ ਕਰਕੇ ਬਾਦ ’ਚ ਪੂਰਾ ਕਰ ਸਕਦਾ/ਸਕਦੀ ਹਾਂ?**
ਹਾਂ ਤੁਸੀਂ ਪ੍ਰੋਗਰੇਸ ਸੇਵ ਕਰ ਸਕਦੇ ਹੋ ਅਤੇ ਨਿਰਧਾਰਿਤ ਸਮੇਂ ਦੇ ਅੰਦਰ ਫੌਰਮ ਪੂਰਾ ਕਰ ਸਕਦੇ ਹੋ

ਟੋਲ ਫ੍ਰੀ - 1855

CBC 19108/13/0009/2627

ਚਲੋ ਨਿਭਾਓ ਆਪਣੀ ਜ਼ਿੰਮੇਦਾਰੀ, ਕਰੋ ਜਨਗਣਨਾ ’ਚ ਭਾਗੀਦਾਰੀ

CensusIndia2027

# ਜਲੰਧਰ ਪੁਲਸ ਵੱਲੋਂ ਨਸ਼ਿਆਂ ਵਿਰੁੱਧ ਵੱਡੀ ਕਾਰਵਾਈ

**ਕੌਮੀ ਪਤ੍ਰਿਕਾ**

ਜਲੰਧਰ 11 ਅਪ੍ਰੈਲ। ਪੰਜਾਬ ਨੂੰ ਨਸ਼ਾ-ਮੁਕਤ ਬਣਾਉਣ ਲਈ ਚੱਲ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਦੇ ਅਧੀਨ ਲਗਾਤਾਰ ਕਾਰਵਾਈ ਜਾਰੀ ਰੱਖਦੇ ਹੋਏ ਕਮਿਸ਼ਨਰੇਟ ਪੁਲਿਸ ਜਲੰਧਰ ਵੱਲੋਂ ਬੀਤੇ ਤਿੰਨ ਦਿਨਾਂ ਅੰਦਰ ਨਸ਼ਿਆਂ ਖ਼ਿਲਾਫ਼ ਸ਼ਹਿਰ ਵਿਚ ਵੱਖ-ਵੱਖ ਕਾਰਵਾਈਆਂ ਕੀਤੀਆਂ ਗਈਆਂ। ਜਿਸ ਦੌਰਾਨ 19 ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ 348.24 ਗ੍ਰਾਮ ਹੈਰੋਇਨ, 65 ਨਸ਼ੀਲੀਆਂ ਗੋਲੀਆਂ ਅਤੇ 2 ਕਾਰਾਂ ਬਰਾਮਦ ਕੀਤੀਆਂ ਗਈਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ, ਪੁਲਸ ਕਮਿਸ਼ਨਰ ਜਲੰਧਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਨਸ਼ਿਆਂ ਵਿਰੁੱਧ ਸਖ਼ਤ ਕਾਰਵਾਈ ਜਾਰੀ ਰੱਖਦੇ ਹੋਏ ਪਿਛਲੇ ਤਿੰਨ ਦਿਨਾਂ ਦੌਰਾਨ ਕਮਿਸ਼ਨਰੇਟ ਜਲੰਧਰ ਦੇ ਵੱਖ-ਵੱਖ ਥਾਣਿਆਂ ਦੀਆਂ ਪੁਲਿਸ ਟੀਮਾਂ ਨੇ ਜੀ.ਓ. ਅਫ਼ਸਰਾਂ ਦੀ ਨਿਗਰਾਨੀ ਹੇਠ ਕਈ ਸ਼ੱਕੀ ਥਾਵਾਂ 'ਤੇ ਨਾਕਾਬੰਦੀ ਅਤੇ ਛਾਪੇਮਾਰੀਆਂ ਕੀਤੀਆਂ। ਜਿਸ ਦੌਰਾਨ ਪੁਲਿਸ ਟੀਮਾਂ ਵਲੋਂ 19 ਦੋਸ਼ੀ , ਜੋ ਨਸ਼ੀਲੀਆਂ ਗਤੀਵਿਧੀਆਂ ਵਿਚ ਸ਼ਾਮਲ ਸਨ, ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਖ਼ਿਲਾਫ਼ NDPS ਐਕਟ ਅਧੀਨ 12 ਮੁਕੱਦਮੇ ਦਰਜ ਕਰਕੇ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ। ਪੁਲਿਸ ਵੱਲੋਂ ਗ੍ਰਿਫ਼ਤਾਰ ਦੋਸ਼ੀਆਂ ਦੇ ਕਬਜ਼ੇ ਵਿੱਚੋਂ 348.24 ਗ੍ਰਾਮ ਹੈਰੋਇਨ ਅਤੇ 65 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ।



ਇਨ੍ਹਾਂ ਮੁਲਜ਼ਮਾਂ ਵਿਚ ਕੁੱਝ ਦੋਸ਼ੀ ਅਜਿਹੇ ਹਨ ਜੋ ਪਹਿਲਾਂ ਵੀ ਨਸ਼ੇ ਦੇ ਕਾਰੋਬਾਰ ਨਾਲ ਜੁੜੇ ਰਹੇ ਹਨ। ਇਸ ਕਾਰਵਾਈ ਦੌਰਾਨ, ਪੁਲਿਸ ਟੀਮ ਥਾਣਾ ਰਾਮਾ ਮੰਡੀ ਵੱਲੋਂ ਇਕ ਪੋਲੋ ਕਾਰ ਨੰਬਰੀ 2084ɔ7600 ਕਬਜ਼ੇ ਵਿਚ ਲਈ ਗਈ ਹੈ। ਸੀ.ਪੀ. ਜਲੰਧਰ ਨੇ ਦੱਸਿਆ ਕਿ ਇਨ੍ਹਾਂ ਕਾਰਵਾਈਆਂ ਦੌਰਾਨ ਹੀ ਪੁਲਸ ਟੀਮ ਨੇ ਥਾਣਾ ਡਵੀਜ਼ਨ ਨੰ.7 ਵਿਚ ਨਸ਼ਿਆਂ ਖ਼ਿਲਾਫ਼ ਸਫਲਤਾ ਹਾਸਲ ਕਰਦਿਆਂ 1 ਦੋਸ਼ੀ ਨੂੰ 10 ਗ੍ਰਾਮ ਹੈਰੋਇਨ ਨਾਲ ਗ੍ਰਿਫ਼ਤਾਰ ਕੀਤਾ ਸੀ। ਦੋਸ਼ੀ ਤੋਂ ਪੁੱਛ-ਗਿੱਛ ਦੌਰਾਨ ਉਸ ਦੇ ਅਗਲੇ-ਪਿਛਲੇ ਲਿੰਕਾਂ ਦੀ ਪੜਤਾਲ ਕਰਕੇ ਇਸ ਡਰੱਗ ਨੈੱਟਵਰਕ ਨਾਲ ਜੁੜੇ ਹੋਰ 6 ਦੋਸ਼ੀਆ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਿਹਨਾਂ ਦੇ ਕਬਜ਼ੇ ਵਿਚੋਂ ਹੋਰ 281 ਗ੍ਰਾਮ ਹੈਰੋਇਨ ਅਤੇ ਇੱਕ ਅਲਟੋ ਕਾਰ ਨੰਬਰੀ 219-8-9864 ਬਰਾਮਦ ਕੀਤੀ ਗਈ। ਇਸ ਤੋਂ ਇਲਾਵਾ, ਨਸ਼ਾ ਵੇਚਣ ਵਾਲਿਆਂ ਦੇ ਖ਼?ਲਾਫ਼ ਕਾਰਵਾਈ ਕਰਨ ਦੇ ਨਾਲ-ਨਾਲ ਨਸ਼ਾ ਕਰਨ ਦੇ ਆਦੀ ਵਿਆਕਤੀਆ ਦੇ ਪੁਨਰਵਾਸ ਦਾ ਵੀ ਧਿਆਨ ਰੱਖਿਆ ਜਾ ਰਿਹਾ ਹੈ ਜਿਸਦੇ ਤਹਿਤ ਕੁੱਲ 17 ਵਿਅਕਤੀਆਂ ਨੂੰ ਨਸ਼ਾ ਛੁਡਾਉਣ ਲਈ ਨਸ਼ਾ ਛੁਡਾਊ ਕੇਂਦਰਾ ਵਿਚ ਦਾਖਲ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਅਜਿਹੀਆਂ ਕਾਰਵਾਈਆਂ ਡਰੱਗ ਮਾਫੀਆ ਲਈ ਇਕ ਸਖ਼ਤ ਸੰਦੇਸ਼ ਹਨ ਕਿ ਨਸ਼ਿਆਂ ਦੇ ਨੈੱਟਵਰਕ ਨਾਲ ਜੁੜੇ ਵਿਅਕਤੀਆਂ ਦੀ ਪੜਤਾਲ ਕਰਕੇ ਉਨ੍ਹਾਂ ਖ਼ਿਲਾਫ਼ ਬਣਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਪੁਲਸ ਕਮਿਸ਼ਨਰ ਨੇ ਕਿਹਾ ਕਿ ਅਜਿਹੀਆਂ ਕਾਰਵਾਈਆਂ ਭਵਿੱਖ ਵਿਚ ਵੀ ਜਾਰੀ ਰਹਿਣਗੀਆਂ, ਤਾਂ ਜੋ ਪੰਜਾਬ ਵਿਚੋਂ ਨਸ਼ਿਆਂ ਨੂੰ ਜੜ ਤੋਂ ਖਤਮ ਕੀਤਾ ਜਾ ਸਕੇ।

## ਸੂਬੇ ਦੇ ਸੰਵੇਦਨਸ਼ੀਲ ਸਥਾਨਾਂ 'ਤੇ ਪੰਪ, ਐਚਡੀਪੀਈ ਪਾਈਪ ਅਤੇ ਮਸ਼ੀਨਰੀ ਤੁਰੰਤ ਤੈਨਾਤ ਕੀਤੇ ਜਾਣ: ਸ਼ਰੁਤੀ ਚੌਧਰੀ

ਚੰਡੀਗੜ੍ਹ, 11 ਅਪ੍ਰੈਲ। ਹਰਿਆਣਾ ਦੀ ਸਿੰਚਾਈ ਅਤੇ ਜਲ ਸਰੋਤ ਮੰਤਰੀ ਸ਼ਰੂਤੀ ਚੌਧਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਸੂਬੇ ਦੇ ਸੰਵੇਦਨਸ਼ੀਲ ਸਥਾਨਾਂ 'ਤੇ ਪੰਪ, ਐਚਡੀਪੀਈ ਪਾਈਪ ਅਤੇ ਮਸ਼ੀਨਰੀ ਤੁਰੰਤ ਤਾਇਨਾਤ ਕੀਤੀ ਜਾਵੇ ਅਤੇ ਸਬੰਧਤ ਅਧਿਕਾਰ ਖੇਤਰਾਂ ਵਿੱਚ ਡਰੇਨਾਂ, ਡੈਮਾਂ, ਨਹਿਰਾਂ ਅਤੇ ਡੁੱਬੇ ਖੇਤਰਾਂ ਦੀ 24 ਘੰਟੇ ਨਿਗਰਾਨੀ ਯਕੀਨੀ ਬਣਾਈ ਜਾਵੇ। ਸਿੰਚਾਈ ਅਤੇ ਜਲ ਸਰੋਤ ਮੰਤਰੀ ਸ਼ਰੂਤੀ ਚੌਧਰੀ ਅੱਜ ਇੱਥੇ ਵੀਡੀਓ ਕਾਨਫਰੰਸ ਰਾਹੀਂ ਸੂਬੇ ਦੇ ਸਾਰੇ ਮੁੱਖ ਇੰਜੀਨੀਅਰਾਂ, ਮੁੱਖ ਇੰਜੀਨੀਅਰਾਂ, ਸੁਪਰਡੈਂਟ ਇੰਜੀਨੀਅਰਾਂ / ਕਾਰਜਕਾਰੀ ਇੰਜੀਨੀਅਰਾਂ ਨਾਲ ਹੜ੍ਹ ਤਿਆਰੀ ਅਤੇ ਡਰੇਨੇਜ ਪ੍ਰਬੰਧਨ ਉਪਾਵਾਂ 'ਤੇ ਜ਼ਿਲ੍ਹਾ ਪੱਧਰੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਅਧਿਕਾਰੀਆਂ ਨੂੰ ਹਦਾਇਤ ਕਰਦੇ ਹੋਏ ਉਨ੍ਹਾਂ ਕਿਹਾ ਕਿ ਜੇਕਰ ਪੰਪਾਂ ਅਤੇ ਐਚਡੀਪੀਈ ਪਾਈਪਾਂ ਦੀ ਘਾਟ ਹੈ, ਤਾਂ ਅਧਿਕਾਰੀ ਜਾਂ ਤਾਂ ਉਨ੍ਹਾਂ ਨੂੰ ਲੋਕ ਨਿਰਮਾਣ ਵਿਭਾਗ ਦੇ ਨਿਯਮਾਂ ਅਨੁਸਾਰ ਤੁਰੰਤ ਖਰੀਦਣ ਜਾਂ ਲੋੜ ਅਨੁਸਾਰ ਹੋਰ ਡਿਵੀਜ਼ਨਾਂ ਤੋਂ ਪ੍ਰਬੰਧ ਕਰਨ। ਜੇਕਰ ਪੰਪ ਜਾਂ ਪਾਈਪ ਖਰੀਦਣੇ ਪੈਂਦੇ ਹਨ, ਤਾਂ ਉਨ੍ਹਾਂ ਨੂੰ ਸਬੰਧਤ ਜ਼ਿਲ੍ਹੇ ਦੇ ਡੀਸੀ ਰੇਟ ਅਨੁਸਾਰ ਖਰੀਦਿਆ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਐਮਰਜੈਂਸੀ ਕੰਟਰੋਲ ਬੈਗ (ਈਸੀ ਬੈਗ) ਅਤੇ ਹੋਰ ਜ਼ਰੂਰੀ ਸਮੱਗਰੀ ਬਿਨਾਂ ਦੇਰੀ ਦੇ ਸਾਰੀਆਂ ਮਹੱਤਵਪੂਰਨ ਥਾਵਾਂ 'ਤੇ ਉਪਲਬਧ ਕਰਵਾਈ ਜਾਣੀ ਚਾਹੀਦੀ ਹੈ। ਸਿੰਚਾਈ ਅਤੇ ਜਲ ਸਰੋਤ ਮੰਤਰੀ ਨੇ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਸਾਰੇ ਮੁੱਖ ਇੰਜੀਨੀਅਰ ਅਤੇ ਮੁੱਖ ਇੰਜੀਨੀਅਰ ਆਪਣੇ-ਆਪਣੇ ਖੇਤਰਾਂ ਦਾ ਨਿੱਜੀ ਤੌਰ 'ਤੇ ਦੌਰਾ ਕਰਨ ਅਤੇ ਨਿਰੀਖਣ ਕਰਨ। ਨਾਲ ਹੀ, ਸਾਰੇ ਸੁਪਰਡੈਂਟ ਇੰਜੀਨੀਅਰ (ਐਸਈ) ਅਤੇ ਕਾਰਜਕਾਰੀ ਇੰਜੀਨੀਅਰ (ਐਕਸਈਐਨ) ਨੂੰ ਆਪਣੇ-ਆਪਣੇ ਮਾਣਯੋਗ ਵਿਧਾਇਕਾਂ ਅਤੇ ਅਧਿਕਾਰੀਆਂ ਨਾਲ ਨਿਰੰਤਰ ਸੰਪਰਕ ਵਿੱਚ ਰਹਿਣਾ ਚਾਹੀਦਾ ਹੈ। ਉਨ੍ਹਾਂ ਸਾਰੇ ਸੁਪਰਡੈਂਟ ਇੰਜੀਨੀਅਰਾਂ ਅਤੇ ਕਾਰਜਕਾਰੀ ਇੰਜੀਨੀਅਰਾਂ ਨੂੰ ਨਿਰੰਤਰ ਚੌਕਸੀ ਬਣਾਈ ਰੱਖਣ ਅਤੇ ਆਪਣੀਆਂ ਟੀਮਾਂ ਦੀ ਤਿਆਰੀ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਇਹ ਵੀ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਸਾਰੇ ਫੀਲਡ ਸਟਾਫ ਨੂੰ ਕਿਸੇ ਵੀ ਐਮਰਜੈਂਸੀ ਸਥਿਤੀ ਨਾਲ ਤੁਰੰਤ ਨਜਿੱਠਣ ਲਈ ਪੂਰੀ ਤਰ੍ਹਾਂ ਸੁਚੇਤ ਰਹਿਣਾ ਹੋਵੇਗਾ।

## ਤਿੰਨ ਮੰਜ਼ਿਲਾ ਬਿਲਡਿੰਗ 'ਚ ਲੱਗੀ ਭਿਆਨਕ ਅੱਗ, ਬਜ਼ੁਰਗ ਔਰਤ ਦੇ ਅੰਦਰ ਫਸੇ ਹੋਣ ਦਾ ਖਦਸ਼ਾ

ਨੈਸ਼ਨਲ ਡੈਸਕ, ਨੈਨੀਤਾਲ 11 ਅਪ੍ਰੈਲ। ਬੁੱਧਵਾਰ ਦੇਰ ਰਾਤ ਨੈਨੀਤਾਲ ਵਿੱਚ ਇੱਕ ਬਿਲਡਿੰਗ



ਵਿੱਚ ਭਿਆਨਕ ਅੱਗ ਲੱਗ ਗਈ। ਜਿਸ ਇਲਾਕੇ ਵਿੱਚ ਅੱਗ ਲੱਗੀ, ਉਹ ਸੰਘਣੀ ਆਬਾਦੀ ਵਾਲਾ ਇਲਾਕਾ ਹੈ। ਅੱਗ 'ਤੇ ਕਾਬੂ ਪਾਉਣ ਲਈ ਕਈ ਫਾਇਰ ਬ੍ਰਿਗੇਡ ਗੱਡੀਆਂ ਮੌਕੇ 'ਤੇ ਪਹੁੰਚ ਗਈਆਂ ਹਨ। ਬਿਲਡਿੰਗ ਵਿੱਚ ਇੱਕ ਬਜ਼ੁਰਗ ਔਰਤ ਦੇ ਫਸੇ ਹੋਣ ਦਾ ਖਦਸ਼ਾ ਹੈ। ਅੱਗ 'ਤੇ ਕਾਬੂ ਪਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਜਾਣਕਾਰੀ ਅਨੁਸਾਰ, ਸ਼ਹਿਰ ਦੇ ਮੱਲੀਤਾਲ ਮੋਹਨਕੋ ਚੌਰਾਹੇ 'ਤੇ ਸਥਿਤ ਇੱਕ ਤਿੰਨ ਮੰਜ਼ਿਲਾ ਬਿਲਡਿੰਗ ਵਿੱਚ ਅਣਜਾਣ ਕਾਰਨਾਂ ਕਰਕੇ ਅੱਗ ਲੱਗ ਗਈ। ਅੱਗ ਨੇ ਕੁਝ ਹੀ ਸਮੇਂ ਵਿੱਚ ਭਿਆਨਕ ਰੂਪ ਧਾਰਨ ਕਰ ਲਿਆ ਅਤੇ ਰਾਹਗੀਰਾਂ ਵਿੱਚ ਭਾਜੜ ਮਚ ਗਈ। ਸੂਚਨਾ ਤੋਂ ਬਾਅਦ ਫਾਇਰ ਵਿਭਾਗ ਦੇ ਕਰਮਚਾਰੀ ਮੌਕੇ 'ਤੇ ਪਹੁੰਚ ਗਏ ਅਤੇ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਹਾਲਾਂਕਿ, ਭਿਆਨਕ ਅੱਗ ਕਾਰਨ ਇਸ 'ਤੇ ਕਾਬੂ ਪਾਉਣਾ ਇੱਕ ਚੁਣੌਤੀ ਬਣਿਆ ਹੋਇਆ ਹੈ। ਇਹ ਵੀ ਖਦਸ਼ਾ ਹੈ ਕਿ ਇੱਕ ਬਜ਼ੁਰਗ ਔਰਤ ਵੀ ਇਮਾਰਤ ਦੇ ਅੰਦਰ ਫਸੀ ਹੋਈ ਹੈ। ਦੱਸਣਯੋਗ ਹੈ ਕਿ ਬੁੱਧਵਾਰ ਰਾਤ ਨੂੰ ਮੋਹਨਕੋ ਚੌਂਕ 'ਤੇ ਰੈਸਟੋਰੈਂਟ ਸੰਚਾਲਕਾਂ ਨੇ ਸਾਹਮਣੇ ਵਾਲੀ ਪੁਰਾਣੀ ਇਮਾਰਤ ਤੋਂ ਅੱਗ ਦੀਆਂ ਲਪਟਾਂ ਅਤੇ ਧੂੰਆਂ ਉੱਠਦਾ ਦੇਖਿਆ। ਇਮਾਰਤ ਦੇ ਅੰਦਰ ਲੋਕਾਂ ਦੇ ਹੋਣ ਦੇ ਡਰੋਂ ਰੈਸਟੋਰੈਂਟ ਸੰਚਾਲਕ ਆਸਿਫ ਅਲੀ, ਪਵਨ ਜਾਟਵ ਨੇ ਹੋਰ ਨੌਜਵਾਨਾਂ ਨਾਲ ਮਿਲ ਕੇ ਇਮਾਰਤ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ, ਪਰ ਅੰਦਰ ਧੂੰਏਂ ਅਤੇ ਅੱਗ ਦੀਆਂ ਲਪਟਾਂ ਕਾਰਨ ਉਹ ਸਫਲ ਨਹੀਂ ਹੋ ਸਕੇ। ਇਸ ਦੌਰਾਨ ਅੱਗ ਨੇ ਕੁਝ ਹੀ ਸਮੇਂ ਵਿੱਚ ਭਿਆਨਕ ਰੂਪ ਧਾਰਨ ਕਰ ਲਿਆ ਜਿਸ ਕਾਰਨ ਮੌਕੇ 'ਤੇ ਹਫੜਾ-ਦਫੜੀ ਮਚ ਗਈ। ਸੂਚਨਾ ਮਿਲਣ 'ਤੇ ਫਾਇਰ ਵਿਭਾਗ ਦੀ ਟੀਮ ਦੋ ਗੱਡੀਆਂ ਦੀ ਮਦਦ ਨਾਲ ਅੱਗ ਬੁਝਾਉਣ ਦੀ ਕੋਸ਼ਿਸ਼ ਕਰ ਰਹੀ ਸੀ ਪਰ ਅੱਗ ਬਹੁਤ ਭਿਆਨਕ ਹੋਣ ਕਾਰਨ ਇਸ 'ਤੇ ਕਾਬੂ ਪਾਉਣਾ ਇੱਕ ਚੁਣੌਤੀ ਬਣਿਆ ਹੋਇਆ ਸੀ।

## ਪੰਜਾਬੀ ਗਾਇਕ ਪੰਮੀ ਬਾਈ ਦਵਾਈਆਂ ਅਤੇ ਡਾਕਟਰ ਲੈ ਕੇ ਪਹੁੰਚੇ ਹੜ ਪ੍ਰਭਾਵਿਤ ਲੋਕਾਂ ਦੀ ਮਦਦ

ਅਜਨਾਲਾ, 11 ਅਪ੍ਰੈਲ। ਹੜ੍ਹ ਦੀ ਮਾਰ ਹੇਠ ਆਏ ਅਜਨਾਲਾ ਇਲਾਕੇ ਵਿੱਚ ਰਾਹਤ ਦੇ ਕੰਮ ਵਿੱਚ ਸਰਕਾਰ ਦੇ ਨਾਲ ਨਾਲ ਸਮਾਜ ਸੇਵੀ ਜਥੇਬੰਦੀਆਂ ਅਤੇ ਨਾਮੀ ਸ਼ਖਸ਼ੀਅਤਾਂ ਵੀ ਯੋਗਦਾਨ ਪਾ ਰਹੀਆਂ ਹਨ। ਅੱਜ ਪੰਜਾਬੀ ਗਾਇਕ ਪੰਮੀ ਬਾਈ ਅਤੇ ਉਹਨਾਂ ਦੀ ਟੀਮ ਚਮਿਆਰੀ ਤੇ ਸੁਧਾਰ ਦੇ ਇਲਾਕੇ ਵਿੱਚ ਦਵਾਈਆਂ ਅਤੇ ਡਾਕਟਰ ਲੈ ਕੇ ਪੀੜਤਾਂ ਦੀ ਮਦਦ ਲਈ ਪੁੱਜੇ। ਇਸ ਮੌਕੇ ਗੱਲਬਾਤ ਕਰਦੇ ਪੰਮੀ ਬਾਈ ਨੇ ਦੱਸਿਆ ਕਿ ਮੀਡੀਏ ਤੋਂ ਖਬਰਾਂ ਪੜ ਸੁਣ ਕੇ ਹਰ ਪੰਜਾਬੀ ਦਾ ਦਿਲ ਪਿਘਲਿਆ ਹੈ, ਚਾਹੇ ਉਹ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਬੈਠਾ ਹੈ ਉਹ ਆਪਣੇ ਲੋਕਾਂ ਦੀ ਮਦਦ ਕਰਨ ਲਈ ਤਤਪਰ ਹੈ। ਉਹਨਾਂ ਕਿਹਾ ਕਿ ਅਸੀਂ ਆਪਣੀ ਆ ਰਹੀ ਫਿਲਮ ÷ਚੱਕ 35÷ ਦੀ ਟੀਮ ਵੱਲੋਂ ਇਸ ਇਲਾਕੇ ਦੇ ਵਿੱਚ ਪ੍ਰਭਾਵਿਤ ਲੋਕਾਂ ਲਈ ਲੋੜੀਦੀਆਂ ਦਵਾਈਆਂ ਅਤੇ ਫੀਮੇਲ ਡਾਕਟਰ ਲੈ ਕੇ ਆਏ ਹਾਂ ਤਾਂ ਜੋ ਕਿਸੇ ਵੀ ਬਿਮਾਰ ਔਰਤ ਦੀ ਮਦਦ ਕੀਤੀ ਜਾ ਸਕੇ। ਉਹਨਾਂ ਕਿਹਾ ਕਿ ਪੰਜਾਬ ਗੁਰੂਆਂ ਦੇ ਨਾਂ ਤੇ ਵੱਸਦਾ ਹੈ ਅਤੇ ਸਾਰੇ ਪੰਜਾਬੀ ਇਸ ਦੁੱਖ ਨੂੰ ਆਪਣਾ ਦੁੱਖ ਵਜੋਂ ਵੇਖ ਰਹੇ ਹਨ, ਸੋ ਅਸੀਂ ਆਪਣਾ ਫਰਜ਼ ਪਛਾਣਦੇ ਹੋਏ ਪਹੁੰਚੇ ਹਾਂ ਕਿਸੇ ਉੱਤੇ ਅਹਿਸਾਨ ਨਹੀਂ ਹੈ। ਇਸ ਮੌਕੇ ਡਿਪਟੀ ਕਮਿਸ਼ਨਰ ਸ਼੍ਰੀਮਤੀ ਸਾਕਸ਼ੀ ਸਾਹਨੀ ਨੇ ਪੰਮੀ ਬਾਈ ਸਮੇਤ ਮਦਦ ਲਈ ਪਹੁੰਚ ਰਹੇ ਸਾਰੇ ਗਾਇਕਾਂ, ਕਲਾਕਾਰਾਂ, ਸੰਸਥਾਵਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਅਸੀਂ ਤਾਂ ਕੇਵਲ ਇੱਕ ਜ਼ਰੀਆ ਹਾਂ, ਅਸੀਂ ਲੋੜਵੰਦ ਲਈ 16 ਸਥਾਨਾਂ ਉੱਤੇ ਰਾਹਤ ਕੈਂਪ ਚਲਾਏ ਹਨ, ਜਿੱਥੇ ਰਾਹਤ ਆ ਰਹੀ ਹੈ ਅਤੇ ਅੱਗੇ ਲੋੜਵੰਦਾਂ ਨੂੰ ਦਿੱਤੀ ਜਾ ਰਹੀ ਹੈ।

## ਟਰੈਕਟਰ ਉੱਤੇ ਚੜ੍ਹ ਪ੍ਰਭਾਵਿਤ ਲੋਕਾਂ ਦੀ ਸਾਰ ਲੈਣ ਪੁੱਜੇ ਡਿਪਟੀ ਕਮਿਸ਼ਨਰ ਅਤੇ ਜਿਲਾ ਪੁਲਿਸ ਮੁਖੀ

ਅਜਨਾਲਾ, 11 ਅਪ੍ਰੈਲ। ਰਾਵੀ ਦੀ ਸਭ ਤੋਂ ਵੱਧ ਮਾਰ ਹੇਠ ਆਏ ਇਲਾਕੇ ਜੋ ਕਿ ਰਮਦਾਸ ਤੋਂ ਵੀ ਅੱਗੇ ਦੇ ਪਿੰਡ ਹਨ, ਵਿੱਚ ਰਹਿ ਰਹੇ ਲੋਕਾਂ ਦੀ ਸਾਰ ਲੈਣ ਲਈ ਅੱਜ ਡਿਪਟੀ ਕਮਿਸ਼ਨਰ ਸ੍ਰੀਮਤੀ ਸਾਕਸ਼ੀ ਸਾਹਨੀ ਅਤੇ ਜਿਲ੍ਹਾ ਪੁਲਿਸ ਮੁੱਖੀ ਸ ਮਨਿੰਦਰ ਸਿੰਘ ਟਰੈਕਟਰ ਉੱਤੇ ਚੜ੍ਹ ਕੇ ਪੁੱਜੇ। ਇਸ ਮੌਕੇ ਉਹਨਾਂ ਨਾਲ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਰੋਹਿਤ ਗੁਪਤਾ, ਐਸਡੀਐਮ ਅਜਨਾਲਾ ਸ੍ਰੀ ਰਵਿੰਦਰ ਸਿੰਘ, ਸ੍ਰੀ ਖੁਸ਼ਹਾਲ ਸਿੰਘ ਧਾਲੀਵਾਲ, ਸੈਕਟਰੀ ਰੈਡ ਕਰਾਸ ਸ੍ਰੀ ਸੈਮਸਨ ਮਸੀਹ ਅਤੇ ਰਾਹਤ ਕੰਮਾਂ ਵਿੱਚ ਲੱਗੇ ਹੋਰ ਅਧਿਕਾਰੀ ਵੀ ਸਨ। ਉਕਤ ਟੀਮ ਨੇ ਨੰਗੇ ਪੈਰੀਂ ਪਾਣੀ ਵਿੱਚ ਕਈ ਕਿਲੋਮੀਟਰ ਤੁਰ ਕੇ ਅੜਾਇਆ, ਬਉਲੀ, ਮੌਲੀ ਆਦਿ ਪਿੰਡਾਂ ਅਤੇ ਡੇਰਿਆਂ ਉੱਤੇ ਰਹਿ ਰਹੇ ਲੋਕਾਂ ਤੱਕ ਪਹੁੰਚ ਕੀਤੀ। ਉਹਨਾਂ ਨੇ ਲੋਕਾਂ ਦੀ ਸਿਹਤ ਦਾ ਹਾਲ ਜਾਣਿਆ ਅਤੇ ਉਹਨਾਂ ਦੇ ਘਰ, ਬਾਹਰ , ਪਸ਼ੂ ਡੰਗਰ ਦੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ । ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਾਡੀਆਂ ਟੀਮਾਂ ਹਰ ਵੇਲੇ ਇਹਨਾਂ ਲੋਕਾਂ ਦੀ ਮਦਦ ਲਈ ਇਥੇ ਤਾਇਨਾਤ ਹਨ, ਜਿੰਨਾ ਵਿੱਚ ਡਾਕਟਰ ਅਤੇ ਪਸ਼ੂਆਂ ਦੇ ਮਾਹਰ ਵੀ ਸ਼ਾਮਿਲ ਹਨ। ਡਿਪਟੀ ਕਮਿਸ਼ਨਰ ਨੇ ਉਹ ਲੋਕ ਜਿਨਾਂ ਦੇ ਘਰਾਂ ਨੂੰ ਜਿਆਦਾ ਨੁਕਸਾਨ ਹੋਇਆ ਹੈ, ਨੂੰ ਵਿਸ਼ੇਸ਼ ਤੌਰ ਉੱਤੇ ਰਾਹਤ ਕੈਂਪਾਂ ਵਿੱਚ ਪਹੁੰਚਣ ਦੀ ਅਪੀਲ ਕੀਤੀ ਤਾਂ ਜੋ ਕੋਈ ਜਾਨੀ ਨੁਕਸਾਨ ਨਾ ਹੋਵੇ। ਉਹਨਾਂ ਨੇ ਕਿਹਾ ਕਿ ਇਹ ਉਹ ਲੋਕ ਹਨ ਜੋ ਆਪਣੇ ਘਰਾਂ ਦੀ ਰਾਖੀ ਜਾਂ ਹੋਰ ਲੋੜਾਂ ਕਾਰਨ ਪਾਣੀ ਵਿੱਚ ਘਿਰੇ ਹੋਣ ਦੇ ਬਾਵਜੂਦ ਘਰ ਖਾਲੀ ਕਰਕੇ ਨਹੀਂ ਜਾ ਸਕੇ । ਉਹਨਾਂ ਨੇ ਅਧਿਕਾਰੀਆਂ ਨੂੰ ਇਨਾਂ ਲੋਕਾਂ ਦੀਆਂ ਲੋੜਾਂ ਦਾ ਵਿਸ਼ੇਸ਼ ਖਿਆਲ ਰੱਖਣ ਦੀ ਹਦਾਇਤ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਦੇ 140 ਪਿੰਡ ਹੜਾਂ ਨਾਲ ਪ੍ਰਭਾਵਿਤ ਹੋਏ ਹਨ, ਜਿਨਾਂ ਵਿੱਚ ਲਗਭਗ ਇਕ ਲੱਖ 17 ਹਜਾਰ ਤੋਂ ਵੱਧ ਆਬਾਦੀ ਪ੍ਰਭਾਵਿਤ ਹੋਈ ਹੈ। ਉਹਨਾਂ ਦੱਸਿਆ ਕਿ ਹੁਣ ਤੱਕ ਤਿੰਨ ਮਨੁੱਖੀ ਜਾਨਾਂ ਹੜਾਂ ਦੀ ਲਪੇਟ ਵਿੱਚ ਆਈਆਂ ਹਨ। ਇਸ ਤੋਂ ਇਲਾਵਾ 6 ਪਸ਼ੂਆਂ ਦੇ ਮਰਨ, 73 ਘਰਾਂ ਦੇ ਢਹੇ ਜਾਣ, ਲਗਭਗ 23 ਹਜਾਰ ਹੈਕਟੇਅਰ ਫਸਲ ਬਰਬਾਦ ਹੋਣ ਅਤੇ ਖੇਤੀ ਮਸ਼ੀਨਰੀ ਨੁਕਸਾਨੀ ਜਾਣ ਜਾਂ ਰੁੜਨ ਦੀਆਂ ਰਿਪੋਰਟਾਂ ਮਿਲੀਆਂ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੜ ਪ੍ਰਭਾਵਿਤ ਇਲਾਕੇ ਵਿੱਚ 16 ਰਾਹਤ ਕੈਂਪ ਚਲਾਏ ਜਾ ਰਹੇ ਹਨ, ਜਿੱਥੋਂ ਲੋੜਵੰਦਾਂ ਨੂੰ ਲੋੜੀਂਦੀਆਂ ਵਸਤਾਂ ਦਿੱਤੀਆਂ ਜਾ ਰਹੀਆਂ ਹਨ, ਪਸ਼ੂਆਂ ਦਾ ਚਾਰਾ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਡਾਕਟਰੀ ਟੀਮਾਂ ਇੱਥੇ ਮਨੁੱਖਾਂ ਅਤੇ ਪਸ਼ੂਆਂ ਦਾ ਇਲਾਜ ਕਰ ਰਹੀਆਂ ਹਨ। ਉਹਨਾਂ ਨੇ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਕੁਦਰਤੀ ਆਫਤ ਨਾਲ ਜੋ ਨੁਕਸਾਨ ਹੋਣਾ ਸੀ, ਉਹ ਤਾਂ ਅਸੀਂ ਨਹੀਂ ਬਚਾਅ ਸਕੇ ਪਰ ਭਵਿੱਖ ਵਿੱਚ ਕਿਸੇ ਤਰ੍ਹਾਂ ਦੀ ਲਾਪਰਵਾਹੀ ਨਾਲ ਕੋਈ ਨੁਕਸਾਨ ਨਾ ਹੋਵੇ। ਉਹਨਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਕਿਸੇ ਵੀ ਸੰਕਟ ਵੇਲੇ ਜ਼ਿਲ੍ਹਾ ਹੈਲਪ ਲਾਈਨ ਨੰਬਰ 0183-2229125 ਉੱਤੇ ਫੋਨ ਕਰਨ ਤਾਂ ਜੋ ਉਹਨਾਂ ਦੀ ਸਹਾਇਤਾ ਕੀਤੀ ਜਾ ਸਕੇ।

## ਮੁੰਡੇ ਨੂੰ ਅਚਾਨਕ ਪਾਣੀ 'ਚ ਖਿੱਚ ਲੈ ਗਿਆ ਮਗਰਮੱਛ ! ਸਹਿਮ 'ਚ ਪੂਰਾ ਇਲਾਕਾ

ਵੈੱਬ ਡੈਸਕ 11 ਅਪ੍ਰੈਲ। ਉੱਤਰ ਪ੍ਰਦੇਸ਼ ਦੇ ਬਹਿਰਾਈਚ ਜ਼ਿਲ੍ਹੇ ਦੇ ਕਟਾਰਨੀਆਘਾਟ ਜੰਗਲੀ ਖੇਤਰ 'ਚ ਨੇਪਾਲ ਸਰਹੱਦ ਨਾਲ ਲੱਗਦੇ ਅੰਬਾ ਪਿੰਡ 'ਚ ਬੁੱਧਵਾਰ ਦੇਰ ਸ਼ਾਮ ਨੂੰ ਇੱਕ ਮਗਰਮੱਛ ਨੇ ਗੇਰੂਆ ਨਦੀ ਦੇ ਕੰਢੇ ਘਾਹ ਕੱਟ ਰਹੇ 14 ਸਾਲਾ ਲੜਕੇ ਨੂੰ ਪਾਣੀ 'ਚ ਘਸੀਟ ਲਿਆ। ਹੁਣ ਤੱਕ ਲੜਕੇ ਦਾ ਕੋਈ ਪਤਾ ਨਹੀਂ ਲੱਗ ਸਕਿਆ ਹੈ। ਘਟਨਾ ਸਮੇਂ ਅਨਿਲ (14) ਆਪਣੀ ਮਾਸੀ ਨਾਲ ਘਾਹ ਕੱਟ ਰਿਹਾ ਸੀ ਜਦੋਂ ਮਗਰਮੱਛ ਨੇ ਉਸਨੂੰ ਦਬੋਚ ਲਿਆ ਤੇ ਪਾਣੀ 'ਚ ਖਿੱਚ ਲਿਆ। ਇਸ ਹਾਦਸੇ ਨਾਲ ਨੇੜਲੇ ਪਰਿਵਾਰ ਅਤੇ ਗੁਆਂਢੀਆਂ ਵਿੱਚ ਦਹਿਸ਼ਤ ਫੈਲ ਗਈ। ਸਥਾਨਕ ਲੋਕਾਂ ਨੇ ਤੁਰੰਤ ਬਚਾਅ ਕਾਰਜ ਸ਼ੁਰੂ ਕਰ ਦਿੱਤੇ। ਸੂਚਨਾ ਮਿਲਣ ਤੋਂ ਬਾਅਦ ਐੱਸਐੱਚਓ ਸੁਜੌਲੀ, ਪ੍ਰਕਾਸ਼ ਚੰਦਰ ਸ਼ਰਮਾ ਤੇ ਡਿਪਟੀ ਰੇਂਜਰ ਮਯੰਕ ਪਾਂਡੇ ਆਪਣੀ ਟੀਮ ਨਾਲ ਮੌਕੇ 'ਤੇ ਪਹੁੰਚ ਗਏ। ਜੰਗਲਾਤ ਵਿਭਾਗ ਦੀ ਟੀਮ ਨੇ



ਸਥਾਨਕ ਲੋਕਾਂ ਦੀ ਮਦਦ ਨਾਲ ਬਚਾਅ ਕਾਰਜ ਸ਼ੁਰੂ ਕੀਤਾ ਅਤੇ ਕਿਸ਼ੋਰ ਨੂੰ ਨਦੀ 'ਚ ਲੱਭਣ ਦੀਆਂ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ। ਬਚਾਅ ਕਾਰਜ ਰਾਤ ਨੂੰ ਵੀ ਜਾਰੀ ਰਿਹਾ ਤਾਂ ਜੋ ਪਾਣੀ 'ਚ ਲੁਕੇ ਖ਼ਤਰੇ ਨੂੰ ਖਤਮ ਕੀਤਾ ਜਾ ਸਕੇ। ਵੀਰਵਾਰ ਸਵੇਰੇ ਵੀ ਜੰਗਲਾਤ ਵਿਭਾਗ ਦੀ ਟੀਮ ਅਤੇ ਸਥਾਨਕ ਲੋਕ ਮੌਕੇ 'ਤੇ ਮੌਜੂਦ ਸਨ, ਪਰ ਸਵੇਰੇ 8 ਵਜੇ ਤੱਕ ਅਨਿਲ ਦਾ ਪਤਾ ਨਹੀਂ ਲੱਗ ਸਕਿਆ। ਪਰਿਵਾਰਕ ਮੈਂਬਰਾਂ ਦਾ ਕਹਿਣਾ ਹੈ ਕਿ ਉਹ ਆਪਣੇ ਪੁੱਤਰ ਦੀ ਸੁਰੱਖਿਆ ਲਈ ਬੇਤਾਬ ਹਨ ਅਤੇ ਪ੍ਰਸ਼ਾਸਨ ਤੋਂ ਹਰ ਸੰਭਵ ਮਦਦ ਦੀ ਉਮੀਦ ਕਰ ਰਹੇ ਹਨ। ਸਥਾਨਕ ਪ੍ਰਸ਼ਾਸਨ ਨੇ ਦਰਿਆ ਕਿਨਾਰੇ ਇਲਾਕੇ 'ਚ ਚੌਕਸੀ ਵਧਾ ਦਿੱਤੀ ਹੈ ਅਤੇ ਅੱਗੇ ਦੀ ਰਣਨੀਤੀ 'ਤੇ ਵਿਚਾਰ ਕੀਤਾ ਜਾ ਰਿਹਾ ਹੈ ਤਾਂ ਜੋ ਅਜਿਹੇ ਹਾਦਸੇ ਦੁਬਾਰਾ ਵਾਪਰਨ ਤੋਂ ਰੋਕੇ ਜਾ ਸਕਣ। ਜੰਗਲਾਤ ਵਿਭਾਗ ਦੇ ਅਧਿਕਾਰੀ ਨੇ ਕਿਹਾ ਕਿ ਇਸ ਇਲਾਕੇ ਵਿੱਚ ਮਗਰਮੱਛਾਂ ਕਾਰਨ ਖ਼ਤਰਾ ਹੈ ਅਤੇ ਲੋਕਾਂ ਨੂੰ ਸਾਵਧਾਨ ਰਹਿਣ ਦੀ ਲੋੜ ਹੈ। ਉਨ੍ਹਾਂ ਨੇ ਨਾਗਰਿਕਾਂ ਨੂੰ ਦਰਿਆ 'ਚ ਨਾ ਜਾਣ ਤੇ ਬੱਚਿਆਂ ਨੂੰ ਦਰਿਆ ਕਿਨਾਰੇ ਇਕੱਲੇ ਨਾ ਜਾਣ ਦੇਣ ਦੀ ਅਪੀਲ ਕੀਤੀ ਹੈ ਤਾਂ ਜੋ ਅਜਿਹੀਆਂ ਘਟਨਾਵਾਂ ਤੋਂ ਬਚਿਆ ਜਾ ਸਕੇ।

## ਸਪਲਾਈ ਚੇਨ ਨਿਰੰਤਰ ਚਾਲੂ ਰੱਖਣ ਲਈ ਵਰ੍ਹਦੇ ਮੀਂਹ ਵਿੱਚ ਡਟੀ ਐਸ ਪੀ ਅਮਨਦੀਪ ਕੌਰ

ਅੰਮ੍ਰਿਤਸਰ, 11 ਅਪ੍ਰੈਲ। ਪੰਜਾਬ ਦੇ ਕਿਸੇ ਵੀ ਇਲਾਕੇ ਵਿੱਚੋਂ ਆਓ ਅੰਮ੍ਰਿਤਸਰ ਜ਼ਿਲ੍ਹੇ ਦੇ ਹੜ ਪ੍ਰਭਾਵਿਤ ਇਲਾਕੇ ਵਿੱਚ ਪਹੁੰਚਣ ਲਈ ਤੁਹਾਨੂੰ ਅੰਮ੍ਰਿਤਸਰ ਸ਼ਹਿਰ ਵਿੱਚੋਂ ਹੀ ਗੁਜਰਨਾ ਪੈਂਦਾ ਹੈ। ਅੰਮ੍ਰਿਤਸਰ, ਜੋ ਕਿ ਵੱਡਾ ਸ਼ਹਿਰ ਹੁਣ ਕਾਰਨ ਆਵਾਜਾਈ ਦੀ ਸਮੱਸਿਆ ਨਾਲ ਦੋ-ਚਾਰ ਹੁੰਦਾ ਰਹਿੰਦਾ ਹੈ, ਵਿੱਚੋਂ ਰਾਹਤ ਸਮਗਰੀ ਵਾਲੇ ਟਰੱਕ ਟਰਾਲੀਆਂ ਨੂੰ, ਦਿਨ ਵੇਲੇ ਲੰਘਾਉਣਾ ਇੱਕ ਵੱਡੀ ਚੁਣੌਤੀ ਹੈ ਅਤੇ ਇਸ ਚੁਣੌਤੀ ਨੂੰ ਸਵੀਕਾਰ ਕੀਤਾ ਹੈ ਐਸਪੀ ਟਰੈਫਿਕ ਅਮਨਦੀਪ ਕੌਰ ਨੇ। ਪੁਲਿਸ ਕਮਿਸ਼ਨਰ ਸ ਗੁਰਪ੍ਰੀਤ ਸਿੰਘ ਭੁੱਲਰ ਵੱਲੋਂ ਇਸ ਅਹਿਮ ਕਾਰਜ ਦੀ ਜ਼ਿੰਮੇਵਾਰੀ ਉਹਨਾਂ ਨੂੰ ਸੌਂਪੀ ਗਈ ਹੈ। ਅਮਨਦੀਪ ਕੌਰ, ਜੋ ਕਿ ਲੋਕਾਂ ਵਿੱਚ ਪਹਿਲਾਂ ਵੀ ÷ਲੇਡੀ ਸਿੰਘਮ÷ ਕਰਕੇ ਜਾਣੇ ਜਾਂਦੇ ਹਨ, ਸ਼ਹਿਰ ਦੀਆਂ ਲੋੜਾਂ ਅਤੇ ਸਮੱਸਿਆਵਾਂ ਨੂੰ ਜਾਣਦੇ ਹੋਏ ਇਸ ਵੇਲੇ ਇਹ ਜ਼ਿੰਮੇਵਾਰੀ ਨਿਭਾ ਰਹੇ ਹਨ ਕਿ ਪੰਜਾਬ ਭਰ ਵਿੱਚੋਂ ਰਾਹਤ ਲਈ ਆਉਣ ਵਾਲੇ ਟਰੱਕ, ਟਰਾਲੀਆਂ ਅਤੇ ਹੋਰ ਵੱਡੇ ਸਾਧਨ ਬਿਨਾਂ ਕਿਸੇ ਰੁਕਾਵਟ ਦੇ ਹੜ ਪੀੜਿਤ ਇਲਾਕਾ, ਜੋ ਕਿ ਅਜਨਾਲਾ ਤੇ ਰਮਦਾਸ ਦੀ ਬੈਲਟ ਹੈ, ਵਿੱਚ ਪਹੁੰਚਦੇ ਰਹਿਣ। ਪਿਛਲੇ ਕਈ ਦਿਨਾਂ ਤੋਂ ਚੱਲ ਰਿਹਾ ਮੀਂਹ ਅਤੇ ਲਗਾਤਾਰ ਬਰਸਾਤ ਕਰਨ ਟੁੱਟੀਆਂ ਸੜਕਾਂ ਰੁਕਾਵਟ ਪਾਉਣ ਦੇ ਯਤਨ ਕਰ ਰਹੀਆਂ ਹਨ ਪਰ ਉਹ ਬਿਨਾਂ ਥਕੇ ਇਹ ਡਿਊਟੀ ਨਿਭਾਅ ਰਹੇ ਹਨ। ਵੱਲਾ ਬਾਈਪਾਸ ਉੱਪਰ ਬਣ ਰਹੇ ਪੁੱਲ ਕਾਰਨ ਲੱਗਦੇ ਜਾਮ, ਗੁੰਮਟਾਲਾ ਬਾਈਪਾਸ, ਫਤਿਹਗੜ੍ਹ ਚੂੜੀਆਂ ਚੌਂਕ ਤੋਂ ਟਰੈਫਿਕ ਨੂੰ ਲੰਘਾਉਣਾ ਇਸ ਵੇਲੇ ਉਹਨਾਂ ਦੀ ਵੱਡੇ ਚੁਣੌਤੀ ਹੈ। ਦੱਸਣ ਯੋਗ ਹੈ ਕਿ ਕੁਝ ਦਿਨ ਪਹਿਲਾਂ ਜਦ ਅੰਮ੍ਰਿਤਸਰ ਪੁਲਿਸ ਨੇ ਰਾਹਤ ਕਾਰਜਾਂ ਲਈ ਤਿੰਨ ਟਰੱਕ ਰਾਹਤ ਸਮਗਰੀ ਦੇ ਭੇਜੇ ਸਨ ਤਾਂ ਵੀ ਅਮਨਦੀਪ ਕੌਰ ਦੀ ਅਗਵਾਈ ਹੇਠ ਹੀ ਟੀਮ ਨੇ ਸੁਧਾਰ ਅਤੇ ਨਾਨੋਕੇ ਦੇ ਪਿੰਡਾਂ ਵਿੱਚ ਜਾ ਕੇ ਇਹ ਰਾਹਤ ਸਮੱਗਰੀ ਆਪਣੇ ਹੱਥੀ ਵੰਡੀ ਸੀ।

# ਨਗਰ ਨਿਗਮ ਦੀ ਵੱਡੀ ਕਾਰਵਾਈ, ਅਧਿਕਾਰੀਆਂ ਨੂੰ ਦਿੱਤੇ ਹੁਕਮ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 11 ਅਪ੍ਰੈਲ। ਨਗਰ ਨਿਗਮ ਦੇ ਕਮਿਸ਼ਨਰ ਬਿਕਰਮਜੀਤ ਸਿੰਘ ਸ਼ੇਰਗਿਲ ਦੇ ਦਿਸ਼ਾ-ਨਿਰਦੇਸ਼ਾ 'ਤੇ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਵਲੋਂ ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਇਸ ਦੌਰਾਨ ਵਧੀਕ ਕਮਿਸ਼ਨਰ ਵਲੋਂ ਸ਼ਹਿਰ ਦੀ ਬਿਹਤਰ ਸਫਾਈ ਵਿਵਸਥਾ ਲਈ ਸਿਹਤ ਵਿਭਾਗ ਦੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਆਪਣੇ ਡਿਊਟੀ ਸਮੇਂ ਤੋਂ ਉੱਪਰ ਉਠ ਕੇ ਹਰ ਸਭੰਵ ਉਪਰਾਲਾ ਕਰਨ ਲਈ ਹਦਾਇਤਾਂ ਕੀਤੀਆਂ ਗਈਆਂ। ਇਸ ਤੋਂ ਇਲਾਵਾ ਸ਼ਹਿਰ ਵਿਚ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ 'ਤੇ ਮੁਕੰਮਲ ਪਾਬੰਦੀ ਲਾਉਣ ਲਈ ਸ਼ਹਿਰ ਵਾਸੀਆਂ ਨੂੰ ਜਾਗਰੂਕ ਕਰਨ ਅਤੇ ਚਲਾਨ ਕੱਟਣ ਦੀ ਕਾਰਵਾਈ ਕਰਨ ਲਈ ਕਿਹਾ ਗਿਆ। ਮੀਟਿੰਗ ਦੌਰਾਨ ਅਧਿਕਾਰੀਆਂ ਵਲੋਂ ਦੱਸਿਆ ਗਿਆ ਕਿ ਸਾਰੇ ਇਲਾਕਾ ਚੀਫ ਸੈਨੇਟਰੀ ਇੰਸਪੈਕਟਰ ਅਤੇ ਸੈਨੇਟਰੀ ਇੰਸਪੈਕਟਰ ਆਪਣੇ-ਆਪਣੇ ਇਲਾਕੇ ਵਿਚ ਰੋਜ਼ਾਨਾ ਸਫਾਈ ਵਿਵਸਥਾ ਬਣਾ ਕੇ ਰੱਖਣ ਲਈ ਸਟਾਫ ਵਲੋਂ ਕੀਤੇ ਜਾ ਰਹੇ ਕੰਮ ਦੀ ਨਿਗਰਾਨੀ ਕਰਦੇ ਹਨ ਅਤੇ ਨਾਲ ਹੀ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਕਰਨ ਵਾਲੇ ਵਿਅਕਤੀਆਂ ਦੇ ਚਲਾਨ ਕੱਟ ਕੇ ਜੁਰਮਾਨਾ ਪਾਇਆ ਜਾ ਰਿਹਾ ਹੈ। ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਨੇ ਦੱਸਿਆ ਕਿ ਨਵ-ਨਿਯੁਕਤ ਕਮਿਸ਼ਨਰ ਬਿਕਰਮਜੀਤ ਸਿੰਘ ਸ਼ੇਰਗਿਲ ਦੀ ਮੁੱਖ ਤਰਜੀਹ ਸ਼ਹਿਰ ਦੀ ਬਿਹਤਰ ਸਫਾਈ ਵਿਵਸਥਾ ਅਤੇ ਸਿੰਗਲ ਯੂਜ਼



ਪਲਾਸਟਿਕ ਦੇ ਲਿਫਾਫਿਆ ਦੀ ਵਰਤੋਂ 'ਤੇ ਮੁਕੰਮਲ ਪਾਬੰਦੀ ਲਾਉਣਾ ਹੈ। ਰੋਜ਼ਾਨਾ ਲੱਖਾਂ ਯਾਤਰੀ ਅਤੇ ਸ਼ਰਧਾਲੂ ਇਸ ਪਵਿੱਤਰ ਨਗਰੀ ਦੇ ਦਰਸ਼ਨਾਂ ਲਈ ਆਉਂਦੇ ਹਨ, ਇਸ ਲਈ ਨਗਰ ਨਿਗਮ ਅੰਮ੍ਰਿਤਸਰ ਦੀ ਇਹ ਜ਼ਿੰਮੇਵਾਰੀ ਹੈ ਕਿ ਸ਼ਹਿਰ ਦੀਆਂ ਸਾਰੀਆਂ ਸੜਕਾਂ ਦੀ ਬਕਾਇਦਾ ਸਾਫ-ਸਫਾਈ ਹੋਵੇ ਅਤੇ ਕੂੜੇ ਦੀ ਲਿਫਟਿੰਗ ਕੀਤੀ ਜਾਵੇ, ਤਾਂ ਜੋ ਆਉਣ ਵਾਲੇ ਯਾਤਰੀਆਂ ਨੂੰ ਅੰਮ੍ਰਿਤਸਰ ਦੀ ਦਿੱਖ ਸੁੰਦਰ ਨਜ਼ਰ ਆਵੇ ਅਤੇ ਉਹ ਆਪਣੇ ਨਾਲ ਸ਼ਹਿਰ ਦਾ ਸਾਫ-ਸੁਥਰਾ ਅਕਸ ਲੈ ਕੇ ਜਾਣ। ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਦੀਆ ਹਦਾਇਤਾਂ ਅਨੁਸਾਰ ਸ਼ਹਿਰ ਵਿਚ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਦੀ ਪਾਬੰਦੀ ਲਈ ਵਿਸ਼ੇਸ਼ ਅਭਿਆਨ ਚਲਾਇਆ ਜਾ ਰਿਹਾ ਹੈ, ਜਿਸ ਤਹਿਤ ਸਿਹਤ ਵਿਭਾਗ ਵਲੋਂ ਰੋਜ਼ਾਨਾ ਚਲਾਨ ਕੱਟੇ ਜਾ ਰਹੇ ਹਨ ਤੇ ਸਾਮਾਨ ਜ਼ਬਤ ਕਰ ਕੇ ਜੁਰਮਾਨਾ ਪਾਇਆ ਜਾਂਦਾ ਹੈ ਪਰ ਇਸ ਦੇ ਬਾਵਜੂਦ ਲੋਕਾਂ ਵਲੋਂ ਅਜੇ ਵੀ ਇਸ ਦੀ ਵਰਤੋਂ ਕੀਤੀ ਜਾ ਰਹੀ ਹੈ । ਇਹ ਪਤਾ ਹੋਣਾ ਚਾਹੀਦਾ ਹੈ ਕਿ ਪਲਾਸਟਿਕ ਦੇ ਲਿਫ਼ਾਫ਼?ਆਂ ਦੇ ਨਾਲ ਹੀ ਸੀਵਰੇਜ ਸਿਸਟਮ ਖਰਾਬ ਹੁੰਦਾ ਹੈ ਅਤੇ ਜਾਨਵਰਾਂ ਲਈ ਵੀ ਨੁਕਸਾਨ ਦਾਇਕ ਹੈ ਇਸ ਲਈ ਸਾਨੂੰ ਇਸ ਦੀ ਮੁਕੰਮਲ ਪਾਬੰਦੀ ਲਾਜ਼ਮੀ ਹੈ। ਵਧੀਕ ਕਮਿਸ਼ਨਰ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕੀ ਸ਼ਹਿਰ ਦੀ ਸਫਾਈ ਵਿਵਸਥਾ ਨੂੰ ਬਣਾਈ ਰੱਖਣ ਲਈ ਨਗਰ ਨਿਗਮ ਦਾ ਸਹਿਯੋਗ ਕੀਤਾ ਜਾਵੇ ਅਤੇ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਬੰਦ ਕੀਤੀ ਜਾਵੇ।

## ਸਰਕਾਰ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਮੰਗਾਂ ਪ੍ਰਤੀ ਸੰਵੇਦਨਸ਼ੀਲ ਹੈ: ਕ੍ਰਿਸ਼ਨ ਲਾਲ ਪੰਵਾਰ

ਚੰਡੀਗੜ੍ਹ, 11 ਅਪ੍ਰੈਲ। ਹਰਿਆਣਾ ਦੇ ਵਿਕਾਸ ਅਤੇ ਪੰਚਾਇਤ ਮੰਤਰੀ ਸ਼੍ਰੀ ਕ੍ਰਿਸ਼ਨ ਲਾਲ ਪੰਵਾਰ ਨੇ ਕਿਹਾ ਕਿ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਪ੍ਰਤੀ ਸਰਕਾਰ ਦਾ ਰਵੱਈਆ ਹਮੇਸ਼ਾ ਸਕਾਰਾਤਮਕ ਅਤੇ ਸੰਵੇਦਨਸ਼ੀਲ ਰਿਹਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਮੰਗਾਂ 'ਤੇ ਹਮਦਰਦੀ ਨਾਲ ਵਿਚਾਰ ਕਰਕੇ ਹੱਲ ਲਈ ਠੋਸ ਕਦਮ ਚੁੱਕੇ ਜਾ ਰਹੇ ਹਨ। ਸ੍ਰੀ ਪੰਵਾਰ ਬੁੱਧਵਾਰ ਨੂੰ ਚੰਡੀਗੜ੍ਹ ਸਥਿਤ ਆਪਣੇ ਦਫ਼ਤਰ ਵਿੱਚ ਰਾਸ਼ਟਰੀ ਮਜ਼ਦੂਰ ਕਿਸਾਨ ਮੰਚ ਦੇ ਅਧਿਕਾਰੀਆਂ ਨਾਲ ਮੀਟਿੰਗ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਕਿਸਾਨ ਅਤੇ ਮਜ਼ਦੂਰ ਸੂਬੇ ਦੀ ਅਸਲ ਤਾਕਤ ਹਨ, ਉਨ੍ਹਾਂ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕਰਨਾ ਸੰਭਵ ਨਹੀਂ ਹੈ। ਸਰਕਾਰ ਉਨ੍ਹਾਂ ਦੀ ਹਰ ਜਾਇਜ਼ ਮੰਗ 'ਤੇ ਸਕਾਰਾਤਮਕ ਪਹੁੰਚ ਅਪਣਾਏਗੀ ਅਤੇ ਜਲਦੀ ਹੀ ਕੋਈ ਠੋਸ ਫੈਸਲਾ ਲਿਆ ਜਾਵੇਗਾ। ਮੀਟਿੰਗ ਦੌਰਾਨ ਰਾਸ਼ਟਰੀ ਮਜ਼ਦੂਰ ਕਿਸਾਨ ਮੰਚ ਦੇ ਨੁਮਾਇੰਦਿਆਂ ਨੇ ਮੰਤਰੀ ਨੂੰ ਮੰਗਾਂ ਦਾ ਇੱਕ ਮੰਗ ਪੱਤਰ ਸੌਂਪਿਆ। ਇਸ ਵਿੱਚ ਮੁੱਖ ਮੰਗਾਂ ਵਿੱਚ 5 ਅਗਸਤ 2025 ਦੇ ਹੁਕਮ ਨੂੰ ਵਾਪਸ ਲੈਣਾ, ਪੂਰੇ ਸੂਬੇ ਵਿੱਚ ਸੁਤੰਤਰ ਜਾਂਚ ਕਰਵਾਉਣਾ, ਮਨਮਾਨੇ ਵਿਭਾਗੀ ਪੱਤਰ ਜਾਰੀ ਕਰਨ ਵਾਲੇ ਅਧਿਕਾਰੀਆਂ ਦੀ ਜਵਾਬਦੇਹੀ ਤੈਅ ਕਰਨਾ ਅਤੇ ਮਜ਼ਦੂਰਾਂ ਨੂੰ ਉਨ੍ਹਾਂ ਦੇ ਹੱਕਾਂ ਤੋਂ ਵਾਂਝਾ ਕਰਨ ਵਾਲੇ ਮਜ਼ਦੂਰਾਂ ਨੂੰ ਤਨਖਾਹ ਅਤੇ ਮੁਆਵਜ਼ਾ ਰਾਸ਼ੀ ਨਾਲ ਮੁਆਵਜ਼ਾ ਦੇਣਾ ਸ਼ਾਮਲ ਸੀ। ਇਸ ਤੋਂ ਇਲਾਵਾ, ਜੀਓ-ਟੈਗਿੰਗ ਦੀ ਪ੍ਰਕਿਰਿਆ ਨੂੰ ਹੋਰ ਮਜ਼ਬੂਤ ਕਰਨ, ਸਮਾਜਿਕ ਆਡਿਟ ਅਤੇ ਗ੍ਰਾਮ ਸਭਾ ਨਿਗਰਾਨੀ ਨੂੰ ਮਜ਼ਬੂਤ ਕਰਨ, ਧਾਰਾ 23 ਅਧੀਨ ਸਮਾਂਬੱਧ ਸ਼ਿਕਾਇਤ ਨਿਵਾਰਨ ਵਿਧੀ ਨੂੰ ਲਾਗੂ ਕਰਨ ਅਤੇ ਕੰਮ ਦੀ ਮੰਗ ਜਮ?ਹਾਂ ਕਰਵਾਉਣ ਲਈ ਪਾਰਦਰਸ਼ੀ ਪ੍ਰਣਾਲੀ ਨੂੰ ਯਕੀਨੀ ਬਣਾਉਣ ਵਰਗੀਆਂ ਮੰਗਾਂ ਵੀ ਸਾਹਮਣੇ ਰੱਖੀਆਂ ਗਈਆਂ। ਸ਼੍ਰੀ ਕ੍ਰਿਸ਼ਨ ਲਾਲ ਪੰਵਾਰ ਨੇ ਭਰੋਸਾ ਦਿੱਤਾ ਕਿ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਕੋਈ ਵੀ ਮਜ਼ਦੂਰ 100 ਦਿਨਾਂ ਦੀ ਤਨਖਾਹ ਤੋਂ ਵਾਂਝਾ ਨਹੀਂ ਰਹੇਗਾ। ਸਰਕਾਰ ਹਰ ਸੰਭਵ ਕੋਸ਼ਿਸ਼ ਕਰੇਗੀ ਤਾਂ ਜੋ ਕਿਸਾਨ ਅਤੇ ਮਜ਼ਦੂਰ ਆਪਣੀ ਜ਼ਿੰਦਗੀ ਮਾਣ ਅਤੇ ਸੁਰੱਖਿਆ ਨਾਲ ਜੀ ਸਕਣ।

# ਕੇਂਦਰੀ ਮੰਤਰੀ ਸ੍ਰੀ ਚੌਹਾਨ ਨੇ ਵਿਧਾਇਕ ਸ: ਧਾਲੀਵਾਲ ਵਲੋਂ ਦਿੱਤੇ 2 ਹਜਾਰ ਕਰੋੜ ਰੁਪਏ ਰਾਹਤ ਪੈਕੇਜ ਦੇ ਮੰਗ ਪੱਤਰ 'ਤੇ ਵਿਚਾਰ ਕਰਕੇ ਸਮਰਥਣ ਦਾ ਦਿੱਤਾ ਭਰੋਸਾ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ/ ਅਜਨਾਲਾ/ ਰਾਜਾਸਾਂਸੀ, 11 ਅਪ੍ਰੈਲ। ਪਿਛਲੇ 9 ਦਿਨਾਂ ਤੋਂ ਹਲਕਾ ਅਜਨਾਲਾ 'ਚ ਰਾਵੀ ਦਰਿਆ ਦੇ ਭਿਆਨਕ ਹੜਾਂ ਦੀ ਮਾਰ ਝੱਲ ਰਹੇ ਹੜ ਪੀੜਤਾਂ ਦੀ ਸਾਰ ਸੁੱਧ ਲੈਣ ਅਤੇ ਰਾਹਤ ਕਾਰਜਾਂ ਦਾ ਜਾਇਜ਼ਾ ਲੈਣ ਲਈ ਹਲਕੇ ਦੇ ਕੌਮਾਂਤਰੀ ਸਰਹੱਦੀ ਤੇ ਰਾਵੀ ਦਰਿਆ ਦੇ ਹੜਾਂ ਦੇ ਆਫਰੇ ਪਾਣੀ ਨਾਲ ਬੁਰੀ ਤਰਾਂ ਝੰਭੇ ਪਿੰਡ ਘੋਹਨੇਵਾਲਾ ਵਿਖੇ ਅੱਜ ਕੇਂਦਰੀ ਖੇਤੀ ਮੰਤਰੀ ਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਵ ਰਾਜ ਚੌਹਾਨ ਉਚੇਚੇ ਤੌਰ ਤੇ ਪੁੱਜੇ, ਜਿੱਥੇ ਹਲਕਾ ਵਿਧਾਇਕ ਤੇ ਸਾਬਕਾ ਕੈਬਨਿਟ ਮੰਤਰੀ ਪੰਜਾਬ ਕੁਲਦੀਪ ਸਿੰਘ ਧਾਲੀਵਾਲ ਪੰਜਾਬ ਸਰਕਾਰ ਦੇ ਮੰਤਰੀਆਂ , ਸਾਬਕਾ ਮੰਤਰੀਆਂ , ਵਿਧਾਇਕਾਂ, ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਸਮੁੱਚੇ ਜ਼ਿਲਾ?ਹ ਸਿਵਲ ਤੇ ਪੁਲੀਸ ਪ੍ਰਸ਼ਾਸ਼ਨ ਵਲੋਂ ਹੜ੍ਹ ਪੀੜਤਾਂ ਨੂੰ ਫੌਰੀ ਰਾਹਤ ਪਹੁੰਚਾਉਣ, ਕੀਮਤੀ ਜਾਨਾਂ ਪਹੁੰਚਾਉਣ ਅਤੇ ਪੁਨਰਵਾਸ ਕਾਰਜਾਂ ਲਈ ਕੀਤੀ ਜਾ ਰਹੀ ਲੋੜੀਂਦੀ ਸਹਾਇਤਾ ਦੀਆਂ ਗਰਾਊਂਡ ਜ਼ੀਰੋ ਤੇ ਹਕੀਕਤਾਂ ਸਮੇਤ ਇਸ ਨਾਜੁਕ ਘੜੀ 'ਚ ਗਵਰਨਰ ਪੰਜਾਬ, ਫੌਜ, ਬੀਐਸਐਫ , ਐਨਡੀਆਰਐਫ, ਹੋਰ ਸਰਕਾਰੀ ਏਜੰਸੀਆਂ ਅਤੇ ਸਮਾਜਿਕ ਤੇ ਧਾਰਮਿਕ ਸੰਗਠਨਾਂ ਵਲੋਂ ਰਾਹਤ ਕਾਰਜਾਂ ਲਈ ਨਿਭਾਈ ਜਾ ਰਹੀ ਸੰਤੁਸ਼ਟੀਜਨਕ ਭੂਮਿਕਾ ਤੋਂ ਜਾਣੂੰ ਕਰਵਾਇਆ। ਜਮੀਨੀ ਹਕੀਕਤਾਂ ਤੋਂ ਜਾਣੂੰ ਕਰਵਾਉਣ ਮੌਕੇ ਵਿਧਾਇਕ ਤੇ ਸਾਬਕਾ ਮੰਤਰੀ ਸ: ਧਾਲੀਵਾਲ ਨੇ ਕੇਂਦਰੀ ਮੰਤਰੀ ਕੋਲ ਇਨ੍ਹਾਂ ਹੜ੍ਹ ਪੀੜਤਾਂ ਨੂੰ ਜਲਦੀ ਰਾਹਤ ਅਤੇ ਪੁਨਰਵਾਸ ਉਪਾਵਾਂ 'ਚ ਕੇਂਦਰ ਸਰਕਾਰ ਦੇ ਫੌਰੀ ਸਮਰਥਣ ਦੀ ਅਪੀਲ ਕੀਤੀ ਅਤੇ ਦੱਸਿਆ ਕਿ ਭਾਰਤ -ਪਾਕਿ ਕੌਮਾਂਤਰੀ ਕਰੀਬ 49 ਕਿਲੋਮੀਟਰ ਲੰਮੀ ਸਰਹੱਦ 'ਤੇ ਵਿਧਾਨ ਸਭਾ ਹਲਕਾ ਅਜਨਾਲਾ ਸਥਿਤ ਹੋਣ ਦੇ ਨਾਲ ਇਸੇ ਕੌਮਾਂਤਰੀ ਸਰਹੱਦ ਦੇ ਨਾਲ ਨਾਲ ਕੌਮਾਂਤਰੀ ਰਾਵੀ ਦਰਿਆ ਦਾ ਬਰਸਾਤਾਂ 'ਚ ਫਨੀਅਰ ਸੱਪ ਵਾਗੂੰ ਸ਼ੂਕਦਾ ਪਾਣੀ ਲਗਭਗ ਹਰ ਸਾਲ ਹਲਕਾ ਅਜਨਾਲਾ ਲਈ ਜਾਨੀ ਮਾਲੀ ਨੁਕਸਾਨ ਦੀ ਬਰਬਾਦੀ ਲਿਆਉਂਦਾ ਹੈ। ਜਦੋਂਕਿ ਇਸ ਸਰਹੱਦੀ ਤੇ ਰਾਵੀ ਦਰਿਆ ਖਿੱਤੇ ਦੇ ਪੇਂਡੂ ਤੇ ਨੀਮ ਸ਼ਹਿਰਾਂ 'ਚ ਵੱਸੋਂ ਰੱਖਦੇ ਨਾਗਰਿਕ ਬੀਐਸਐਫ ਪਿੱਛੋਂ ਗੁਆਂਢੀ ਮੁਲਕ ਪਾਕਿਸਤਾਨ ਦੀਆਂ ਭਾਰਤ ਵਿਰੋਧੀ ਸਾਜਿਸ਼ਾਂ , ਡਰੋਨ ਰਾਹੀਂ ਨਸ਼ਿਆਂ, ਹਥਿਆਰਾਂ ਤੇ ਘੁਸਪੈਠ ਆਦਿ ਨੂੰ ਫੇਲ੍ਹ ਕਰਨ ਲਈ ਬੀਐਸਐਫ , ਪੰਜਾਬ ਪੁਲੀਸ ਤੇ ਸਿਵਲ ਪ੍ਰਸ਼ਾਸ਼ਨ ਦੇ ਸਹਿਯੋਗ 'ਚ ਦੂਸਰੀ ਸੁਰੱਖਿਆ ਪੰਕਤੀ ਵਜੋਂ ਦੇਸ਼ ਦੀ ਏਕਤਾ ਅਖੰਡਤਾ ਦੀ ਮਜ਼ਬੂਤੀ ਲਈ ਹਮੇਸ਼ਾ ਤੱਤਪਰ ਹਨ। 1965, 1971, 1999 ਕਾਰਗਿਲ ਜੰਗਾਂ ਅਤੇ ਹਾਲ 'ਚ ਹੀ ਅਪਰੇਸ਼ਨ ਸਿੰਦੂਰ ਦੌਰਾਨ ਵੀ ਇਹ ਸਰਹੱਦੀ ਲੋਕ ਗੁਆਂਢੀ ਮੁਲਕ ਦੀਆਂ ਸਾਜਿਸ਼ਾਂ ਦੇ ਦੰਦ ਖੱਟੇ ਕਰਨ ਲਈ ਮਜ਼ਬੂਤ ਚਟਾਨ ਵਾਂਗ ਬੀਐਸਐਫ ਦੇ ਨਾਲ ਖੜੇ ਰਹੇ ਹਨ।ਸ: ਧਾਲੀਵਾਲ ਨੇ ਕੇਂਦਰੀ ਮੰਤਰੀ ਸ੍ਰੀ ਚੌਹਾਨ ਨੂੰ ਜਾਣਕਾਰੀ ਦਿੱਤੀ ਕਿ ਇਸੇ ਕੌਮਾਂਤਰੀ ਰਾਵੀ ਦਰਿਆ ਦੀ ਮਾਰ ਝਲਦੇ ਅਤੇ ਕੌਮਾਂਤਰੀ ਸਰਹੱਦੀ ਖੇਤਰ ਦੀਆਂ ਅਣਸੁਖਾਵੀਆਂ ਪ੍ਰਸਥਿਤੀਆਂ ਦਰਮਿਆਨ ਕਿਸਾਨਾਂ ਸਮੇਤ ਖੇਤ ਮਜਦੂਰਾਂ ਵਲੋਂ ਅਜਾਦੀ ਪਿੱਛੋਂ ਇਸ ਖਿੱਤੇ ਦੀਆਂ ਬੰਜ਼ਰ ਤੇ ਬੇਆਬਾਦ ਬੇਲਿਆਂ- ਬੂਝਿਆਂ ਜੰਗਲਾਤ ਦਾ ਰੂਪ ਧਾਰਣ ਕਰ ਚੁਕੀਆਂ ਜਮੀਨਾਂ ਨੂੰ ਕਰੜੀ ਮਿਹਨਤ ਮੁਸ਼ੱਕਤ ਤੇ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਉਪਜਾਊ ਬਣਾਉਂਦਿਆਂ ਅੰਨ ਉਤਪਾਦਨ ਕਰਕੇ ਕੇਂਦਰੀ ਅੰਨ ਭੰਡਾਰ 'ਚ ਵੱਡਾ ਹਿੱਸਾ ਲਗਾਤਾਰ ਪਾਇਆ ਜਾ ਰਿਹਾ ਹੈ।ਇਸ ਤੋਂ ਪਹਿਲਾਂ ਕੌਮਾਂਤਰੀ ਹਵਾਈ ਅੱਡਾ ਸ੍ਰੀ ਗੁਰੂ ਰਾਮਦਾਸ ਜੀ ਰਾਜਾਸਾਂਸੀ ਵਿਖੇ ਵਿਧਾਇਕ ਤੇ ਸਾਬਕਾ ਮੰਤਰੀ ਸ: ਧਾਲੀਵਾਲ ਨੇ ਪੰਜਾਬ ਦੇ ਖੇਤੀ ਤੇ ਕਿਸਾਨ ਭਲਾਈ ਮੰਤਰੀ ਸ: ਗੁਰਮੀਤ ਸਿੰਘ ਖੁੱਡੀਆ ਦੀ ਸ਼ਮੂਲੀਅਤ ਨਾਲ ਜਿੱਥੇ ਕੇਂਦਰੀ ਮੰਤਰੀ ਸ੍ਰੀ ਚੌਹਾਨ ਦਾ ਪੰਜਾਬ ਸਰਕਾਰ ਵਲੋਂ ਸੁਆਗਤ ਕੀਤਾ , ਉਥੇ ਹਲਕਾ ਅਜਨਾਲਾ ਦੇ ਹੜ੍ਹ ਪੀੜਤਾਂ ਦੇ ਪੁਨਰ ਵਸੇਬੇ ਤੇ ਰਾਹਤ ਲਈ ਪਹਿਲੇ ਪੜਾਅ 'ਚ 2 ਹਜਾਰ ਕਰੋੜ ਰੁਪਏ ਦਾ ਵਿੱਤੀ ਪੈਕੇਜ ਦੇਣ ਅਤੇ ਪੰਜਾਬ ਸਰਕਾਰ ਦੇ ਕੇਂਦਰ ਸਰਕਾਰ ਵੱਲ ਬਕਾਇਆ ਰੁਕੇ ਪਏ 60 ਹਜਾਰ ਕਰੋੜ ਰੁਪਏ ਦੇ ਫੰਡ ਵੀ ਫੌਰੀ ਤੌਰ ਤੇ ਜਾਰੀ ਕਰਵਾਉਣ ਲਈ ਮੰਗ ਪੱਤਰ ਸੌਂਪਦਿਆਂ ਸੁਹਿਰਦਤਾ ਪੂਰਨ ਅਪੀਲ ਕੀਤੀ ਕਿ ਇਹ ਰਕਮਾਂ ਜਾਰੀ ਕਰਵਾਉਣ ਲਈ ਪਹਿਲ ਕਦਮੀ ਕੀਤੀ ਜਾਵੇ। ਮੰਗ ਪੱਤਰ ਤੇ ਵਿਸਥਾਰ ਨਾਲ ਚਰਚਾ ਕਰਦਿਆਂ ਸ: ਧਾਲੀਵਾਲ ਨੇ ਕੇਂਦਰੀ ਮੰਤਰੀ ਸ੍ਰੀ ਚੌਹਾਨ ਨੂੰ ਦੱਸਿਆ ਕਿ ਹੁਣ ਕੌਮਾਂਤਰੀ ਰਾਵੀ ਦਰਿਆ 'ਚ 1988 ਨਾਲੋਂ ਵੀ ਭਿਅੰਕਰ ਪਰਲੋ ਦੀ ਤਰਾਂ ਆਏ ਹੜਾਂ ਨੇ 38 ਵਰਿਆਂ 'ਚ ਇਨ੍ਹਾਂ ਸਰਹੱਦੀ ਲੋਕਾਂ ਵਲੋਂ ਕਰੜੀ ਮਿਹਨਤ ਨਾਲ ਆਰਥਿਕ, ਸਮਾਜਿਕ , ਆਲੀਸ਼ਾਨ ਘਰਾਂ, ਖੇਤੀਬਾੜੀ, ਪਸ਼ੂ ਧਨ, ਛੋਟੇ ਕਾਰੋਬਾਰ, ਬਹੁਪੱਖੀ ਵਿਕਾਸ, ਸਿਹਤ, ਸਿੱਖਿਆ, ਸੜਕਾਂ, ਧੁੱਸੀ ਬੰਨ੍ਹ, ਪੁਲ-ਪੁਲੀਆਂ ਆਦਿ ਖੇਤਰਾਂ 'ਚ ਮੱਲਾਂ ਮਾਰ ਕੇ ਪੈਰਾਂ ਸਿਰ ਖੜੇ?ਹ ਕੀਤੇ ਗਏ ਮੂਲ ਢਾਂਚੇ ਨੂੰ ਵਿਧਾਨ ਸਭਾ ਹਲਕਾ ਅਜਨਾਲਾ 'ਚ ਤਬਾਹੀ ਕਰਕੇ ਤਹਿਸ ਨਹਿਸ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਅਤੇ ਹੜ੍ਹਾਂ ਦੇ ਮੱਦੇਨਜ਼ਰ ਮੱਚੀ ਤਬਾਹੀ ਨੇ ਬਹੁਮੁੱਲੀਆਂ ਮਨੁੱਖੀ ਜਾਨਾਂ ਨੂੰ ਵੀ ਆਪਣੀ ਲਪੇਟ 'ਚ ਲਿਆ ਹੈ।ਇਸ ਹੋਏ ਨੁਕਸਾਨ ਦੀ ਭਰਪਾਈ ਪਹਿਲੇ ਪੜਾਅ 'ਚ ਕੇਂਦਰ ਸਰਕਾਰ ਵਲੋਂ 2 ਹਜਾਰ ਕਰੋੜ ਰੁਪਏ ਦਾ ਵਿੱਤੀ ਪੈਕੇਜ ਜਾਰੀ ਹੋਣ ਨਾਲ ਕੀਤੀ ਜਾ ਸਕੇਗੀ। ਉਨ੍ਹਾਂ ਨੇ ਸ੍ਰੀ ਚੌਹਾਨ ਨੂੰ ਇਹ ਵੀ ਜਾਣਕਾਰੀ ਦਿੱਤੀ ਕਿ ਕਰੀਬ 2 ਮਹੀਨੇ ਪਹਿਲਾਂ ਜੁਲਾਈ ਦੇ ਪਹਿਲੇ ਹਫਤੇ ਉਨ੍ਹਾਂ (ਸ: ਧਾਲੀਵਾਲ) ਵਲੋਂ ਕੇਂਦਰ ਰਕਾਰ ਦੇ ਜ਼ਲ ਸ਼ਕਤੀ ਮੰਤਰੀ ਸ੍ਰੀ ਸੀ.ਆਰ. ਪਾਟਿਲ ਨਾਲ ਨਵੀਂ ਦਿੱਲੀ ਵਿਖੇ ਉਚੇਚੀ ਮੀਟਿੰਗ ਕਰਕੇ ਉਕਤ ਹੜਾਂ ਸਮੇਤ ਹੋਰ ਸਮੱਸਿਆਵਾਂ ਲਈ ਲੋੜੀਂਦੇ ਫੰਡ ਜਾਰੀ ਕਰਨ ਦੀ ਮੰਗ ਉਠਾਈ ਗਈ ਸੀ।ਕੇਂਦਰੀ ਜ਼ਲ ਮੰਤਰੀ ਸ੍ਰੀ ਪਾਟਿਲ ਨੇ ਜਲਦੀ ਹੀ ਇਸ ਭਖਦੀ ਤੇ ਸੁਲਘਦੀ ਸਮੱਸਿਆ ਦਾ ਦੇਸ਼ ਹਿੱਤਾਂ ਦੇ ਮੱਦੇਨਜ਼ਰ ਹੱਲ ਕਰਨ ਲਈ ਫੰਡ ਜਾਰੀ ਕਰਨ ਦਾ ਭਰੋਸਾ ਵੀ ਦਿੱਤਾ ਸੀ , ਜੋ ਅਜੇ ਤੱਕ ਵਫਾ ਨਹੀਂ ਹੋਇਆ। ਬਤੌਰ ਕੇਂਦਰੀ ਮੰਤਰੀ ਹੋਣ ਦੇ ਮੱਦੇਨਜ਼ਰ ਤੁਹਾਡੇ (ਸ੍ਰੀ ਚੌਹਾਨ) ਵਲੋਂ ਆਪਣੇ ਸਾਥੀ ਮੰਤਰੀ ਸ੍ਰੀ ਪਾਟਿਲ ਕੋਲੋਂ ਵੀ ਇਸ ਸੰਬੰਧੀ ਲੋੜੀਂਦੇ ਫੰਡ ਜਾਰੀ ਕਰਵਾਉਣ ਲਈ ਉਚੇਚਾ ਧਿਆਨ ਦਿੱਤਾ ਜਾਣਾ ਚਾਹੀਦਾ ਹੈ।ਕੇਂਦਰੀ ਖੇਤੀ ਤੇ ਕਿਸਾਨ ਭਲਾਈ ਮੰਤਰੀ ਸ੍ਰੀ ਚੌਹਾਨ ਨੇ ਵਿਧਾਇਕ ਸ: ਧਾਲੀਵਾਲ ਵਲੋਂ ਘੋਹਨੇਵਾਲਾ ਵਿਖੇ ਜਮੀਨੀ ਹਕੀਕਤਾਂ ਤੋਂ ਜਾਣੂੰ ਕਰਵਾਉਣ ਅਤੇ ਏਅਰਪੋਰਟ ਰਾਜਾਸਾਂਸੀ ਵਿਖੇ ਦਿੱਤੇ ਗਏ ਮੰਗ ਪੱਤਰ ਦੇ ਸਮਰਥਣ 'ਚ ਭਰੋਸਾ ਦਿੰਦਿਆਂ ਕਿਹਾ ਕਿ ਕੇਂਦਰ ਸਰਕਾਰ ਜਲਦੀ ਹੀ ਰਾਹਤ ਅਤੇ ਪੁਨਰਵਾਸ ਲਈ ਲੋੜੀਂਦੀ ਸਹਾਇਤਾ ਪੰਜਾਬ ਸਰਕਾਰ ਨੂੰ ਜਾਰੀ ਕਰਨ 'ਚ ਉਚਿਤ ਕਦਮ ਚੁੱਕੇਗੀ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰੀਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਮਾਂ ! ਮੈਂ ਚੱਲਿਆਂ.... ਫ਼ੋਨ ਕੱਟਦਿਆਂ ਹੀ ਪੁੱਤ ਨੇ ਚੁੱਕ ਲਿਆ ਖ਼ੌਫ਼ਨਾਕ ਕਦਮ

**ਕੌਮੀ ਪਤ੍ਰਿਕਾ**

ਸਮਰਾਲਾ 11 ਅਪ੍ਰੈਲ। ਸਮਰਾਲਾ ਤੋਂ ਇਕ ਰੂਹ ਕੰਬਾਅ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇਕ 20 ਸਾਲਾ ਨੌਜਵਾਨ ਮੁਹੰਮਦ ਇਰਫਾਨ ਵੱਲੋਂ ਕਥਿਤ ਤੌਰ 'ਤੇ ਨੀਲੋਂ ਨਹਿਰ ਵਿਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ, ਇਲਾਕੇ ਵਿਚ ਸਨਸਨੀ ਫੈਲਾ ਦਿੱਤੀ ਹੈ। ਇਸ ਮਾਮਲੇ ਵਿਚ ਪਰਿਵਾਰ ਨੇ ਠੇਕੇਦਾਰ 'ਤੇ ਗੰਭੀਰ ਇਲਜ਼ਾਮ ਲਗਾਉਂਦਿਆਂ ਕਤਲ ਦੀ ਸੰਭਾਵਨਾ ਵੀ ਜਤਾਈ ਹੈ। ਮ੍ਰਿਤਕ ਨੇ ਆਤਮ ਹੱਤਿਆ ਕਰਨ ਤੋਂ ਪਹਿਲਾਂ ਮਾਂ ਨੂੰ ਫੋਨ ਕਰ ਕਿਹਾ ਠੇਕੇਦਾਰ ਨੇ ਮੈਨੂੰ ਕੁੱਟਿਆ, ਮੈਂ ਆਤਮ ਹੱਤਿਆ ਕਰਨ ਲੱਗਿਆ ਹਾਂ। ਮ੍ਰਿਤਕ ਦੇ ਪਿਤਾ ਸ਼ੌਕਤ ਹੁਸੈਨ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਬੱਬੂ ਨਾਮਕ ਠੇਕੇਦਾਰ ਕੋਲ ਦਿਹਾੜੀਦਾਰ ਵਜੋਂ ਕੰਮ ਕਰਦਾ ਸੀ ਅਤੇ ਉਹ ਅਕਸਰ ਮਜ਼ਦੂਰਾਂ ਨੂੰ



ਪੈਸਿਆਂ ਲਈ ਤੰਗ ਕਰਦਾ ਸੀ। 20 ਤਾਰੀਖ਼ ਨੂੰ ਇਰਫਾਨ ਹਿਮਾਚਲ ਤੋਂ ਲੁਧਿਆਣਾ ਆਇਆ ਸੀ ਅਤੇ ਉਸ ਨੇ ਦੱਸਿਆ ਸੀ ਕਿ ਉਹ ਨਵੀਂ ਫੈਕਟਰੀ ਵਿਚ ਕੰਮ ਸ਼ੁਰੂ ਕਰਨ ਵਾਲਾ ਹੈ। ਪਰਿਵਾਰ ਅਨੁਸਾਰ, 28 ਤਰੀਕ ਨੂੰ ਠੇਕੇਦਾਰ ਨੇ ਇਰਫਾਨ ਨੂੰ ਫੋਨ ਕਰਕੇ ਬੁਲਾਇਆ। ਉਸੇ ਦਿਨ ਸ਼ਾਮ ਨੂੰ ਠੇਕੇਦਾਰ ਨੇ ਘਰ ਫੋਨ ਕਰਕੇ ਦੱਸਿਆ ਕਿ ਇਰਫਾਨ ਉਸ ਨੂੰ ਗਾਲਾਂ ਕੱਢ ਰਿਹਾ ਹੈ। ਜਦੋਂ ਪਿਤਾ ਨੇ ਪੁੱਤਰ ਨਾਲ ਗੱਲ ਕੀਤੀ ਤਾਂ ਉਹ ਰੋਂਦਾ ਹੋਇਆ ਬੋਲਿਆ ਕਿ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ ਹੈ ਅਤੇ ਉਹ ਚੱਲਣ ਦੇ ਯੋਗ ਨਹੀਂ ਹੈ। ਕੁਝ ਸਮੇਂ ਬਾਅਦ ਇਰਫਾਨ ਦਾ ਦੁਬਾਰਾ ਫੋਨ ਆਇਆ, ਜਿਸ ਵਿਚ ਉਸ ਨੇ ਦੱਸਿਆ ਕਿ ਉਸਦਾ ਮੋਟਰਸਾਈਕਲ ਗੜ੍ਹੀ ਪੁਲ ਕੋਲ ਖੜ੍ਹਾ ਹੈ ਅਤੇ ਉਹ ਨਹਿਰ ਵਿਚ ਛਾਲ ਮਾਰਨ ਜਾ ਰਿਹਾ ਹੈ। ਇਸ ਤੋਂ ਬਾਅਦ ਉਸ ਦਾ ਕੋਈ ਸੰਪਰਕ ਨਹੀਂ ਹੋਇਆ। ਦੁੱਖ ਦੀ ਗੱਲ ਹੈ ਕਿ ਇਰਫਾਨ ਦਾ ਵਿਆਹ ਸਿਰਫ 11 ਮਹੀਨੇ ਪਹਿਲਾਂ ਹੋਇਆ ਸੀ। ਪਰਿਵਾਰ ਨੇ ਪੁਲਸ ਪ੍ਰਸ਼ਾਸਨ ਤੋਂ ਇਨਸਾਫ਼ ਦੀ ਮੰਗ ਕਰਦੇ ਹੋਏ ਦੋਸ਼ੀਆਂ ਖ਼?ਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਸਮਰਾਲਾ ਪੁਲਿਸ ਦੇ ਐਸ ਐਚ ਓ ਹਰਵਿੰਦਰ ਸਿੰਘ ਨੇ ਦੱਸਿਆ ਕਿ ਠੇਕੇਦਾਰ ਬੱਬੂ ਅਤੇ 2-3 ਹੋਰ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਹਾਲਾਂਕਿ ਅਜੇ ਤੱਕ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ, ਪਰ ਪੁਲਸ ਦਾ ਦਾਅਵਾ ਹੈ ਕਿ ਤਫਤੀਸ਼ ਜਾਰੀ ਹੈ ਅਤੇ ਦੋਸ਼ੀਆਂ ਨੂੰ ਜਲਦੀ ਹੀ ਸਲਾਖਾਂ ਪਿੱਛੇ ਭੇਜ ਦਿੱਤਾ ਜਾਵੇਗਾ। ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਸੋਗ ਦੀ ਲਹਿਰ ਹੈ ਅਤੇ ਪਰਿਵਾਰ ਵੱਲੋਂ ਇਨਸਾਫ਼ ਦੀ ਗੁਹਾਰ ਲਗਾਈ ਜਾ ਰਹੀ ਹੈ।

### NAME CHANGE

I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE

I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE

It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE

I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE

I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE

I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE

I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE

I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE

I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE

It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE

It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

### PUBLIC NOTICE

It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE

It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE

It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE

I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

## ਉੱਤਰ ਰੇਲਵੇ

**ਨਿਵਿਦਾ ਸੂਚਨਾ**

**ਈ-ਨਿਵਿਦਾ (ਈ-ਪ੍ਰੋਕਯੋਰਮੇਂਟ ਸਿਸਟਮ) ਦੇ ਮਾਧਿਅਮ ਨਾਲ ਨਿਵਿਦਾ ਮੰਗ**

| | | | |
|---|---|---|---|
| | ਐਨ ਆਈ ਟੀ | 01 / 2026—27—ਡਬਲਯੂ—4 | |
| 1 | ਕੰਮ ਦਾ ਨਾਮ (ਸਥਾਨ ਦੇ ਨਾਲ) | ਕ੍ਰਮਾਂਕ 01 | ਦਿੱਲੀ ਡਵੀਜਨ ਵਿਚ 20000 ਤੋਂ ਜਿਆਦਾ ਟੀਵੀਯੂ ਵਾਲੇ ਖੇਤਰਾਂ ਵਿਚ 18 ਐਲਸੀ ਗੇਟਾਂ ਦੇ ਇੰਟਰਲਾਕਿੰਗ ਦੇ ਨਾਲ ਮੁੜ ਨਿਰਮਿਤ ਵਿਗਿਆਪਨ ਅਤੇ ਟੈਕਨੋਲਜੀ ਭਵਨ ਦਾ ਪ੍ਰਾਵਧਾਨ। ਕੰਮ ਦੀ ਸਮਾਨ ਨੇਚਰ: ਪ੍ਰੀਕਾਸਟ ਪੀਐਸਸੀ/ ਆਰਸੀਸੀ ਪੈਨਲਾਂ ਨਾਲ ਨਿਰਮਿਤ ਕੋਈ ਵੀ ਸੰਰਚਨਾਤਮਕ ਕੰਮ। |
| 2 | ਕੰਮ ਦੀਅੰਦਾਜਨ ਲਾਗਤ (ਰੁ) | 01 | ਰੁਪਏ 4,86,23,687.61 |
| 3 | ਅਗਾਊਂ ਰਾਸ਼ੀ (ਰੁਪਏ) : (ਇਹ ਨੈਟ ਬੈਕਿੰਗ ਦੇ ਰੂਪ ਵਿਚ ਹੋਣਾ ਚਾਹੀਦਾ ਜਾਂ ਕੇਵਲ ਭੁਗਤਾਨ ਗੇਟਵੇ ਦੁਆਰਾ।) (ਨੋਟ:- ਰੇਲਵੇ ਬੋਰਡਾਂ ਦੇ ਪੱਤਰ ਸੰਖਿਆ 2015/ ਸੀਈ-ਆਈ/ਸੀਟੀ/5/1 ਮਿਤੀ 31.08.2016 ਦੇ ਅਨੁਸਾਰ ਜੋ ਟੈਂਡਰ ਆਈਆਰਈਪੀਐਸ ਤੇ ਮੰਗ ਕੀਤਾ ਗਿਆ ਹੈ ਉਸ ਵਿਚ ਐਫਡੀਆਰ ਨੂੰ ਟੈਂਡਰ ਦੇ ਲਈ, ਈਐਮਡੀ ਦੇ ਰੂਪ ਵਿਚ ਸਵੀਕਾਰ ਕੀਤਾ ਜਾਏਗਾ)। | | |
| | | 01 | ਰੁਪਏ 972500.00 |
| 4 | ਕੰਮ ਦਾ ਸਮਾਪਤੀ ਸਮਾਂ | 01 | 06 ਮਹੀਨੇ |
| 5 | ਨਿਵਿਦਾ ਪੇਸ਼ ਕਰਨ ਅਤੇ ਨਿਵਿਦਾ ਖੋਹਲਣ ਦੇ ਲਈ ਮਿਤੀ ਅਤੇ ਸਮਾਂ : 05.05.2026 ਨੂੰ 15.00 ਵਜੇ ਤਕ ਅਤੇ 05.05.2026 ਨੂੰ 15.00 ਵਜੇ ਨਿਵਿਦਾ ਖੁਲਣਾ ਹੈ। | | |
| 6 | ਵੈਬਸਾਈਟ ਦੇ ਵੇਰਵੇ ਦਾ ਨੋਟਿਸ ਬੋਰਡ ਸਥਾਨ ਟੈਂਡਰ ਦਾ ਪੂਰਾ ਵੇਰਵਾ : ਇਹ ਨਿਵਿਦਾ ਆਈਆਰਈਪੀਐਸ ਸਾਈਟ ਯਾਨੀ . www.ireps.gov.in 'ਤੇ ਉਪਲਬਧ ਹੈ। | | |

No.. 128-W/280/OET/2026-27/W-IV/NIT-01 Date 10.04.2026 1216/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**GOVERNMENT OF NATIONAL CAPITAL TERRITORY OF DELHI**
**DIRECTORATE GENERAL OF HEALTH SERVICES**
**(ECONOMICALLY WEAKER SECTION)**
**3RD FLOOR, DGD BUILDING, S-1, SCHOOL BLOCK, SHAKARPUR, DELHI- 110092**
**Email: freepatientcell3@gmail.com**

**PUBLIC NOTICE**

It is informed to the general public that there are 56 identified private Hospital who are under the obligation to provide free treatment to the patients belonging to EWS category. The annual income limit for getting free treatment in identified private hospitals for EWS has been increased from 2,20,000/- to 5,00,000/-. Patients belonging to the EWS category can approach these hospitals for OPD/IPD treatment free of cost.

The occupied / vacant bed status of EWS category beds in identified private hospital can be seen on the link given below.

https://tejasvi.delhi.gov.in/ui/shared/DelhiGovernmentHospitalsEwsBedDashboard

Any patient belonging to the EWS category can either directly approach the identified private hospitals with supporting documents or may contact the nearby Delhi Government Hospital / Dispensary / Ayushman Arogya Mandir of Delhi Government for issuance of referral.

In case of any query / complaint / issue regarding the hospital, patient may contact the Liaison Officers posted in the Identified Private Hospital. The contact details of the Liaison Officer are mentioned on the official website i.e. https://dgehs.delhi.gov.in/dghs/economically-weaker-section.

By Orders
Director General of Health Services
Govt. of NCT of Delhi

DIP/Shabdarth/Classified/0015/26-27

# ਤਿੰਨ ਮੰਜ਼ਿਲਾਂ ਵਾਲੀ ਨਵੀਂ ਇਮਾਰਤ 'ਚ ਹੋਈ ਚੋਰੀ: 13 ਦੀਆਂ ਕਾਪਰ ਪਾਈਪਾਂ ਪੁੱਟ ਕੇ ਲੈ ਗਏ ਚੋਰ

ਗੁਰਦਾਸਪੁਰ 11 ਅਪ੍ਰੈਲ। ਸ਼ਹਿਰ ਦੀ ਮਸ਼ਹੂਰ ਇਲੈਕਟ?ਰੋਨਿਕ ਦੁਕਾਨ ਅਤੇ ਟੀਵੀ ਸੈਂਟਰ ਦੇ ਮਾਲਕ ਵੱਲੋਂ ਤਿਆਰ ਕੀਤੀ ਜਾ ਰਹੀ ਨਵੀਂ ਇਮਾਰਤ ਵਿੱਚ ਬੀਤੀ ਰਾਤ ਅਣਪਛਾਤੇ ਚੋਰਾਂ ਨੇ ਸੁਚੱਜੇ ਢੰਗ ਨਾਲ ਵੱਡੀ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ। ਚੋਰਾਂ ਨੇ ਇਮਾਰਤ ਦੀਆਂ ਤਿੰਨਾਂ ਮੰਜ਼ਿਲਾਂ 'ਤੇ ਤਸੱਲੀ ਨਾਲ ਕੰਮ ਕਰਦੇ ਹੋਏ ਏਅਰ ਕੰਡੀਸ਼ਨਰਾਂ ਲਈ ਲਗਾਈਆਂ ਗਈਆਂ ਕਰੀਬ 15 ਕਾਪਰ ਪਾਈਪਾਂ ਅਤੇ ਵਾਇਰਿੰਗ ਨੂੰ ਪੁੱਟ ਕੇ ਅੰਦਰੋਂ ਤਾਰਾਂ ਹੀ ਚੋਰੀ ਕਰ ਲਈਆਂ। ਮੁੱਢਲੇ ਅੰਦਾਜ਼ੇ ਮੁਤਾਬਕ ਮਾਲਕ ਨੂੰ ਲਗਭਗ 3 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ। ਇਮਾਰਤ ਦੇ ਮਾਲਕ ਪੰਕਜ ਮਹਾਜਨ ਨੇ ਦੱਸਿਆ ਕਿ ਚੋਰਾਂ ਨੇ ਬੜੀ ਯੋਜਨਾਬੱਧ ਤਰੀਕੇ ਨਾਲ ਚੋਰੀ ਕੀਤੀ ਹੈ ਅਤੇ ਕਿਸੇ ਵੀ ਤਾਲੇ ਨੂੰ ਨਹੀਂ ਤੋੜਿਆ ਗਿਆ। ਇਸ ਤੋਂ ਅਨੁਮਾਨ ਲਗਾਇਆ ਜਾ ਰਿਹਾ ਹੈ ਕਿ ਚੋਰ ਨੇੜੇ ਦੀ ਕਿਸੇ ਇਮਾਰਤ ਤੋਂ ਛੱਤ ਰਾਹੀਂ ਜਾਂ ਫਿਰ ਲਿਫਟ ਲਈ ਛੱਡੀ ਗਈ ਖਾਲੀ ਜਗ?ਹਾ ਦੇ ਜ਼ਰੀਏ ਅੰਦਰ ਦਾਖਲ ਹੋਏ ਹੋਣਗੇ। ਤਿੰਨਾਂ ਮੰਜ਼ਿਲਾਂ 'ਤੇ ਲੱਗੀ ਵਾਇਰਿੰਗ ਨੂੰ ਉਖਾੜ ਕੇ ਤਾਰ ਕੱਢੇ ਜਾਣ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਚੋਰਾਂ ਨੇ ਕਾਫੀ ਸਮਾਂ ਲਗਾ ਕੇ ਚੋਰੀ ਕੀਤੀ। ਘਟਨਾ ਦੀ ਸੂਚਨਾ ਮਿਲਣ 'ਤੇ ਪੁਲਸ ਤੁਰੰਤ ਮੌਕੇ 'ਤੇ ਪਹੁੰਚੀ। ਪੁਲਸ ਅਧਿਕਾਰੀ ਜਸਵੰਤ ਸਿੰਘ ਨੇ ਦੱਸਿਆ ਕਿ ਇਲਾਕੇ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਦੋਸ਼ੀਆਂ ਦੀ ਪਹਿਚਾਣ ਕਰਕੇ ਉਨ੍ਹਾਂ ਨੂੰ ਕਾਬੂ ਕਰ ਲਿਆ ਜਾਵੇਗਾ। ਦੱਸਣਯੋਗ ਹੈ ਕਿ ਜਿਸ ਇਮਾਰਤ ਵਿੱਚ ਚੋਰੀ ਦੀ ਵਾਰਦਾਤ ਵਾਪਰੀ ਹੈ, ਉਸਦੇ ਨੇੜੇ ਹੀ ਇੱਕ ਵੱਡਾ ਬੈਂਕ ਅਤੇ ਉਸਦਾ ਏਟੀਐਮ ਵੀ ਸਥਿਤ ਹੈ, ਜਿਸ ਕਾਰਨ ਇਲਾਕੇ ਵਿੱਚ ਸੁਰੱਖਿਆ ਪ੍ਰਬੰਧਾਂ 'ਤੇ ਵੀ ਸਵਾਲ ਖੜੇ ਹੋ ਰਹੇ ਹਨ।

## ਰੇਲਯਾਤਰੀ ਕ੍ਰਿਪਾ ਧਿਆਨ ਦੇਵੋ !

### ਗ੍ਰੀਸ਼ਮਕਾਲੀਨ ਵਿਸ਼ੇਸ਼ ਰੇਲਗੱਡੀਆਂ ਦੀ ਗਿਣਤੀ ਵਿਚਵਿਚ ਵਾਧਾ-2026

ਰੇਲਯਾਤੀਰਆਂ ਦੀ ਸੁਵਿਧਾਜਨਕ ਆਉਣ-ਜਾਣ ਲਈ ਪਹਿਲਾ ਘੋਸ਼ਿਤ ਗ੍ਰੀਸ਼ਮਕਾਲੀਨ ਵਿਸ਼ੇਸ਼ ਰੇਲਗੱਡੀਆਂ ਦੇ ਨਾਲ-ਨਾਲ ਰੇਲਵੇ ਦੁਆਰਾ ਹੇਠਾ ਲਿਖੀ ਵਿਸ਼ੇਸ਼ ਰੇਲਗੱਡੀਆਂ ਵੀ ਹੇਠਾ ਦਿਤੀ ਗਈ ਸਮੇਂ-ਸਾਰਣੀ ਦੇ ਅਨੁਸਾਰ ਸੰਚਾਲਿਤ ਕੀਤੀ ਜਾਵੇਗੀ :-

**04213/04211 ਸੁਲਤਾਨਪੁਰ - ਲੋਕਮਾਨਯ ਤਿਲਕ (ਟ) - ਸੁਲਤਾਨਪੁਰ ਰਿਜ਼ਰਵ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ (ਸਪਤਾਹਿਕ)** — 18 ਫੇਰੇ

| ਗੱਡੀ ਨੰ: 04212 | | ਸਟੇਸ਼ਨ | ਗੱਡੀ ਨੰ: 04211 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 04:00 | ਸੁਲਤਾਨਪੁਰ | 23:00 | --- |
| 06:20 | 06:30 | ਲਖਨਊ | 20:50 | 21:00 |
| 12:20 | --- | ਲੋਕਮਾਨਯ ਤਿਲਕ (ਟ) | --- | 14:35 |

ਚਲਨ ਦੇ ਦਿਨ : 04212 ਸੁਲਤਾਨਪੁਰ ਤੋਂ ਮਿਤੀ 20.05.2026 ਤੋਂ 15.07.2026 (ਹਰੇਕ ਬੁੱਧਵਾਰ) ਅਤੇ 04211 ਲੋਕਮਾਨਯ ਤਿਲਕ (ਟ) ਤੋਂ ਮਿਤੀ 21.05.2026 ਤੋਂ 16.07.2026 (ਹਰੇਕ ਵੀਰਵਾਰ) ਨੂੰ।
ਠਹਿਰਾਵ : ਲਖਨਊ, ਕਾਨਪੁਰ ਸੈਂਟਰਲ, ਉਰਈ, ਵੀਰਾਂਗਨਾ ਲਖਸ਼ਮੀ ਝਾਂਸੀ, ਬੀਨਾ, ਰਾਨੀ ਕਮਲਾਪਤੀ ਇਟਾਰਸੀ ਜੰ:, ਖੰਡਵਾ, ਭੂਸਾਵਲ, ਪਾਚੋਰਾ ਜੰ:, ਚਾਲੀਸਗਾਂਵ ਜੰ:, ਨਾਸ਼ਿਕ ਰੋਡ, ਇਗਤਪੁਰੀ, ਕਲਿਆਣ ਅਤੇ ਠਾਣੇ ਸਟੇਸ਼ਨ।
ਜਗ੍ਹਾਂ : 3 ਟਿਯਰ ਵਾਤਾ. ਇਕੋਨਾਮੀ ਅਤੇ ਜਨਰਲ

**04226/04225 ਵਾਰਾਣਸੀ ਜੰ: - ਲੋਕਮਾਨਯ ਤਿਲਕ (ਟ) - ਵਾਰਾਣਸੀ ਜੰ: ਰਿਜ਼ਰਵ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ (ਸਪਤਾਹਿਕ)** — 16 ਫੇਰੇ

| ਗੱਡੀ ਨੰ: 04226 | | ਸਟੇਸ਼ਨ | ਗੱਡੀ ਨੰ: 04225 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 01:35 | ਵਾਰਾਣਸੀ | 02:05 | --- |
| 06:20 | 06:30 | ਲਖਨਊ | 20:50 | 21:00 |
| 12:20 | --- | ਲੋਕਮਾਨਯ ਤਿਲਕ (ਟ) | --- | 14:35 |

ਚਲਨ ਦੇ ਦਿਨ : 04226 ਵਾਰਾਣਸੀ ਜੰ: ਤੋਂ ਮਿਤੀ 21.05.2026 ਤੋਂ 09.07.2026 (ਹਰੇਕ ਵੀਰਵਾਰ) ਅਤੇ 04225 ਲੋਕਮਾਨਯ ਤਿਲਕ (ਟ) ਤੋਂ ਮਿਤੀ 22.05.2026 ਤੋਂ 10.07.2026 (ਹਰੇਕ ਸ਼ੁੱਕਰਵਾਰ) ਨੂੰ।
ਠਹਿਰਾਵ : ਜੋਨਪੁਰ ਸਿਟੀ, ਸੁਲਤਾਨਪੁਰ, ਲਖਨਊ, ਕਾਨਪੁਰ ਸੈਂਟਰਲ, ਉਰਈ, ਵੀਰਾਂਗਨਾ ਲਖਸ਼ਮੀ ਝਾਂਸੀ, ਬੀਨਾ, ਰਾਨੀ ਕਮਲਾਪਤੀ ਇਟਾਰਸੀ ਜੰ:, ਖੰਡਵਾ, ਭੂਸਾਵਲ, ਪਾਚੋਰਾ ਜੰ:, ਚਾਲੀਸਗਾਂਵ ਜੰ:, ਨਾਸ਼ਿਕ ਰੋਡ, ਇਗਤਪੁਰੀ, ਕਲਿਆਣ ਅਤੇ ਠਾਣੇ ਸਟੇਸ਼ਨ।
ਜਗ੍ਹਾਂ : 3 ਟਿਯਰ ਵਾਤਾ. ਇਕੋਨਾਮੀ ਅਤੇ ਜਨਰਲ

**04070/04069 ਆਨੰਦ ਵਿਹਾਰ (ਟ) - ਸ਼ੇਖਪੁਰਾ - ਆਨੰਦ ਵਿਹਾਰ (ਟ) ਰਿਜ਼ਰਵ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ (ਸਪਤਾਹਿਕ ਵਿਚ ਦੋ ਦਿਨ)** — 52 ਫੇਰੇ

| ਗੱਡੀ ਨੰ: 04070 | | ਸਟੇਸ਼ਨ | ਗੱਡੀ ਨੰ: 04069 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 00:20 | ਆਨੰਦ ਵਿਹਾਰ (ਟ) | 23:20 | --- |
| 23:30 | --- | ਸ਼ੇਖਪੁਰਾ | --- | 00:30 |

ਚਲਨ ਦੇ ਦਿਨ : 04070 ਆਨੰਦ ਵਿਹਾਰ (ਟ) ਤੋਂ ਮਿਤੀ 17.04.2026 ਤੋਂ 14.07.2026 (ਹਰੇਕ ਸ਼ੁੱਕਰਵਾਰ ਅਤੇ ਮੰਗਲਵਾਰ) ਅਤੇ 04069 ਸ਼ੇਖਪੁਰਾ ਤੋਂ ਮਿਤੀ 18.04.2026 ਤੋਂ 15.07.2026 (ਹਰੇਕ ਸ਼ਨੀਵਾਰ ਅਤੇ ਬੁੱਧਵਾਰ) ਨੂੰ।
ਠਹਿਰਾਵ : ਗੋਬਿੰਦਪੁਰੀ, ਪ੍ਰਯਾਗਰਾਜ ਜੰ:, ਪੰ. ਦੀਨ ਦਯਾਲ ਉਪਾਦਯੇ ਜੰ:, ਦਿਲਦਾਰ ਨਗਰ ਜੰ:, ਬਕਸਰ, ਰਘੁਨਾਥਪੁਰ, ਆਰਾ, ਦਾਨਾਪੁਰ, ਪਟਨਾ ਜੰ:, ਰਾਜੇਂਦਰ ਨਗਰ ਟਰਮੀਨਲ, ਬਖਿਤਯਾਰਪੁਰ ਜੰ:, ਬਿਹਾਰ ਸ਼ਰੀਫ ਜੰ:, ਅਤੇ ਅਸਥਾਵੀ ਸਟੇਸ਼ਨ।
ਜਗ੍ਹਾਂ : ਪਹਿਲੀ ਵਾਤਾ., 2 ਟਿਯਰ ਵਾਤਾ. ਅਤੇ 3 ਟਿਯਰ ਵਾਤਾ.

**04620/04619 ਫ਼ਿਰੋਜ਼ਪੁਰ ਕੈਂਟ - ਝੰਝਾਰਪੁਰ - ਫ਼ਿਰੋਜ਼ਪੁਰ ਕੈਂਟ ਰਿਜ਼ਰਵ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ (ਸਪਤਾਹਿਕ)** — 12 ਫੇਰੇ

| ਗੱਡੀ ਨੰ: 04620 | | ਸਟੇਸ਼ਨ | ਗੱਡੀ ਨੰ: 04619 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 14:30 | ਫ਼ਿਰੋਜ਼ਪੁਰ ਕੈਂਟ ਜੰ: | 10:40 | --- |
| 23:30 | --- | ਝੰਝਾਰਪੁਰ ਜੰ: | --- | 01:00 |

ਚਲਨ ਦੇ ਦਿਨ : 04620 ਫ਼ਿਰੋਜ਼ਪੁਰ ਕੈਂਟ ਜੰ: ਤੋਂ ਮਿਤੀ 18.04.2026 ਤੋਂ 23.05.2026 (ਹਰੇਕ ਸ਼ਨੀਵਾਰ) ਅਤੇ 04619 ਝੰਝਾਰਪੁਰ ਤੋਂ ਮਿਤੀ 20.04.2026 ਤੋਂ 25.05.2026 (ਹਰੇਕ ਸੋਮਵਾਰ) ਨੂੰ।
ਠਹਿਰਾਵ : ਲੋਹਿਯਾ ਖਾਸ ਜੰ:, ਜਲੰਧਰ ਸਿਟੀ ਜੰ:, ਫਗਵਾੜਾ ਜੰ:, ਢੰਢਾਰੀ ਕਲਾਂ, ਸਰਹਿੰਦ ਜੰ:, ਰਾਜਪੁਰਾ ਜੰ:, ਅੰਬਾਲਾ ਕੈਂਟ ਜੰ:, ਬਰਾੜਾ, ਯਮੁਨਾਨਗਰ ਜਗਾਧਰੀ, ਸਹਾਰਨਪੁਰ ਜੰ:, ਰੁੜਕੀ, ਨਜੀਬਾਬਾਦ ਜੰ:, ਮੁਰਾਦਾਬਾਦ ਜੰ:, ਬਰੇਲੀ ਜੰ:, ਸ਼ਾਹਜਹਾਂਪੁਰ ਜੰ:, ਸੀਤਾਪੁਰ ਜੰ:, ਬੁਢਵਲ ਜੰ:, ਗੋਂਡਾ ਜੰ:, ਬਸਤੀ, ਗੋਰਖਪੁਰ ਜੰ:, ਕਪਤਾਨਗੰਜ ਜੰ:, ਬਗਹਾ, ਨਰਕਟਿਯਾਗੰਜ ਜੰ:, ਸਿਕਟਾ, ਰਕਸੋਲ ਜੰ:, ਬੈਰਗਨਿਆ, ਸੀਤਾਮੜ੍ਹੀ ਜੰ:, ਸ਼ਿਸ਼ੋ ਜੰ: ਅਤੇ ਸਕਰੀ ਜੰ: ਸਟੇਸ਼ਨ।
ਜਗ੍ਹਾਂ : 2 ਟਿਯਰ ਵਾਤਾ., 3 ਟਿਯਰ ਵਾਤਾ, 3 ਟਿਯਰ ਵਾਤਾ ਇਕੋਨਾਮੀ, ਸਲੀਪਰ ਅਤੇ ਜਨਰਲ

**04064/04063 ਨਵੀਂ ਦਿੱਲੀ ਜੰ: - ਗਯਾ ਜੰ: - ਨਵੀਂ ਦਿੱਲੀ ਜੰ: ਰਿਜ਼ਰਵ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ** — 98 ਫੇਰੇ

| ਗੱਡੀ ਨੰ: 04064 | | ਸਟੇਸ਼ਨ | ਗੱਡੀ ਨੰ: 04063 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 11:00 | ਨਵੀਂ ਦਿੱਲੀ ਜੰ: | 08:10 | --- |
| 07:15 | --- | ਗਯਾ ਜੰ: | --- | 09:15 |

ਚਲਨ ਦੇ ਦਿਨ : 04064 ਨਵੀਂ ਦਿੱਲੀ ਤੋਂ ਮਿਤੀ 15.04.2026 ਤੋਂ 14.07.2026 (ਮਿਤੀ 21.05.2026, 23.05.2026 ਅਤੇ 25.05.2026 ਨੂੰ ਛੱਡਕੇ) ਅਤੇ 04063 ਗਯਾ ਜੰ: ਤੋਂ ਮਿਤੀ 16.04.2026 ਤੋਂ 15.07.2026 (ਮਿਤੀ 22.05.2026, 24.05.2026 ਅਤੇ 26.05.2026 ਨੂੰ ਛੱਡਕੇ) ਨੂੰ।
ਠਹਿਰਾਵ : ਟੁੰਡਲਾ, ਗੋਬਿੰਦਪੁਰੀ, ਸੂਬੇਦਾਰ ਗੰਜ, ਪੰ. ਦੀਨ ਦਯਾਲ ਉਪਾਦਯੇ ਜੰ:, ਭਭੂਆ ਰੋਡੇ ਸਾਸਾਰਾਮ, ਡੇਹਰੀ ਆਨਸੋਨ ਅਤੇ ਅਨੁਗ੍ਰਹਿ ਨਾਰਾਯਣ ਰੋਡ ਸਟੇਸ਼ਨ।
ਜਗ੍ਹਾਂ : 3 ਟਿਯਰ ਵਾਤਾ., ਸਲੀਪਰ ਅਤੇ ਜਨਰਲ

**04066/04065 ਆਨੰਦ ਵਿਹਾਰ (ਟ) - ਖੋਰਘਾ ਰੋਡ - ਆਨੰਦ ਵਿਹਾਰ (ਟ) ਰਿਜ਼ਰਵ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ (ਸਪਤਾਹਿਕ)** — 08 ਫੇਰੇ

| ਗੱਡੀ ਨੰ: 04066 | | ਸਟੇਸ਼ਨ | ਗੱਡੀ ਨੰ: 04065 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 00:30 | ਆਨੰਦ ਵਿਹਾਰ (ਟ) | 03:40 | --- |
| 11:30 | --- | ਖੋਰਘਾ ਰੋਡ | --- | 15:30 |

ਚਲਨ ਦੇ ਦਿਨ : 04066 ਆਨੰਦ ਵਿਹਾਰ (ਟ) ਤੋਂ ਮਿਤੀ 20.04.26 ਤੋਂ 11.05.26 (ਹਰੇਕ ਸੋਮਵਾਰ) ਅਤੇ 04065 ਖੋਰਘਾ ਰੋਡ ਤੋਂ ਮਿਤੀ 21.04.26 ਤੋਂ 12.05.26 (ਹਰੇਕ ਮੰਗਲਵਾਰ) ਨੂੰ।
ਠਹਿਰਾਵ : ਗਾਜੀਆਬਾਦ, ਗੋਬਿੰਦਪੁਰੀ, ਸੂਬੇਦਾਰ ਗੰਜ, ਮਿਰਜਾਪੁਰ, ਪੰ. ਦੀਨ ਦਯਾਲ ਉਪਾਦਯੇ ਜੰ:, ਭਭੂਆ ਰੋਡ, ਸਾਸਾਰਾਮ, ਡੇਹਰੀ ਆਨਸੋਨ, ਅਨਗ੍ਰਹਿ ਨਾਰਾਯਣ ਰੋਡ, ਗਯਾ ਜੰ:, ਪਹਾੜਪੁਰ, ਕੋਡਰਮਾ, ਹਜ਼ਾਰੀਬਾਗ ਰੋਡ, ਪਾਰਸਨਾਥ, ਨੇਤਾਜੀ ਸੁਭਾਸ਼ ਚੰਦਰ ਬੋਡ ਜੰ:, ਗੋਮੋਹ, ਆਦ੍ਰਾ, ਬਾਕੁਡਾ, ਵਿਸ਼ਣੂਪੁਰ, ਮੇਦਿਨੀਪੁਰ, ਹਿਜਲੀ, ਬਾਲੇਸ਼ਵਰ, ਭਦ੍ਰਕ, ਜਾਜਾਪੁਰ ਕੇਨਦੁਝਰ ਰੋਡ, ਕਟਕ ਅਤੇ ਭੁਵਨੇਸ਼ਵਰ ਸਟੇਸ਼ਨ।
ਜਗ੍ਹਾਂ : ਪਹਿਲੀ ਵਾਤਾ., 2 ਟਿਯਰ ਵਾਤਾ., 3 ਟਿਯਰ ਵਾਤਾ., ਸਲੀਪਰ ਅਤੇ ਜਨਰਲ

**04185/04186 ਵੀਰਾਂਗਨਾ ਲਖਸ਼ਮੀਬਾਈ ਝਾਂਸੀ - ਆਸਨਸੋਲ - ਵੀਰਾਂਗਨਾ ਲਖਸ਼ਮੀ ਝਾਂਸੀ ਵਿਸ਼ੇਸ਼ ਰੇਲਗੱਡੀ (ਸਪਤਾਹ ਵਿਚ ਦੋ ਦਿਨ)** — 46 ਫੇਰੇ

| ਗੱਡੀ ਨੰ: 04185 | | ਸਟੇਸ਼ਨ | ਗੱਡੀ ਨੰ: 04186 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 09:20 | ਵੀਰਾਂਗਨਾ ਲਖਸ਼ਮੀਬਾਈ ਝਾਂਸੀ | 19:10 | --- |
| 20:45 | 20:50 | ਵਾਰਾਣਸੀ ਜੰ: | 06:35 | 06:40 |
| 14:30 | --- | ਆਸਨਸੋਲ | --- | 17:10 |

ਚਲਨ ਦੇ ਦਿਨ : 04184 ਵੀਰਾਂਗਨਾ ਲਖਸ਼ਮੀਬਾਈ ਝਾਂਸੀ ਤੋਂ ਮਿਤੀ 28.06.2026 ਤਕ (ਹਰੇਕ ਐਤਵਾਰ ਅਤੇ ਬੁੱਧਵਾਰ) ਅਤੇ 04186 ਆਸਨਸੋਲ ਤੋਂ ਮਿਤੀ 29.06.2026 ਤਕ (ਹਰੇਕ ਸੋਮਵਾਰ ਅਤੇ ਵੀਰਵਾਰ) ਨੂੰ।
ਠਹਿਰਾਵ : ਉਰਈ, ਪੁਖਰਾਯਾਂ, ਗੋਬਿੰਦਪੁਰੀ, ਫਤੇਹਪੁਰ, ਪ੍ਰਯਾਗਰਾਜ ਜੰ:, ਗਿਆਨਪੁਰ ਰੋਡ, ਬਨਾਰਸ, ਵਾਰਾਣਸੀ ਜੰ:, ਓਂਡਿਹਾਰ ਜੰ:, ਗਾਜੀਪੁਰ ਸਿਟੀ, ਬਲਿਯਾ, ਸੁਰੇਮਨਪੁਰ, ਛਪਰਾ, ਹਾਜੀਪੁਰ, ਸ਼ਾਹਪੁਰ ਪਟੋਰੀ, ਬਰੋਨੀ, ਕਿਊਲ ਜੰ:, ਝਾਝਾ, ਜਸੀਡੀਹ, ਮਧੁਪੁਰ ਜੰ: ਅਤੇ ਚਿਤਰੰਜਨ ਸਟੇਸ਼ਨ।
ਜਗ੍ਹਾਂ : 3 ਟਿਯਰ ਵਾਤਾ., ਸਲੀਪਰ, ਦੂਸਰੀ ਸ਼੍ਰੇਣੀ ਅਤੇ ਜਨਰਲ

**04127/04128 ਕਾਨਪੁਰ ਸੈਂਟਰਲ - ਗੁਵਾਹਾਟੀ - ਕਾਨਪੁਰ ਸੈਂਟਰਲ ਵਿਸ਼ੇਸ਼ ਰੇਲਗੱਡੀ (ਸਪਤਾਹਿਕ)** — 10 ਫੇਰੇ

| ਗੱਡੀ ਨੰ: 04127 | | ਸਟੇਸ਼ਨ | ਗੱਡੀ ਨੰ: 04128 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 08:00 | ਕਾਨਪੁਰ ਸੈਂਟਰਲ | 07:30 | --- |
| 13:45 | 13:50 | ਵਾਰਾਣਸੀ ਜੰ: | 23:05 | 23:15 |
| 19:00 | --- | ਗੁਵਾਹਟੀ | --- | 22:00 |

ਚਲਨ ਦੇ ਦਿਨ : 04127 ਕਾਨਪੁਰ ਸੈਂਟਰਲ ਤੋਂ ਮਿਤੀ 16.04.2026 ਤੋਂ 14.05.2026 ਤਕ (ਹਰੇਕ ਵੀਰਵਾਰ) ਅਤੇ 04128 ਗੁਵਾਹਟੀ ਤੋਂ ਮਿਤੀ 17.04.2026 ਤੋਂ 15.05.2026 ਤਕ (ਹਰੇਕ ਸ਼ੁੱਕਰਵਾਰ) ਨੂੰ।
ਠਹਿਰਾਵ : ਫਤੇਹਪੁਰ, ਪ੍ਰਯਾਗਰਾਜ, ਗਿਆਨਪੁਰ ਰੋਡ, ਬਨਾਰਸ, ਵਾਰਾਣਸੀ ਜੰ:, ਗਾਜੀਪੁਰ ਸਿਟੀ, ਬਲਿਯਾ, ਛਪਰਾ, ਸੋਨਪੁਰ, ਹਾਜੀਪੁਰ, ਸ਼ਾਹਪੁਰ ਪਟੋਰੀ, ਬਰੋਨੀ, ਬੇਗੂਸਰਾਯ, ਖਗਡਿਯਾ, ਮਾਨਸੀ, ਨਵਗਛਿਯਾ, ਕਟਿਹਾਰ, ਬਾਰਸੋਈ ਜੰ:, ਕਿਸ਼ਨਗੰਜ, ਅਲੂਆਬਾਡੀ ਰੋਡ, ਨਯੂ ਜਲਪਾਈਗੁਡੀ, ਨਯੂ ਕੋਚਬਿਹਾਰ, ਨਯੂ ਅਲੀਪੁਰਦੁਆਰ, ਕੋਕਰਾਝਾਰ, ਨਯੂ ਬੋਂਗਾਈਗਾਂਵ, ਬਰਪੇਟਾ ਰੋਡ, ਰੰਗਿਯਾ ਅਤੇ ਕਾਮਖਯਾ ਸਟੇਸ਼ਨ
ਜਗ੍ਹਾਂ : 3 ਟਿਯਰ ਵਾਤਾ., ਸਲੀਪਰ ਅਤੇ ਜਨਰਲ

**01491/01492 ਪੂਣੈ ਜੰ: - ਹ. ਨਿਜ਼ਾਮੁਦੀਨ - ਪੂਣੇ ਜੰ: ਵਿਸ਼ੇਸ਼ ਰੇਲਗੱਡੀ (ਸਪਤਾਹਿਕ)** — 22 ਫੇਰੇ

| ਗੱਡੀ ਨੰ: 01491 | | ਸਟੇਸ਼ਨ | ਗੱਡੀ ਨੰ: 01492 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 17:30 | ਪੂਣੇ ਜੰ: | 23:55 | --- |
| 18:30 | --- | ਹ. ਨਿਜ਼ਾਮੁਦੀਨ | --- | 21:25 |

ਚਲਨ ਦੇ ਦਿਨ : 01491 ਪੂਣੇ ਜੰ: ਤੋਂ ਮਿਤੀ 17.04.2026 ਤੋਂ 10.07.2026 (ਮਿਤੀ 22.05.2026 ਨੂੰ ਛੱਡਕੇ) ਹਰੇਕ ਸ਼ੁੱਕਰਵਾਰ ਅਤੇ 01492 ਹ. ਨਿਜ਼ਾਮੁਦੀਨ ਤੋਂ ਮਿਤੀ 18.04.2026 ਤੋਂ 11.07.2026 (ਮਿਤੀ 23.05.2026 ਨੂੰ ਛੱਡਕੇ) ਹਰੇਕ ਸ਼ਨੀਵਾਰ ਨੂੰ।
ਠਹਿਰਾਵ : ਲੋਨਵਲਾ, ਕਲਿਆਣ, ਭਿਵੰਡੀ ਰੋਡ, ਬਸਈ ਰੋਡ, ਬਾਪੀ, ਸੂਰਤ, ਵਡੋਦਰਾ, ਰਤਲਾਮ, ਸ਼ਾਮਗੜ੍ਹ, ਭਵਾਨੀ ਮੰਡੀ, ਰਾਮਗੰਜ ਮੰਡੀ, ਕੋਟਾ, ਸਵਾਈ ਮਾਧੋਪੁਰ, ਗੰਗਾਪੁਰ ਸਿਟੀ, ਭਰਤਪੁਰ ਅਤੇ ਮਥੁਰਾ ਸਟੇਸ਼ਨ।
ਜਗ੍ਹਾਂ : 2 ਟਿਯਰ ਵਾਤਾ., 3 ਟਿਯਰ ਵਾਤਾ., ਸਲੀਪਰ ਅਤੇ ਜਨਰਲ

**09523/09524 ਓਖਾ - ਸ਼ਕੂਰ ਬਸਤੀ - ਓਖਾ ਸੁਪਰਫਾਸਟ ਵਿਸ਼ੇਸ਼ ਰੇਲਗੱਡੀ (ਸਪਤਾਹਿਕ)** — 24 ਫੇਰੇ

| ਗੱਡੀ ਨੰ: 09523 | | ਸਟੇਸ਼ਨ | ਗੱਡੀ ਨੰ: 09524 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 10:20 | ਓਖਾ | 13:00 | --- |
| 10:35 | --- | ਸ਼ਕੂਰ ਬਸਤੀ | --- | 13:15 |

ਚਲਨ ਦੇ ਦਿਨ : 09523 ਓਖਾ ਤੋਂ ਮਿਤੀ 14.04.26 ਤੋਂ 30.06.26 (ਹਰੇਕ ਮੰਗਲਵਾਰ) ਅਤੇ 09524 ਸ਼ਕੂਰ ਬਸਤੀ ਤੋਂ ਮਿਤੀ 15.04.26 ਤੋਂ 01.07.26 (ਹਰੇਕ ਬੁੱਧਵਾਰ) ਨੂੰ।
ਠਹਿਰਾਵ : ਦੁਵਾਰਕਾ, ਖੰਭਾਲਿਯਾ, ਜਾਮਨਗਰ, ਹਾਪਾ, ਰਾਜਕੋਟ ਜੰ:, ਬਾਂਕਾਨੇਰ, ਸੁਰੇਂਦਰਨਗਰ, ਵਿਰਾਮਗਾਮ ਜੰ:, ਮਹੇਸਾਨਾ ਜੰ:, ਊਂਝਾ, ਸਿਦੁਪੁਰ, ਪਾਲਨਪੁਰ ਜੰ:, ਆਬੂ ਰੋਡ, ਫਾਲਨਾ, ਮਾਰਵਾਡ ਜੰ:, ਬਯਾਵਰ, ਅਜਮੇਰ, ਕਿਸ਼ਨਗੜ੍ਹ, ਜੈਪੁਰ, ਗਾਂਧੀਨਗਰ ਜੈਪੁਰ, ਦੋਸਾ, ਬਾਂਦੀਕੂੰਈ, ਅਲਵਰ, ਰੇਵਾੜੀ, ਗੁੜਗਾਂਵ ਅਤੇ ਦਿੱਲੀ ਕੈਂਟ ਸਟੇਸ਼ਨ।
ਜਗ੍ਹਾਂ : 2 ਟਿਯਰ ਵਾਤਾ., 3 ਟਿਯਰ ਵਾਤਾ., 3 ਟਿਯਰ ਵਾਤਾ., ਇਕੋਨਾਮੀ, ਸਲੀਪਰ ਅਤੇ ਜਨਰਲ

**04086/04085 ਮੇਰਠ ਸਿਟੀ ਜੰ: - ਸੰਤਰਗਾਛੀ ਜੰ: - ਮੇਰਠ ਸਿਟੀ ਜੰ: ਰਿਜ਼ਰਵ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ** — 02 ਫੇਰੇ

| ਗੱਡੀ ਨੰ: 04086 | | ਸਟੇਸ਼ਨ | ਗੱਡੀ ਨੰ: 04085 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 23:00 | ਮੇਰਠ ਸਿਟੀ ਜੰ: | 17:30 | --- |
| 06:35 | --- | ਸੰਤਰਗਾਛੀ ਜੰ: | --- | 14:00 |

ਚਲਨ ਦੇ ਦਿਨ : 04086 ਮੇਰਠ ਸਿਟੀ ਜੰ: ਤੋਂ ਮਿਤੀ 14.04.2026 ਅਤੇ 04085 ਸੰਤਰਾਗਾਛੀ ਤੋਂ ਮਿਤੀ 16.04.2026 ਨੂੰ।
ਠਹਿਰਾਵ : ਹਾਪੁੜ ਜੰ:, ਖੁਰਜਾ ਜੰ:, ਅਲੀਗੜ੍ਹ ਜੰ:, ਗੋਬਿੰਦਪੁਰੀ, ਸੂਬੇਦਾਰਗੰਜ, ਪੰ. ਦੀਨ ਦਯਾਲ ਉਪਾਦਯੇ ਜੰ:, ਭਭੂਆ ਰੋਡ, ਸਾਸਾਰਾਮ, ਡੇਹਰੀ ਆਨਸੋਨ, ਅਨੁਗ੍ਰਹਿ ਨਾਰਾਯਣ ਰੋਡ, ਗਯਾ ਜੰ:, ਪਹਾੜਪੁਰ, ਕੋਡਰਮਾ, ਹਜਾਰੀਬਾਗ ਰੋਡ, ਪਾਰਸਨਾਥ, ਨੇਤਾਜੀ ਸੁਭਾਸ਼ ਚੰਦਰ ਬੋਸ ਜੰ:, ਗੋਮੋਹ, ਮਹੂਦਾ ਜੰ:, ਭੋਜੂਡੀਹ ਜੰ: ਆਦ੍ਰਾ, ਬਾਂਕੁਡਾ, ਵਿਸ਼ਨੂਪੁਰ, ਮੇਦਿਨੀਪੁਰ, ਖੜਗਪੁਰ ਅਤੇ ਪਾਸ਼ਕੁਡਾ ਜੰ: ਸਟੇਸ਼ਨ।
ਜਗ੍ਹਾਂ : 2 ਟਿਯਰ ਵਾਤਾ., 3 ਟਿਯਰ ਵਾਤਾ., 3 ਟਿਯਰ ਵਾਤਾ.,ਸਲੀਪਰ ਅਤੇ ਜਨਰਲ

**04679/04680 ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ - ਸ੍ਰੀਨਗਰ - ਸ੍ਰੀ ਮਾਤਾ ਵੈਸ਼ਣੋ ਦੇਵੀ ਕਟੜ ਰਿਜ਼ਰਵ ਵਿਸ਼ੇਸ਼ ਰੇਲਗੱਡੀ (ਹਰਰੋਜ਼)** — 08 ਫੇਰੇ

| ਗੱਡੀ ਨੰ: 04679 | | ਸਟੇਸ਼ਨ | ਗੱਡੀ ਨੰ: 04680 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 10:05 | ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ | 19:00 | --- |
| 13:35 | --- | ਸ੍ਰੀਨਗਰ | --- | 15:10 |

ਚਲਨ ਦੇ ਦਿਨ : 04679 ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ ਅਤੇ 04680 ਸ੍ਰੀਨਗਰ ਤੋਂ ਹਰਰੋਜ਼ ਮਿਤੀ 15.04.2026 ਤਕ।
ਠਹਿਰਾਵ : ਰਿਯਾਸੀ, ਸੰਗਲਦਾਨ ਅਤੇ ਬਨਿਹਾਲ ਸਟੇਸ਼ਨ।
ਜਗ੍ਹਾਂ : 3 ਟਿਯਰ ਵਾਤਾ., ਸਲੀਪਰ ਅਤੇ ਜਨਰਲ

**05048/05047 ਬਨਾਰਸ - ਕੋਲਕਤਾ - ਬਨਾਰਸ ਵਿਸ਼ੇਸ਼ ਰੇਲਗੱਡੀ (ਸਪਤਾਹਿਕ)** — 06 ਫੇਰੇ

| ਗੱਡੀ ਨੰ: 05048 | | ਸਟੇਸ਼ਨ | ਗੱਡੀ ਨੰ: 05047 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 10:45 | ਬਨਾਰਸ | 04:15 | --- |
| 10:55 | 11:00 | ਵਾਰਾਣਸੀ ਜੰ: | 03:45 | 03:50 |
| 06:15 | --- | ਕੋਲਕਤਾ | --- | 08:25 |

ਚਲਨ ਦੇ ਦਿਨ : 05048 ਬਨਾਰਸ ਤੋਂ ਮਿਤੀ 14.04.2026 ਤੋਂ 28.04.2026 (ਹਰੇਕ ਮੰਗਲਵਾਰ) ਅਤੇ 05047 ਕੋਲਕਤਾ ਤੋਂ ਮਿਤੀ 15.04.2026 ਤੋਂ 29.04.2026 (ਹਰੇਕ ਬੁੱਧਵਾਰ) ਨੂੰ।
ਠਹਿਰਾਵ : ਵਾਰਾਣਸੀ, ਓਂਡਿਹਾਰ, ਗਾਜੀਪੁਰ ਸਿਟੀ, ਬਲਿਯਾ, ਰੇਵਤੀ, ਸੁਰੇਮਨਪੁਰ, ਛਪਰਾ, ਦਿਘਵਾਰਾ, ਸੋਨਪੁਰ, ਹਾਜੀਪੁਰ, ਸ਼ਾਹਪੁਰ ਪਟੋਰੀ, ਬਰੋਨੀ, ਕਿਊਲ, ਝਾਝਾ, ਜਸੀਡੀਹ, ਮਧੁਪੁਰ, ਚਿਤਰੰਜਨ, ਆਸਨਸੋਲ, ਦੁਰਗਾਪੁਰ, ਵਰਧਮਾਨ, ਬੈਂਡੇਲ ਅਤੇ ਨੈਹਾਟੀ ਸਟੇਸ਼ਨ।
ਜਗ੍ਹਾਂ : 3 ਟਿਯਰ ਵਾਤਾ. ਇਕੋਨਾਮੀ

**09195/09196 ਪ੍ਰਤਾਪਨਗਰ - ਮਊ ਜੰ: - ਪ੍ਰਤਾਪਗੜ੍ਹ ਸੁਪਰਫਾਸਟ ਵਿਸ਼ੇਸ਼ ਰੇਲਗੱਡੀ (ਸਪਤਾਹਿਕ)** — 31 ਫੇਰੇ

| ਗੱਡੀ ਨੰ: 09195 | | ਸਟੇਸ਼ਨ | ਗੱਡੀ ਨੰ: 09196 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 16:00 | ਪ੍ਰਤਾਪਗੜ੍ਹ | 03:15 | --- |
| 15:40 | 15:45 | ਵਾਰਾਣਸੀ ਜੰ: | 02:15 | 02:20 |
| 18:00 | --- | ਮਊ ਜੰ: | --- | 23:25 |

ਚਲਨ ਦੇ ਦਿਨ : 09195 ਪ੍ਰਤਾਪਨਗਰ ਤੋਂ ਮਿਤੀ 25.07.2026 ਤਕ (ਹਰੇਕ ਸ਼ਨੀਵਾਰ) ਅਤੇ 09196 ਮਊ ਜੰ: ਤੋਂ ਮਿਤੀ 12.04.2026 ਤੋਂ 26.07.2026 (ਹਰੇਕ ਐਤਵਾਰ) ਨੂੰ।
ਠਹਿਰਾਵ : ਵਡੋਦਰਾ ਜੰ:, ਗੋਧਰਾ, ਦਾਹੋਦ, ਰਤਲਾਮ ਜੰ:, ਕੋਟਾ ਜੰ:, ਗੰਗਾਪੁਰ ਸਿਟੀ, ਬਯਾਨਾ ਜੰ:, ਰੂਪਬਾਸ, ਆਗਰਾ ਕੈਂਟ, ਫਤੇਹਾਬਾਦ, ਬਾਹ, ਇਟਾਵਾ, ਗੋਬਿੰਦਪੁਰੀ, ਪ੍ਰਯਾਗਰਾਜ ਜੰ:, ਗਿਆਨਪੁਰ ਰੋਡ, ਬਨਾਰਸ, ਵਾਰਾਣਸੀ ਅਤੇ ਓਂਡਿਹਾਰ ਜੰ:।
ਜਗ੍ਹਾਂ : ਪਹਿਲੀ ਵਾਤਾ., 2 ਟਿਯਰ ਵਾਤਾ.,3 ਟਿਯਰ ਵਾਤਾ., ਸਲੀਪਰ ਅਤੇ ਜਨਰਲ।

**09271/09272 ਭਾਵਨਗਰ (ਟ) - ਹਰਿਦੁਆਰ - ਭਾਵਨਗਰ (ਟ) ਵਿਸ਼ੇਸ਼ ਰੇਲਗੱਡੀ ਵਿਸ਼ੇਸ਼ ਕਿਰਾਏ ਉਤੇ (ਸਪਤਾਹਿਕ)** — 16 ਫੇਰੇ

| ਗੱਡੀ ਨੰ: 09271 | | ਸਟੇਸ਼ਨ | ਗੱਡੀ ਨੰ: 09272 | |
|---|---|---|---|---|
| ਆਉਣਾ | ਜਾਣਾ | | ਆਉਣਾ | ਜਾਣਾ |
| --- | 04:25 | ਭਾਵਨਗਰ (ਟ) | 04:35 | --- |
| 15:00 | --- | ਹਰਿਦੁਆਰ | --- | 16:25 |

ਚਲਨ ਦੇ ਦਿਨ : 09271 ਭਾਵਨਗਰ (ਟ) ਤੋਂ ਮਿਤੀ 12.04.26 ਤੋਂ 31.05.26 ਤਕ (ਹਰੇਕ ਐਤੀਵਾਰ) ਅਤੇ 09272 ਹਰਿਦੁਆਰ ਤੋਂ ਮਿਤੀ 13.04.26 ਤੋਂ 01.06.26 (ਹਰੇਕ ਸੋਮਵਾਰ) ਨੂੰ।
ਠਹਿਰਾਵ : ਸਿਹੋਰ ਗੁਜਰਾਤ, ਧੋਲਾ ਜੰ:, ਬੋਟਾਦ ਜੰ:, ਸੁਰੇਂਦਰਨਗਰ ਗੇਟ, ਵੀਰਮਗਾਮ ਜੰ:, ਅਮਬਲੀ ਰੋਡ, ਗਾਂਧੀਨਗਰ ਕੈਪਿਟਲ, ਮਹੇਸਾਨਾ ਜੰ:, ਪਾਲਨਪੁਰ ਜੰ;, ਆਬੂ ਰੋਡ, ਪਿੰਡਵਾੜਾ, ਫਾਲਨਾ, ਮਾਰਵਾੜ ਜੰ:, ਪਾਲੀ ਮਾਰਵਾੜ, ਲੂਨੀ ਜੰ;, ਜੋਧਪੁਰ ਜੰ:, ਗੋਟਨ, ਮੇਹਤਾ ਰੋਡ ਜੰ:, ਡੇਗਾਨਾ ਜੰ:, ਛੋਟੀ ਖਾਟੂ, ਡੀਡੀਵਾਨਾ, ਲਾਡਨੂੰ, ਸੁਜਾਨਗੜ੍ਹ, ਰਤਨਗੜ੍ਹ ਜੰ:, ਚੁਰੂ, ਸਾਦੁਲਪੁਰ ਜੰ: ਭਿਵਾਨੀ, ਹਿਸਾਰ, ਭਿਵਾਨੀ ਜੰ:, ਕਲਾਨੋਰ ਕਲਾਂ, ਰੋਹਤਕ ਜੰ:, ਪਾਨੀਪਤ ਜੰ:, ਅੰਬਾਲਾ ਕੈਂਟ ਜੰ:, ਸਹਾਰਨਪੁਰ ਜੰ: ਅਤੇ ਰੁੜਕੀ ਸਟੇਸ਼ਨ।
ਜਗ੍ਹਾਂ : 2 ਟਿਯਰ ਵਾਤਾ.,3 ਟਿਯਰ ਵਾਤਾ., ਸਲੀਪਰ ਅਤੇ ਜਨਰਲ।

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿਸੀ ਵੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੈੱਬਸਾਈਟ https://.enquiry.indianrail.gov.in ਜਾਂ NTES ਏਪ ਦੇਖੋ।

ਉਤੇ ਸਾਨੂੰ ਫਾਲੋ ਕਰੋ

**ਉੱਤਰ ਰੇਲਵੇ**
ਤੁਹਾਡੀ ਸੁਵਿਧਾ - ਸਾਡਾ ਸ਼੍ਰੇਯ
ਸਾਨੂੰ www.nr.indianrailways.gov.in ਉਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ਡਾ. ਨਿਸ਼ਾਨ ਸਿੰਘ ਰਾਠੌਰ
075892-33437



**ਅਸੀਂ ਕਦੇ ਗਾਇਕੀ ਦੇ ਸਾਰਥਕ ਪਹਿਲੂਆਂ ਉੱਪਰ ਬਹੁਤੀ ਵਿਚਾਰ-ਚਰਚਾ ਨਹੀਂ ਕਰਦੇ, ਚੰਗੇ ਕੰਮ ਦੀ ਪ੍ਰਸ਼ੰਸਾ ਨਹੀਂ ਕਰਦੇ। ਜੇ ਕੁਝ ਲੋਕ ਮੰਦਾ ਗਾ ਰਹੇ ਹਨ ਤਾਂ ਕੁਝ ਚੰਗਾ ਵੀ ਗਾ ਰਹੇ ਹਨ ਪਰ ਉਨ੍ਹਾਂ ਦੀ ਕਦੇ ਸਾਰਥਕ ਚਰਚਾ ਨਹੀਂ ਕੀਤੀ ਜਾਂਦੀ। ਜੇ ਮੰਦਾ ਗਾਉਣ ਵਾਲੇ ਇਸੇ ਤਰ੍ਹਾਂ ਸੋਭਾ ਖੱਟਦੇ ਰਹੇ ਤਾਂ ਚੰਗਾ ਗਾਉਣ ਵਾਲੇ ਕਦੇ ਵੀ ਅੱਗੇ ਨਹੀਂ ਆ ਸਕਦੇ...**

# ਲੋੜ ਹੈ ਸਾਰਥਕ ਗੀਤਾਂ ਨੂੰ ਹੱਲਾਸ਼ੇਰੀ ਦੇਣ ਦੀ

ਅੱਜ ਹਰ ਪਾਸੇ ਵਿਗਿਆਨਕ ਕਾਢਾਂ ਦਾ ਬੋਲ-ਬਾਲਾ ਹੈ। ਮਨੁੱਖੀ ਜੀਵਨ ਪਹਿਲਾਂ ਨਾਲੋਂ ਵਧੇਰੇ ਸੁਖਾਲਾ ਹੋਇਆ ਹੈ। ਹੱਥੀਂ ਕੰਮ ਕਰਨ ਤੋਂ ਨਿਜਾਤ ਮਿਲੀ ਹੈ ਕਿਉਂਕਿ ਮਸ਼ੀਨਾਂ ਨੇ ਬਹੁਤੇ ਮਨੁੱਖੀ ਕੰਮਾਂ ਨੂੰ ਆਸਾਨ ਬਣਾ ਦਿੱਤਾ ਹੈ। ਦਿਨਾਂ ਦਾ ਕੰਮ ਘੰਟਿਆਂ 'ਚ ਹੋਣ ਲੱਗਾ ਹੈ ਪਰ ਅੱਜ ਦਾ ਮਨੁੱਖ ਸਰੀਰਕ ਲੋੜਾਂ ਤੋਂ ਇਲਾਵਾ ਮਾਨਸਿਕ ਸਕੂਨ ਵੀ ਚਾਹੁੰਦਾ ਹੈ। ਇਸ ਦੇ ਲਈ ਮਨੁੱਖ ਮਨਪਸੰਦ ਗੀਤ-ਸੰਗੀਤ ਸੁਣਨਾ ਚਾਹੁੰਦਾ ਹੈ। ਇਸੇ ਲਈ ਸੰਗੀਤ ਨੂੰ ਰੂਹ ਦੀ ਖ਼ੁਰਾਕ ਮੰਨਿਆ ਜਾਂਦਾ ਹੈ ਪਰ ਅਜੋਕੀ ਪੰਜਾਬੀ ਗਾਇਕੀ 'ਚ ਲੱਚਰਤਾ ਜ਼ਿਆਦਾ ਹੋ ਗਈ ਹੈ ਤੇ ਰੂਹ ਨੂੰ ਸਕੂਨ ਦੇਣ ਵਾਲੇ ਗੀਤ ਘੱਟ ਹੀ ਸੁਣਨ ਨੂੰ ਮਿਲਦੇ ਹਨ।

## ਚੰਗੇ ਕਲਾਕਾਰ ਗੀਤ-ਸੰਗੀਤ ਤੋਂ ਹੋਏ ਦੂਰ

ਪੰਜਾਬੀ ਗੀਤਕਾਰੀ ਤੇ ਗਾਇਕੀ ਦੇ ਡਿੱਗਦੇ ਮਿਆਰ ਨਾਲ ਸਬੰਧਤ ਬਹੁਤ ਸਾਰੇ ਸੈਮੀਨਾਰਾਂ ਦੌਰਾਨ ਲੇਖ ਪੜ੍ਹੇ ਜਾਂਦੇ ਹਨ ਪਰ ਸੰਗੀਤ ਦੇ ਸਾਰਥਕ ਪਹਿਲੂਆਂ ਬਾਰੇ ਨਿੱਠ ਕੇ ਕੰਮ ਕਰਨ ਵਿਚ ਆਮਤੌਰ 'ਤੇ ਕੁਤਾਹੀ ਹੀ ਵਰਤੀ ਜਾਂਦੀ ਹੈ। ਇਸੇ ਲਈ ਬਹੁਤ ਸਾਰੇ ਚੰਗੇ ਗਾਇਕ ਤੇ ਗੀਤਕਾਰ ਗਿਲਾ ਕਰਦੇ ਹਨ ਕਿ ਮਾੜੇ ਗੀਤਾਂ ਬਾਰੇ ਬਹੁਤ ਰੌਲ਼ਾ ਪਾਇਆ ਜਾਂਦਾ ਹੈ ਪਰ ਚੰਗੇ ਗੀਤਾਂ ਦੀ ਸਿਫ਼ਤ ਨਹੀਂ ਕੀਤੀ ਜਾਂਦੀ। ਇਹ ਗੱਲ ਸੱਚ ਹੈ ਕਿ ਅਸੀਂ ਮਾੜੇ ਗੀਤਾਂ ਨੂੰ ਮਸ਼ਹੂਰ ਕਰ ਦਿੰਦੇ ਹਾਂ ਪਰ ਚੰਗੇ ਤੇ ਸਾਰਥਕ ਗੀਤਾਂ ਬਾਰੇ ਕੋਈ ਵਿਚਾਰ-ਚਰਚਾ ਨਹੀਂ ਕਰਦੇ। ਇਸੇ ਕਰਕੇ ਬਹੁਤ ਸਾਰੇ ਚੰਗੇ ਗਾਇਕ ਤੇ ਗੀਤਕਾਰ ਸੰਗੀਤਕ ਖੇਤਰ 'ਚੋਂ ਬਾਹਰ ਹੋ ਚੁੱਕੇ ਹਨ ਜਾਂ ਸੰਗੀਤ ਨੂੰ ਅਲਵਿਦਾ ਆਖ ਰਹੇ ਹਨ। ਖ਼ੈਰ! ਗੀਤ-ਸੰਗੀਤ ਨਾਲ ਜਿੱਥੇ ਮਨੁੱਖ ਦਾ ਮਨੋਰੰਜਨ ਹੁੰਦਾ ਹੈ ਉੱਥੇ ਬਹੁਤ ਸਾਰੇ ਨਵੇਂ ਤੱਥਾਂ ਬਾਰੇ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ। ਲੋਕ ਗੀਤਾਂ ਰਾਹੀਂ ਇਤਿਹਾਸਕ ਸਰੋਤਾਂ ਦੀ ਜਾਣਕਾਰੀ ਮਿਲਦੀ ਹੈ। ਮਨੋਵਿਗਿਆਨੀਆਂ ਦਾ ਕਹਿਣਾ ਹੈ, 'ਮਨੁੱਖੀ ਬਿਰਤੀ ਪੜ੍ਹਨ ਨਾਲੋਂ ਜ਼ਿਆਦਾ ਸੁਣਨ ਨੂੰ ਤੇਜ਼ੀ ਨਾਲ ਗ੍ਰਹਿਣ ਕਰਦੀ ਹੈ, ਭਾਵ ਬੰਦਾ ਪੜ੍ਹਨ ਨਾਲੋਂ ਸੁਣ ਕੇ ਵਧੇਰੇ ਸਿੱਖਦਾ ਹੈ।

## ਇਤਿਹਾਸਕ ਵਾਰਾਂ ਦੀ ਅਹਿਮੀਅਤ

ਸਕੂਲਾਂ-ਕਾਲਜਾਂ ਵਿਚ ਵੀ ਅੱਜ ਕੱਲ੍ਹ ਪੜ੍ਹਾਉਣ ਦੇ ਨਵੇਂ ਤਰੀਕੇ ਇਸਤੇਮਾਲ ਕੀਤੇ ਜਾ ਰਹੇ ਹਨ। ਨਿੱਕੇ ਬੱਚਿਆਂ ਨੂੰ ਪੜ੍ਹਾਉਣ ਲਈ ਕਿਤਾਬਾਂ ਦੇ ਨਾਲ-ਨਾਲ ਗੀਤ-ਸੰਗੀਤ ਦਾ ਸਹਾਰਾ ਜ਼ਿਆਦਾ ਲਿਆ ਜਾਣ ਲੱਗਾ ਹੈ। ਬੱਚੇ ਸੁਣ ਕੇ ਜ਼ਿਆਦਾ ਯਾਦ ਰੱਖਦੇ ਹਨ। ਵਰ੍ਹਿਆਂ ਪਹਿਲਾਂ ਵੇਖੀ ਕਿਸੇ ਫਿਲਮ ਦੀ ਕਹਾਣੀ ਨੂੰ ਵਰ੍ਹਿਆਂ ਤਕ ਚੇਤੇ ਰੱਖਿਆ ਜਾ ਸਕਦਾ ਹੈ ਪਰ ਪੜ੍ਹੀ ਹੋਈ ਕਹਾਣੀ ਬਹੁਤੀ ਦੇਰ ਚੇਤੇ ਨਹੀਂ ਰਹਿੰਦੀ। ਲੋਕ ਗੀਤਾਂ ਨੂੰ ਸੁਣਨ ਨਾਲ ਬਹੁਤ ਸਾਰੇ ਇਤਿਹਾਸਕ ਪਾਤਰਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ, ਜਿਨ੍ਹਾਂ ਬਾਰੇ ਕਿਤਾਬਾਂ ਤੋਂ ਕਦੇ ਨਹੀਂ ਪੜ੍ਹਿਆ ਗਿਆ ਹੁੰਦਾ। ਵੈਸੇ ਵੀ ਕਿਤਾਬਾਂ ਪੜ੍ਹਨ ਦਾ ਰੁਝਾਨ ਘੱਟ ਹੁੰਦਾ ਜਾ ਰਿਹਾ ਹੈ। ਪੰਜਾਬ ਦੇ ਲੋਕ-ਨਾਇਕ ਬਾਬਾ ਬੰਦਾ ਸਿੰਘ ਬਹਾਦਰ, ਦੁੱਲਾ-ਭੱਟੀ, ਜਿਊਣਾ-ਮੌੜ, ਜੱਗਾ-ਜੱਟ, ਸੁੱਚਾ ਸਿੰਘ ਸੂਰਮਾ ਆਦਿ ਬਾਰੇ ਗਾਈਆਂ ਗਈਆਂ ਵਾਰਾਂ ਨੇ ਨੌਜਵਾਨਾਂ ਨੂੰ ਉਨ੍ਹਾਂ ਦੇ ਜੀਵਨ ਬਾਰੇ ਕਾਫ਼ੀ ਜਾਣਕਾਰੀ ਦਿੱਤੀ ਹੈ। ਪੰਜਾਬੀ ਦੇ ਬਹੁਤ ਸਾਰੇ ਗਾਇਕਾਂ ਨੇ ਇਨ੍ਹਾਂ ਸੂਰਮਿਆਂ ਦੇ ਜੀਵਨ ਬਾਰੇ ਲੋਕ-ਗਾਥਾਵਾਂ ਗਾਈਆਂ ਹਨ। ਸ਼ੁਰੂ ਤੋਂ ਹੀ ਪੰਜਾਬੀ ਜਨ-ਜੀਵਨ ਵਿਚ ਇਨ੍ਹਾਂ ਅਣਖੀ ਯੋਧਿਆਂ ਦੀਆਂ ਵਾਰਾਂ ਗਾਉਣ-ਸੁਣਨ ਦਾ ਰੁਝਾਨ ਰਿਹਾ ਹੈ।

## ਸੂਫ਼ੀ ਸੰਗੀਤ

ਲੋਕ ਨਾਇਕਾਂ ਤੋਂ ਇਲਾਵਾ ਸੂਫ਼ੀ ਸੰਗੀਤ ਨੇ ਮਨੁੱਖ ਨੂੰ ਰੂਹਾਨੀ ਸੰਦੇਸ਼ ਦਿੱਤਾ ਹੈ। ਸੂਫ਼ੀ ਸੰਗੀਤ ਤੋਂ ਸਾਨੂੰ ਕਈ ਮਹਾਨ ਸੂਫ਼ੀ ਸੰਤਾਂ ਦੇ ਜੀਵਨ ਬਾਰੇ ਜਾਣਕਾਰੀ ਮਿਲਦੀ ਹੈ। ਇਨ੍ਹਾਂ ਸੂਫ਼ੀਆਂ ਨੇ ਇਸ਼ਕ ਹਕੀਕੀ ਨੂੰ ਇਬਾਦਤ ਤੇ ਰੱਬੀ ਪ੍ਰਾਪਤੀ ਦਾ ਰਾਹ ਦੱਸਿਆ ਹੈ। ਰੂਹਾਨੀ ਰਮਜ਼ਾਂ ਨੂੰ ਸੂਫ਼ੀ ਗਾਇਕੀ ਰਾਹੀਂ ਬਹੁਤ ਸਾਰੇ ਗਾਇਕਾਂ ਨੇ ਚੰਗੇ ਢੰਗ ਨਾਲ ਪੇਸ਼ ਕੀਤਾ ਹੈ। ਸਰੋਤਿਆਂ ਨੇ ਵੀ ਸੂਫ਼ੀ ਸੰਗੀਤ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਹੈ। ਸੂਫ਼ੀ ਸੰਗੀਤ ਰੂਹ ਨੂੰ ਸਕੂਨ ਦਿੰਦਾ ਹੈ ਤੇ ਸਰੋਤੇ ਉੱਪਰ ਬੇਖ਼ੁਦੀ ਦਾ ਆਲਮ ਤਾਰੀ ਕਰ ਦਿੰਦਾ ਹੈ। ਇਹ ਸੰਗੀਤ ਅੱਜ ਵੀ ਕਾਫ਼ੀ ਮਸ਼ਹੂਰ ਹੈ।

### ਗੀਤਾਂ ਦੇ ਵਿਸ਼ਿਆਂ 'ਚ ਹੋਵੇ ਸੁਧਾਰ

ਅਜੋਕੀ ਪੰਜਾਬੀ ਗਾਇਕੀ ਦੇ ਵਿਸ਼ਿਆਂ 'ਤੇ ਧਿਆਨ ਮਾਰੀਏ ਤਾਂ ਸਿਰਫ਼ ਤਿੰਨ-ਚਾਰ ਵਿਸ਼ੇ ਹੀ ਸਾਹਮਣੇ ਆਉਂਦੇ ਹਨ। ਆਸ਼ਕੀ, ਨਸ਼ੇ, ਗੁੰਡਾਗਰਦੀ ਤੇ ਅਯਾਸ਼ੀ ਨੂੰ ਹੀ ਮੁੱਖ ਵਿਸ਼ਿਆਂ ਵਜੋਂ ਗੀਤਾਂ 'ਚ ਪੇਸ਼ ਕੀਤਾ ਜਾਂਦਾ ਹੈ। ਜਦਕਿ ਹੋਰ ਵੀ ਕਈ ਅਜਿਹੇ ਵਿਸ਼ੇ ਹਨ ਜਿਨ੍ਹਾਂ 'ਤੇ ਅੱਜ ਗੀਤ ਲਿਖਣ ਤੇ ਗਾਉਣ ਦੀ ਜ਼ਰੂਰਤ ਹੈ। ਜਿਵੇਂ ਕਿ ਪੰਜਾਬ ਦੀ ਡੁੱਬ ਰਹੀ ਕਿਰਸਾਨੀ, ਭਰੂਣ ਹੱਤਿਆ, ਨਸ਼ਿਆਂ ਨੂੰ ਲੈ ਕੇ ਜਾਗਰੂਕਤਾ, ਆਪਸੀ ਪਿਆਰ ਦਾ ਸੁਨੇਹਾ ਆਦਿ ਵਿਸ਼ੇ ਵੀ ਗੀਤਾਂ 'ਚ ਸ਼ਾਮਲ ਕੀਤੇ ਜਾਣ। ਜੇ ਅਸੀਂ ਆਪਣੀ ਅਗਲੀ ਪੀੜ੍ਹੀ ਨੂੰ ਗੀਤ-ਸੰਗੀਤ ਜ਼ਰੀਏ ਕੁਝ ਚੰਗਾ ਸਿਖਾਉਣ ਦੀ ਕੋਸ਼ਿਸ਼ ਕਰਾਂਗੇ ਤਾਂ ਹੀ ਸਾਡੇ ਸਮਾਜ ਦਾ ਤੇ ਦੇਸ਼ ਦਾ ਕੋਈ ਵਿਕਾਸ ਹੋਵੇਗਾ।



## ਸਮਾਜਿਕ ਕੁਰੀਤੀਆਂ ਬਾਰੇ ਗੀਤ

ਸਮਾਜ 'ਚ ਫ਼ੈਲੀਆਂ ਕੁਰੀਤੀਆਂ ਤੇ ਹੋਰ ਜਨਤਕ ਸਮੱਸਿਆਵਾਂ ਨੂੰ ਵੀ ਕੁਝ ਫ਼ਨਕਾਰਾਂ ਨੇ ਗੀਤਾਂ ਦਾ ਵਿਸ਼ਾ ਬਣਾਇਆ ਹੈ। ਕਿਸਾਨਾਂ ਨੂੰ ਕਰਜ਼ੇ ਤੋਂ ਬਚਣ ਲਈ ਤਾਕੀਦ ਕੀਤੀ ਹੈ, ਦਾਜ ਤੋਂ ਪ੍ਰਹੇਜ ਕਰਨ ਲਈ ਕਈ ਗੀਤਕਾਰਾਂ ਨੇ ਚੰਗੇ ਗੀਤਾਂ ਦੀ ਰਚਨਾ ਕੀਤੀ, ਨੌਜਵਾਨਾਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ਾਂ ਵਿਚ ਨਾ ਜਾਣ ਤੋਂ ਵਰਜਿਆ ਗਿਆ ਹੈ, ਕੁੜੀਆਂ ਨੂੰ ਜ਼ਿੰਦਗੀ 'ਚ ਅੱਗੇ ਵਧਣ ਲਈ ਗੀਤਾਂ ਰਾਹੀਂ ਪ੍ਰੇਰਿਤ ਕੀਤਾ ਹੈ। ਇਨ੍ਹਾਂ ਸੰਕਲਪਾਂ ਨੂੰ ਪੰਜਾਬੀ ਦੇ ਕੁਝ ਗੀਤਕਾਰਾਂ ਤੇ ਗਾਇਕਾਂ ਨੇ ਗੀਤਾਂ ਦਾ ਹਿੱਸਾ ਬਣਾਇਆ ਹੈ। ਇਹ ਚੰਗੀ ਗੱਲ ਹੈ। ਕੁਝ ਗੀਤਾਂ ਰਾਹੀਂ ਦੇਸ਼ ਦੇ ਰਾਜਨੀਤਕ ਹਾਲਾਤ ਦਾ ਜ਼ਿਕਰ ਵੀ ਕੀਤਾ ਗਿਆ ਹੈ। ਜਿਵੇਂ ਦੇਸ਼ ਦੀ ਤਰੱਕੀ ਦੀ ਗੱਲ, ਸਿਆਸੀ ਪਾਰਟੀਆਂ ਦੇ ਘਪਲਿਆਂ ਦੀ ਗੱਲ, ਫ਼ੌਜੀ ਜਵਾਨਾਂ ਦੀ ਬਹਾਦਰੀ ਨੂੰ ਸਲਾਮ ਕੀਤੀ ਗਈ ਹੈ, ਪਰਵਾਸ ਦੀ ਗੱਲ ਤੇ ਸਮਾਜਿਕ ਬਣਤਰ ਦੀ ਗੱਲ ਆਦਿ ਵਿਸ਼ਿਆਂ ਨੂੰ ਗੀਤਾਂ ਦਾ ਵਿਸ਼ਾ ਬਣਾਇਆ ਗਿਆ ਹੈ। ਲੋਕ ਅਜਿਹੇ ਗੀਤਾਂ ਨੂੰ ਪ੍ਰਵਾਨ ਵੀ ਕਰਦੇ ਹਨ। ਇਨ੍ਹਾਂ ਗੀਤਾਂ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ। ਜੇ ਅਸੀਂ ਅਜਿਹੇ ਚੰਗੇ ਗੀਤ ਸੁਣੀਏ ਤਾਂ ਲੱਚਰ ਗੀਤ ਖੁਦ-ਬ-ਖੁਦ ਬੰਦ ਹੋ ਜਾਣਗੇ।

## ਚੰਗੇ ਫ਼ਨਕਾਰ ਨੂੰ ਦੇਵੋ ਪਹਿਲ

ਬਦਕਿਸਮਤੀ ਇਹ ਹੈ ਕਿ ਅਸੀਂ ਕਦੇ ਗਾਇਕੀ ਦੇ ਸਾਰਥਕ ਪਹਿਲੂਆਂ ਉੱਪਰ ਵਿਚਾਰ-ਚਰਚਾ ਨਹੀਂ ਕਰਦੇ, ਚੰਗੇ ਕੰਮ ਦੀ ਪ੍ਰਸ਼ੰਸਾ ਨਹੀਂ ਕਰਦੇ। ਹਾਂ, ਮੰਦੇ ਕੰਮ ਨੂੰ ਭੰਡਣਾ ਜ਼ਰੂਰ ਸ਼ੁਰੂ ਕਰ ਦਿੰਦੇ ਹਾਂ। ਸਾਹਿਤ ਵਿਚ ਪੜ੍ਹਾਇਆ ਜਾਂਦਾ ਹੈ ਕਿ ਹਰ ਚੀਜ਼ ਦੇ ਦੋ ਪੱਖ ਹੁੰਦੇ ਹਨ-ਸਾਰਥਕ ਤੇ ਨਿਰਾਰਥਕ। ਜੇ ਕੁਝ ਲੋਕ ਮੰਦਾ ਗਾ ਰਹੇ ਹਨ ਤਾਂ ਕੁਝ ਚੰਗਾ ਵੀ ਗਾ ਰਹੇ ਹਨ ਪਰ ਉਨ੍ਹਾਂ ਦੀ ਕਦੇ ਸਾਰਥਕ ਚਰਚਾ ਨਹੀਂ ਕੀਤੀ ਜਾਂਦੀ। ਉਨ੍ਹਾਂ ਗਾਇਕਾਂ ਤੇ ਗੀਤਕਾਰਾਂ ਨੂੰ ਕਦੇ ਸਾਹਮਣੇ ਨਹੀਂ ਲਿਆਇਆ ਜਾਂਦਾ ਜਿਨ੍ਹਾਂ ਨੇ ਅਰਥ ਭਰਪੂਰ ਗਾਇਕੀ ਰਾਹੀਂ ਸਮਾਜ ਨੂੰ ਸੇਧ ਦੇਣ ਦਾ ਉਪਰਾਲਾ ਕੀਤਾ ਹੁੰਦਾ ਹੈ। ਇਹ ਬਹੁਤ ਮੰਦਭਾਗਾ ਰੁਝਾਨ ਹੈ। ਇਹ ਸਰੋਤਿਆਂ ਉੱਪਰ ਹੀ ਨਿਰਭਰ ਕਰਦਾ ਹੈ ਕਿ ਉਹ ਸਾਰਥਕ ਸੋਚ ਵਾਲੇ ਗਾਇਕਾਂ ਤੇ ਗੀਤਕਾਰਾਂ ਨੂੰ ਅੱਗੇ ਲੈ ਕੇ ਆਉਣ। ਚੰਗੇ ਕੰਮ ਦੀ ਜੇ ਸੋਭਾ ਹੋਵੇਗੀ ਤਾਂ ਚੰਗਾ ਗਾਉਣ ਵਾਲੇ ਲੋਕ ਖ਼ੁਦ ਅੱਗੇ ਆਉਣਗੇ। ਜੇ ਮੰਦਾ ਗਾਉਣ ਵਾਲੇ ਇਸੇ ਤਰ੍ਹਾਂ ਸੋਭਾ ਖੱਟਦੇ ਰਹੇ ਤਾਂ ਚੰਗਾ ਗਾਉਣ ਵਾਲੇ ਕਦੇ ਵੀ ਅੱਗੇ ਨਹੀਂ ਆ ਸਕਦੇ। ਇਹ ਅਟੱਲ ਸੱਚਾਈ ਹੈ ਤੇ ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

## ਸਰੋਤੇ ਹੋਣ ਜਾਗਰੂਕ

ਕਹਿ ਸਕਦਾ ਹਾਂ ਕਿ ਜਿਵੇਂ ਮੰਦੇ ਕੰਮ ਦੀ ਭੰਡੀ ਹੋਣੀ ਚਾਹੀਦੀ ਹੈ, ਉਸ ਤਰ੍ਹਾਂ ਚੰਗੇ ਕੰਮ ਦੀ ਸੋਭਾ ਵੀ ਜ਼ਰੂਰ ਕਰਨੀ ਚਾਹੀਦੀ ਹੈ। ਜੇ ਅਸੀਂ ਅਜਿਹਾ ਨਹੀਂ ਕੀਤਾ ਤਾਂ ਚੰਗਾ ਗਾਉਣ ਵਾਲੇ ਤੇ ਲਿਖਣ ਵਾਲਿਆਂ ਦਾ ਹੌਸਲਾ ਟੁੱਟ ਜਾਵੇਗਾ। ਸਾਨੂੰ ਸਰੋਤਿਆਂ ਨੂੰ ਸੁਚੇਤ ਹੋ ਕੇ ਚੰਗਾ ਗਾਉਣ ਵਾਲਿਆਂ ਦੇ ਨਾਲ ਖੜ੍ਹਨਾ ਚਾਹੀਦਾ ਹੈ ਤਾਂ ਕਿ ਉਹ ਹੋਰ ਵਧੀਆ ਗਾਇਕੀ ਰਾਹੀਂ ਸਮਾਜ ਦੇ ਬੌਧਿਕ ਪੱਧਰ ਨੂੰ ਉੱਚਾ ਚੁੱਕਣ 'ਚ ਸਾਰਥਕ ਯੋਗਦਾਨ ਪਾ ਸਕਣ। •

ਕਾਲਾ ਸਿੰਘ ਸੈਣੀ

# ਕਈ ਕਲਾਵਾਂ ਦਾ ਸੁਮੇਲ

## ਸੰਨੀ ਗਿੱਲ



**ਸੰਨੀ ਗਿੱਲ ਇਕ ਗਾਇਕ, ਚੰਗਾ ਮੰਚ ਸੰਚਾਲਕ ਤੇ ਨਿਰਮਾਤਾ ਹੈ। ਹੁਣ ਤਕ ਉਹ ਆਪਣੀ ਕਲਾ ਦਾ ਪ੍ਰਦਰਸ਼ਨ ਪੰਜਾਬ ਦੇ ਸੱਭਿਆਚਾਰਕ ਮੇਲਿਆਂ ਸਮੇਤ ਹੋਰ ਵੀ ਕਈ ਦੇਸ਼ਾਂ 'ਚ ਸਫਲ ਸਟੇਜ ਸ਼ੋਅ ਲਗਾਅ ਚੁੱਕਾ ਹੈ...**

ਪੰਜਾਬੀ ਸੱਭਿਆਚਾਰਕ ਪ੍ਰੋਗਰਾਮਾਂ 'ਚ ਆਪਣੀ ਸ਼ਾਇਰੀ ਤੇ ਸੁਰੀਲੇ ਬੋਲਾਂ ਨਾਲ ਸਰੋਤਿਆਂ ਦਾ ਦਿਲ ਜਿੱਤਣ ਵਾਲਾ ਸੰਨੀ ਗਿੱਲ ਕਈ ਕਲਾਵਾਂ ਦਾ ਸੁਮੇਲ ਹੈ। ਪਿਤਾ ਸਵਰਗੀ ਦਿਆਲ ਸਿੰਘ ਤੇ ਮਾਤਾ ਦਿਲਬਾਗ ਕੌਰ ਦੀਆਂ ਅੱਖਾਂ ਦੇ ਤਾਰੇ ਸੁਰਮੁੱਖ ਸਿੰਘ ਨੇ ਸੰਗੀਤਕ ਖੇਤਰ 'ਚ ਆਪਣੀ ਪਛਾਣ ਸੰਨੀ ਗਿੱਲ ਦੇ ਨਾਂ ਨਾਲ ਬਣਾਈ ਹੈ। ਜ਼ਿਲ੍ਹਾ ਮੋਹਾਲੀ ਦੇ ਪਿੰਡ ਬੜੋਦੀ ਦਾ ਜੰਮਪਲ ਸੰਨੀ ਇਕ ਗਾਇਕ, ਚੰਗਾ ਮੰਚ ਸੰਚਾਲਕ ਤੇ ਨਿਰਮਾਤਾ ਹੈ। ਗਾਇਕੀ ਉਸ ਨੂੰ ਵਿਰਾਸਤ 'ਚ ਮਿਲੀ ਹੈ। ਉਸ ਦਾ ਦਾਦਾ ਸਵਰਗੀ ਗੁਰਦਿੱਤ ਸਿੰਘ ਮਸ਼ਹੂਰ ਸਾਰੰਗੀਵਾਦਕ ਸੀ।

ਸੰਨੀ ਨੇ ਹੁਣ ਤਕ 'ਵਾਅਦਾ ਕਰਕੇ', 'ਛੱਜ ਹੌਲੀ-ਹੌਲੀ ਤੋੜੀਂ ਮੁਟਿਆਰੇ ਲੰਬੜਾਂ ਦੀ ਛੱਤ ਟੁੱਟ ਜੂ', 'ਨਿੱਕੀ ਨਿੱਕੀ ਗੱਲੋਂ' ਆਦਿ ਸੋਲੋ ਤੇ ਦੋਗਾਣੇ ਰਿਕਾਰਡ ਕਰਵਾਏ ਹਨ। ਦੋਗਾਣਾ ਗਾਇਕੀ ਵਿਚ ਉਸ ਦਾ ਸਾਥ ਗਾਇਕਾ ਗੁਰਪ੍ਰੀਤ ਸੋਨੀ ਨੇ ਬਾਖ਼ੂਬੀ ਦਿੱਤਾ। ਉਸ ਨੇ ਹੁਣ ਤਕ ਮਾਤਾਂ ਦੀਆਂ ਕਈ ਭੇਟਾਂ ਵੀ ਰਿਕਾਰਡ ਕਰਵਾਈਆਂ ਹਨ। ਲਵ ਪੰਜਾਬੀ ਟੀਵੀ ਚੈਨਲ ਦੇ ਪ੍ਰੋਗਰਾਮ 'ਕੁਝ ਗੱਲਾਂ ਮੇਰੇ ਨਾਲ' ਜ਼ਰੀਏ ਉਹ ਅਕਸਰ ਸਰੋਤਿਆਂ ਦੇ ਰੂਬਰੂ ਹੁੰਦਾ ਰਹਿੰਦਾ ਹੈ। ਸੰਨੀ ਗਿੱਲ ਬਤੌਰ ਮੰਚ ਸੰਚਾਲਕ ਤੇ ਬਤੌਰ ਗਾਇਕ ਹੁਣ ਤਕ ਕਈ ਦੇਸ਼ਾਂ ਵਿਚ ਸੱਭਿਆਚਾਰ ਮੇਲਿਆਂ ਦਾ ਹਿੱਸਾ ਬਣ ਚੁੱਕਾ ਹੈ। ਉਹ ਇਕ ਚੰਗਾ ਨਿਰਮਾਤਾ ਵੀ ਹੈ ਤੇ ਹੁਣ ਤਕ ਕਈ ਗਾਇਕਾਂ ਤੇ ਗਾਇਕਾਵਾਂ ਦੇ ਗੀਤ ਰਿਲੀਜ਼ ਕਰ ਚੁੱਕਾ ਹੈ। ਸੰਨੀ ਦੀ ਦਿਲੀ ਤਮੰਨਾ ਹੈ ਕਿ ਉਹ ਅਦਾਕਾਰੀ ਖੇਤਰ ਵਿਚ ਵੀ ਆਪਣੀ ਵੱਖਰੀ ਪਛਾਣ ਕਾਇਮ ਕਰੇ। •

99882-80386

# ਗਾਇਕੀ ਦੀਆਂ ਸਿਖ਼ਰਾਂ ਛੂਹ ਰਿਹੈ

ਬਿਕਰਮ ਸਿੰਘ ਵਿੱਕੀ ਮਾਨਸਾ

## ਗੁਰਲਾਲ ਬਰਾੜ



ਮਾਲਵੇ ਦੇ ਨੌਜਵਾਨਾਂ ਨੇ ਗਾਇਕੀ ਵਿਚ ਵੱਡੀਆਂ ਮੱਲਾਂ ਮਾਰੀਆਂ ਹਨ। ਗਾਇਕੀ ਉਨ੍ਹਾਂ ਲੋਕਾਂ ਲਈ ਹੈ ਜੋ ਇਸ ਦੀ ਬਕਾਇਦਾ ਤਾਲੀਮ ਲੈ ਕੇ ਸੰਗੀਤਕ ਖੇਤਰ 'ਚ ਪਰਵੇਸ਼ ਕਰਦੇ ਹਨ। ਇਸੇ ਲਗਨ ਨਾਲ ਗਾਇਕੀ ਦੇ ਖੇਤਰ 'ਚ ਨਿੱਤਰਿਆ ਹੈ ਮਾਨਸਾ ਜ਼ਿਲ੍ਹੇ ਦੇ ਪਿੰਡ ਘਰਾਂਗਣਾਂ ਦਾ ਰਹਿਣ ਵਾਲਾ ਗਾਇਕ ਗੁਰਲਾਲ ਬਰਾੜ ਹੈ।

ਗੁਰਲਾਲ ਨੂੰ ਨਿੱਕੀ ਉਮਰੇ ਹੀ ਗਾਉਣ ਦਾ ਸ਼ੌਕ ਪੈ ਗਿਆ ਸੀ। ਗੁਰਲਾਲ ਦਾ ਇਹ ਸ਼ੌਕ ਵਕਤ ਦੇ ਨਾਲ-ਨਾਲ ਪੇਸ਼ੇਵਰ ਰੂਪ ਲੈਂਦਾ ਗਿਆ। ਉਸ ਨੇ ਦੱਸਿਆ ਕਿ ਪਹਿਲੀ ਵਾਰ ਉਸ ਨੇ ਤੀਜੀ ਕਲਾਸ ਵਿਚ ਪੜ੍ਹਦਿਆਂ ਸਟੇਜ ਤੋਂ ਗਾਇਆ ਸੀ। ਇਸ ਤੋਂ ਬਾਅਦ ਉਸ ਦਾ ਇਹ ਸਫ਼ਰ ਕਾਲਜ 'ਚੋਂ ਹੁੰਦੇ ਹੋਏ ਯੂਥ ਫੈਸਟੀਵਲਜ਼ ਤਕ ਜਾਰੀ ਰਿਹਾ। ਉਹ ਕਾਲਜ ਦੀ ਟੀਮ ਨਾਲ ਕਵੀਸ਼ਰੀ ਵੀ ਕਰਦਾ ਰਿਹਾ ਹੈ। ਕਾਲਜ ਦੇ ਯੂਥ ਫੈਸਟੀਵਲਜ਼ ਦੌਰਾਨ ਉਸ ਨੇ ਗਾਇਕੀ ਵਿਚ ਗੋਲਡ ਮੈਡਲ ਵੀ ਜਿੱਤੇ। ਕਾਲਜ ਤੋਂ ਬਾਅਦ ਯਾਰਾਂ-ਦੋਸਤਾਂ ਦੀ ਹੱਲਾਸ਼ੇਰੀ ਨੇ ਉਸ ਨੂੰ ਸੰਗੀਤਕ ਖੇਤਰ ਵੱਲ ਲੈ ਆਂਦਾ। ਉਸ ਦਾ ਪਹਿਲਾ ਗੀਤ 'ਵੱਡੀ ਨਾਰ' ਰਿਲੀਜ਼ ਹੋਇਆ ਸੀ। ਇਸ ਗੀਤ ਨੂੰ ਸਰੋਤਿਆਂ ਦਾ ਠੀਕ-ਠਾਕ ਹੀ ਹੁੰਗਾਰਾ ਮਿਲਿਆ। ਫਿਰ ਉਸ ਦਾ ਦੂਜਾ ਗੀਤ 'ਮੇਰੇ ਆਲਾ' ਆਇਆ ਜੋ ਕਾਫ਼ੀ ਹਿੱਟ ਹੋਇਆ। ਇਸੇ ਗੀਤ ਨੇ ਗੁਰਲਾਲ ਦੀ ਸੰਗੀਤ ਇੰਡਸਟਰੀ 'ਚ ਪਛਾਣ ਬਣਾਈ। ਇਸ ਗੀਤ ਨੂੰ ਪ੍ਰਿੰਸ ਨੇ ਲਿਖਿਆ ਸੀ। ਗੁਰਲਾਲ ਨੂੰ ਗਾਇਕੀ ਦੇ ਨਾਲ-ਨਾਲ ਘੋੜੇ-ਘੋੜੀਆਂ ਰੱਖਣ ਦਾ ਵੀ ਸ਼ੌਕ ਹੈ। ਜਲਦੀ ਹੀ ਉਹ ਆਪਣੇ ਨਵੇਂ ਗੀਤਾਂ ਨਾਲ ਸਰੋਤਿਆਂ ਦੀ ਕਚਹਿਰੀ 'ਚ ਹਾਜ਼ਰ ਹੋਵੇਗਾ। •

75082-42992



ਸ਼ਾਇਰ ਪਾਲ

21 ਮਾਰਚ, ਜਨਮ ਦਿਨ 'ਤੇ



# ਸ਼ਹਿਨਾਈ ਸਮਰਾਟ ਬਿਸਮਿੱਲਾ ਖ਼ਾਂ

ਭਾਰਤ ਦੀ ਧਰਤੀ 'ਤੇ ਅਨੇਕਾਂ ਫ਼ਨਕਾਰਾਂ ਨੇ ਜਨਮ ਲਿਆ ਹੈ। ਵੱਖ-ਵੱਖ ਦੌਰ 'ਚ ਜਨਮੇ ਮਹਾਨ ਫ਼ਨਕਾਰਾਂ ਨੇ ਆਪਣੀ ਕਲਾ ਰਾਹੀਂ ਭਾਰਤ ਦਾ ਨਾਂ ਦੁਨੀਆ ਵਿਚ ਰੌਸ਼ਨ ਕੀਤਾ। ਭਾਰਤੀ ਸੰਗੀਤ ਦੀਆਂ ਕਈ ਵੰਨਗੀਆਂ ਹਨ। ਇਨ੍ਹਾਂ ਵਿੱਚੋਂ ਇਕ ਵੰਨਗੀ ਹੈ - ਸ਼ਾਸਤਰੀ ਸੰਗੀਤ। ਸ਼ਾਸਤਰੀ ਸੰਗੀਤ ਇਕ ਅਜਿਹਾ ਸੰਗੀਤ ਹੈ ਜਿਸ ਨੂੰ ਸਿੱਖਣ ਲਈ ਰੋਜ਼ਾਨਾ ਘੰਟਿਆਂ ਬੱਧੀ ਅਭਿਆਸ ਦੀ ਲੋੜ ਹੈ। ਸ਼ਾਸਤਰੀ ਸੰਗੀਤ ਨੇ ਭਾਰਤ ਨੂੰ ਕਈ ਮਸ਼ਹੂਰ ਸਾਜ਼ ਵਾਦਕ ਦਿੱਤੇ। ਜਦ ਕਦੇ ਕਿਸੇ ਵਿਸ਼ੇਸ਼ ਸਾਜ਼ ਦਾ ਜ਼ਿਕਰ ਹੁੰਦਾ ਹੈ ਤਾਂ ਉਸ ਨੂੰ ਵਜਾਉਣ ਵਾਲੇ ਵਾਦਕ ਦਾ ਨਾਂ ਮੱਲੋਮੱਲੀ ਸਾਹਮਣੇ ਆ ਜਾਂਦਾ ਹੈ। ਅਜਿਹੇ ਹੀ ਇਕ ਮਸ਼ਹੂਰ ਸ਼ਹਿਨਾਈ ਵਾਦਕ ਹੋਏ ਹਨ ਉਸਤਾਦ ਬਿਸਮਿੱਲਾ ਖ਼ਾਂ ਸਾਹਿਬ। ਉਨ੍ਹਾਂ ਨੇ ਸ਼ਹਿਨਾਈ ਨੂੰ ਭਾਰਤ ਵਿਚ ਹੀ ਨਹੀਂ ਬਲਕਿ ਦੁਨੀਆ ਵਿਚ ਪ੍ਰਸਿੱਧੀ ਦੁਆਈ। ਅੱਜ ਵੀ ਸ਼ਹਿਨਾਈ ਦਾ ਜ਼ਿਕਰ ਹੁੰਦਿਆਂ ਹੀ ਉਨ੍ਹਾਂ ਦਾ ਨਾਂ ਜ਼ੁਬਾਨ 'ਤੇ ਆ ਜਾਂਦਾ ਹੈ।

## ਜਨਮ ਤੇ ਪਰਿਵਾਰ

ਉਸਤਾਦ ਬਿਸਮਿੱਲਾ ਖ਼ਾਂ ਦਾ ਜਨਮ 21 ਮਾਰਚ 1916 ਨੂੰ ਬਿਹਾਰ ਦੇ ਡੁਮਰਾਓ ਪਿੰਡ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਪਿਗੰਬਰ ਬਖ਼ਸ਼ ਖ਼ਾਂ ਸੀ। ਉਹ ਭੋਜਪੁਰ ਦੇ ਰਾਜਾ ਦੇ ਦਰਬਾਰੀ ਸੰਗੀਤਕਾਰ ਸਨ। ਖ਼ਾਂ ਸਾਹਿਬ ਦੇ ਬਜ਼ੁਰਗ ਵੀ ਇਸੇ ਦਰਬਾਰ ਵਿਚ ਸੰਗੀਤਕਾਰ ਸਨ। ਬਿਸਮਿੱਲਾ ਖ਼ਾਂ ਦੇ ਬਚਪਨ ਦਾ ਨਾਂ ਕਮਰੂਦੀਨ ਖ਼ਾਂ ਸੀ ਪਰ ਉਨ੍ਹਾਂ ਦੇ ਦਾਦਾ ਰਸੂਲ ਖ਼ਾਂ ਬਖ਼ਸ਼ ਉਨ੍ਹਾਂ ਨੂੰ ਪਿਆਰ ਨਾਲ ਬਿਸਮਿੱਲਾ ਆਖ ਕੇ ਬੁਲਾਉਂਦੇ ਸਨ। ਬਾਅਦ ਵਿਚ ਉਹ ਇਸੇ ਨਾਂ ਨਾਲ ਮਸ਼ਹੂਰ ਹੋਏ। ਬਿਸਮਿੱਲਾ ਖ਼ਾਂ ਨੇ ਸੰਗੀਤ ਦੀ ਸ਼ੁਰੂਆਤੀ ਤਾਲੀਮ ਆਪਣੇ ਪਿਤਾ ਤੇ ਮਾਮੇ ਪਾਸੋਂ ਲਈ। 6 ਸਾਲ ਦੀ ਉਮਰ ਵਿਚ ਉਹ ਪਰਿਵਾਰ ਨਾਲ ਵਾਰਾਣਸੀ ਆ ਗਏ। ਇਥੇ ਹੀ ਉਨ੍ਹਾਂ ਨੇ ਅਲੀ ਬਖ਼ਸ਼ ਵਲਾਇਤ ਖ਼ਾਂ ਪਾਸੋਂ ਸ਼ਹਿਨਾਈ ਦੀ ਸਿੱਖਿਆ ਲੈਣੀ ਆਰੰਭ ਕੀਤੀ।

## ਸ਼ਹਿਨਾਈ ਹੀ ਕਿਉਂ ਚੁਣੀ?

ਸ਼ਹਿਨਾਈ ਸਮਰਾਟ ਬਿਸਮਿੱਲਾ ਖ਼ਾਂ ਨੇ ਇਕ ਇੰਟਰਵਿਊ ਦੌਰਾਨ ਦੱਸਿਆ ਸੀ ਕਿ 'ਉਨ੍ਹਾਂ ਦੇ ਪੁਰਖੇ ਗਾਉਣ ਵਿਚ ਜ਼ਿਆਦਾ ਮੁਹਾਰਤ ਰੱਖਦੇ ਸਨ। ਉਹ ਸਾਰੇ ਸੁਰ ਤੇ ਤਾਲ ਦੀ ਡੂੰਘੀ ਸਮਝ ਰੱਖਦੇ ਸਨ। ਉਨ੍ਹਾਂ ਦੇ ਮਾਮੇ ਨੇ ਸੋਚਿਆ ਕਿ ਗਾਉਣ ਵਾਲੇ ਤਾਂ ਪਰਿਵਾਰ ਵਿਚ ਇਕ ਤੋਂ ਬਾਅਦ ਇਕ ਹਨ ਕਿਉਂ ਨਾ ਕਿਸੇ ਇਕ ਸਾਜ਼ ਉੱਪਰ ਧਿਆਨ ਦਿੱਤਾ ਜਾਵੇ। ਜਦ ਉਹ ਸਾਜ਼ ਦੀ ਚੋਣ ਕਰਨ ਲੱਗੇ ਤਾਂ ਉਨ੍ਹਾਂ ਨੇ ਵੇਖਿਆ ਕਿ ਸਿਤਾਰ ਵਿਚ ਵੀ ਇਕ ਤੋਂ ਵਧ ਕੇ ਇਕ ਫ਼ਨਕਾਰ ਹਨ, ਰਬਾਬ ਵਿਚ ਵੀ, ਸਰੋਦ ਵਿਚ ਵੀ ਤੇ ਅਖ਼ੀਰ ਉਨ੍ਹਾਂ ਨੇ ਸ਼ਹਿਨਾਈ ਨੂੰ ਚੁਣਿਆ। ਇਸ ਦਾ ਕਾਰਨ ਸੀ ਕਿ ਉਦੋਂ ਸ਼ਹਿਨਾਈ ਵਾਦਕ ਬਹੁਤ ਘੱਟ ਹੁੰਦੇ ਸਨ।' ਇਸ ਤਰ੍ਹਾਂ ਬਿਸਮਿੱਲਾ ਖ਼ਾਂ ਸਾਹਿਬ ਲਈ ਸ਼ਹਿਨਾਈ ਦੀ ਚੋਣ ਉਨ੍ਹਾਂ ਦੇ ਮਾਮੇ ਨੇ ਕੀਤੀ। ਫਿਰ ਉਨ੍ਹਾਂ ਨੇ ਸ਼ਹਿਨਾਈ ਸਿੱਖਣੀ ਸ਼ੁਰੂ ਕੀਤੀ ਤੇ ਉਹ ਆਪਣੇ ਪੁਰਖ਼ਿਆਂ ਦੀ ਗਾਇਕੀ ਕਲਾ ਤੋਂ ਸਾਜ਼ ਵਜਾਉਣ ਵੱਲ ਆ ਗਏ।

### ਦੁਨੀਆ ਨੇ ਮੰਨਿਆ ਪ੍ਰਤਿਭਾ ਦਾ ਲੋਹਾ

*ਬਿਸਮਿੱਲਾ ਖ਼ਾਂ ਨੇ ਵਾਰਾਣਸੀ ਵਿਖੇ ਉਸਤਾਦ ਅਲੀ ਬਖ਼ਸ਼ ਵਲਾਇਤ ਖ਼ਾਂ ਪਾਸੋਂ ਸ਼ਹਿਨਾਈ ਵਜਾਉਣ ਦੀ ਤਾਲੀਮ ਹਾਸਲ ਕੀਤੀ। 1937 ਵਿਚ ਕੋਲਕਾਤਾ ਵਿਖੇ 'ਆਲ ਇੰਡੀਆ ਮਿਊਜ਼ਿਕ ਕਾਨਫਰੰਸ' 'ਚ ਉਨ੍ਹਾਂ ਨੇ ਦਮਦਾਰ ਪੇਸ਼ਕਾਰੀ ਦਿੱਤੀ। ਉਸ ਸਮੇਂ ਉਹ ਸ਼ਹਿਨਾਈ ਵਜਾਉਣ ਵਿਚ ਏਨੇਂ ਜ਼ਿਆਦਾ ਨਿਪੁੰਨ ਹੋ ਚੁੱਕੇ ਸਨ ਕਿ ਉਨ੍ਹਾਂ ਦੇ ਮੁਕਾਬਲੇ ਦਾ ਕੋਈ ਵੀ ਸ਼ਹਿਨਾਈ ਵਾਦਕ ਨਹੀਂ ਮਿਲਦਾ ਸੀ। ਉਨ੍ਹਾਂ ਦੀ ਸ਼ਹਿਨਾਈ ਦੀਆਂ ਮਧੁਰ ਧੁਨਾਂ ਸੁਣ ਕੇ ਲੋਕ ਮੰਤਰਮੁਗਧ ਹੋ ਜਾਂਦੇ ਸਨ। ਖ਼ਾਂ ਸਾਹਿਬ ਨੇ ਸ਼ਹਿਨਾਈ ਨਾਲ ਐਸੀ ਸਾਂਝ ਪਾਈ ਕਿ ਉਨ੍ਹਾਂ ਨੇ ਇਸ ਨੂੰ ਦੁਨੀਆ ਵਿਚ ਮਕਬੂਲ ਕੀਤਾ। ਵੈਸੇ, ਬਿਸਮਿੱਲਾ ਖ਼ਾਂ ਸ਼ਹਿਨਾਈ ਨੂੰ ਆਪਣੀ ਬੇਗ਼ਮ ਹੀ ਕਿਹਾ ਕਰਦੇ ਸਨ। ਇਸ ਵਿਚ ਅਤਿਕਥਨੀ ਨਹੀਂ ਹੋਵੇਗੀ ਕਿ ਬਿਸਮਿੱਲਾ ਖ਼ਾਂ ਤੇ ਸ਼ਹਿਨਾਈ ਦੋਵੇਂ ਇਕ ਦੂਜੇ ਬਿਨਾਂ ਅਧੂਰੇ ਸਨ। 15 ਅਗਸਤ 1947 ਨੂੰ ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਉਨ੍ਹਾਂ ਨੇ ਲਾਲ ਕਿਲ੍ਹੇ ਵਿਚ ਸ਼ਹਿਨਾਈ ਦੀਆਂ ਮਧੁਰ ਧੁਨਾਂ ਨਾਲ ਆਜ਼ਾਦੀ ਦੀ ਖ਼ੁਸ਼ੀ ਵਿਚ ਹੋਰ ਖ਼ੁਮਾਰ ਭਰ ਦਿੱਤਾ ਸੀ। 26 ਜਨਵਰੀ 1950 ਨੂੰ ਜਦੋਂ ਭਾਰਤੀ ਸੰਵਿਧਾਨ ਲਾਗੂ ਹੋਇਆ ਤਾਂ ਉਸ ਸਮੇਂ ਵੀ ਉਨ੍ਹਾਂ ਨੇ ਆਪਣੀ ਦਮਦਾਰ ਪੇਸ਼ਕਾਰੀ ਦਿੱਤੀ। ਉਸਤਾਦ ਬਿਸਮਿੱਲਾ ਖਾਂ ਨੇ ਭਾਰਤ ਵਿਚ ਹੀ ਨਹੀਂ ਬਲਕਿ ਵਿਦੇਸ਼ਾਂ ਵਿਚ ਵੀ ਸ਼ਹਿਨਾਈ ਨਾਲ ਸੰਗੀਤ ਪ੍ਰੇਮੀ ਸਰੋਤਿਆਂ ਦਾ ਮਨੋਰੰਜਨ ਕੀਤਾ। ਉਨ੍ਹਾਂ ਦੀ ਸ਼ਹਿਨਾਈ ਫਿਲਮੀ ਸੰਗੀਤ ਦਾ ਵੀ ਸ਼ਿੰਗਾਰ ਬਣੀ। ਉਨ੍ਹਾਂ ਦੇ ਦੋ ਸਪੁੱਤਰ ਨਜ਼ੀਮ ਹੁਸੈਨ ਤੇ ਨਈਅਰ ਹੁਸੈਨ ਤੋਂ ਇਲਾਵਾ ਐੱਸ ਬਲੇਸ਼ ਉਨ੍ਹਾਂ ਦੇ ਸ਼ਾਗਿਰਦਾਂ ਵਿੱਚੋਂ ਪ੍ਰਮੁੱਖ ਹਨ।*

## ਸੰਸਾਰ ਨੂੰ ਅਲਵਿਦਾ

ਉਸਤਾਦ ਬਿਸਮਿੱਲਾ ਖ਼ਾਂ ਨੂੰ ਸ਼ਹਿਨਾਈ ਵਾਦਨ ਦੇ ਖੇਤਰ 'ਚ ਪਾਏ ਯੋਗਦਾਨ ਲਈ ਕਈ ਮਾਣ-ਸਨਮਾਨ ਮਿਲੇ। ਇਨ੍ਹਾਂ ਵਿਚ 'ਸੰਗੀਤ ਨਾਟਕ ਅਕੈਡਮੀ ਐਵਾਰਡ' (1956), 'ਪਦਮਸ਼੍ਰੀ' (1961), 'ਪਦਮ ਭੂਸ਼ਣ' (1968), 'ਪਦਮ ਵਿਭੂਸ਼ਣ' (1980), 'ਭਾਰਤ ਰਤਨ' (2001) ਆਦਿ ਮੁੱਖ ਹਨ। ਉਸ ਸਿਰਫ਼ ਤੀਜੇ ਅਜਿਹੇ ਫ਼ਨਕਾਰ ਸਨ ਜਿਨ੍ਹਾਂ ਨੂੰ ਦੇਸ਼ ਦਾ ਸਰਵਉੱਚ ਸਨਮਾਨ 'ਭਾਰਤ ਰਤਨ' ਪ੍ਰਾਪਤ ਹੋਇਆ। ਇਸ ਗੱਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਨ੍ਹਾਂ ਦੀ ਪ੍ਰਤਿਭਾ ਤੇ ਵਿਲੱਖਣਤਾ ਕੈਸੀ ਸੀ। 21 ਅਗਸਤ 2006 ਵਿਚ ਇਹ ਮਹਾਨ ਸ਼ਹਿਨਾਈ ਵਾਦਕ ਇਸ ਸੰਸਾਰ ਨੂੰ ਅਲਵਿਦਾ ਆਖ ਗਿਆ। ਜਦ ਵੀ ਕਿਤੇ ਸ਼ਹਿਨਾਈ ਦਾ ਜ਼ਿਕਰ ਹੋਵੇਗਾ ਤਾਂ ਉਸਤਾਦ ਬਿਸਮਿੱਲਾ ਖ਼ਾਂ ਦੇ ਨਾਂ ਦਾ ਹਮੇਸ਼ਾ ਜ਼ਿਕਰ ਹੋਵੇਗਾ। ਸ਼ਾਸਤਰੀ ਸੰਗੀਤ 'ਚ ਉਨ੍ਹਾਂ ਦਾ ਨਾਂ ਬੜੇ ਪਿਆਰ ਤੇ ਸਤਿਕਾਰ ਨਾਲ ਲਿਆ ਜਾਂਦਾ ਰਹੇਗਾ। •

94650-37742



ਇਕਵਾਕ ਸਿੰਘ ਪੱਟੀ
98150-24920

**ਹੁਣ ਤਕ ਕਹਿਰਵਾ ਅਤੇ ਦਾਦਰਾ ਤਾਲ ਦੀ ਵਿਲੰਬਿਤ, ਮੱਧ ਤੇ ਦਰੁੱਤ ਲੈਅ ਵਿਚ ਤਬਲਾ ਵਾਦਕਾਂ ਨੇ ਭਾਰਤੀ ਫਿਲਮ ਸੰਗੀਤ ਵਿਚ ਤਬਲਾ ਵਾਦਨ ਕਰ ਕੇ, ਤਬਲੇ ਨੂੰ ਲੋਕਾਂ ਦੀ ਪਹਿਲੀ ਪਸੰਦ ਬਣਾਉਣ 'ਚ ਅਹਿਮ ਰੋਲ ਅਦਾ ਕੀਤਾ ਹੈ...**

# ਭਾਰਤੀ ਫਿਲਮ ਸੰਗੀਤ ਵਿਚ ਤਬਲੇ ਦਾ ਸਥਾਨ

ਭਾਰਤੀ ਸੰਗੀਤ ਦੀ ਗੱਲ ਕਰੀਏ ਤਾਂ ਇਹ ਕ੍ਰਮਵਾਰ ਸ਼ਾਸਤਰੀ ਸੰਗੀਤ, ਸਰਲ ਸੰਗੀਤ ਤੇ ਲੋਕ ਸੰਗੀਤ ਦੇ ਰੂਪ 'ਚ ਇਹ ਤਿੰਨ ਤਰ੍ਹਾਂ ਦਾ ਮੰਨਿਆ ਗਿਆ ਹੈ। ਸ਼ਾਸਤਰੀ ਸੰਗੀਤ 'ਚ ਧਰੁਪਦ-ਧਮਾਰ, ਖ਼ਿਆਲ, ਠੁਮਰੀ ਗਾਇਕੀ/ਵਾਦਨ ਪ੍ਰਮੁੱਖ ਹਨ ਜਦਕਿ ਸਰਲ ਸੰਗੀਤ 'ਚ ਭਜਨ, ਗੀਤ ਜਾਂ ਗ਼ਜ਼ਲ ਵਗੈਰਾ ਮੁੱਖ ਰੂਪ 'ਚ ਆਉਂਦੇ ਹਨ। ਇਸੇ ਤਰ੍ਹਾਂ ਲੋਕ ਸੰਗੀਤ ਦੋਵਾਂ ਤਰ੍ਹਾਂ ਦਾ ਰਲਵਾਂ-ਮਿਲਵਾਂ ਹੁੰਦਾ ਹੈ, ਜਿਸ 'ਚ ਸ਼ਾਸਤਰੀ ਸੰਗੀਤ ਦਾ ਕੁਝ ਹਿੱਸਾ ਜਾਂ ਸਰਲ ਸੰਗੀਤ ਦਾ ਕੁਝ ਹਿੱਸਾ ਸ਼ਾਮਲ ਹੁੰਦਾ ਹੈ।

ਭਾਰਤੀ ਫਿਲਮੀ ਸੰਗੀਤ ਨੇ ਵੀ ਸੰਗੀਤ ਦੇ ਪ੍ਰਚਾਰ 'ਚ ਅਹਿਮ ਯੋਗਦਾਨ ਪਾਇਆ। ਜਿਵੇਂ ਕੁਝ ਫਿਲਮਾਂ ਵਿਚ ਸ਼ਾਸਤਰੀ ਸੰਗੀਤ ਇਸ ਸਜਾਵਟੀ ਢੰਗ ਨਾਲ ਪੇਸ਼ ਕੀਤਾ ਗਿਆ ਕਿ ਜੋ ਲੋਕਾਂ ਦੀ ਸ਼ਾਸਤਰੀ ਸੰਗੀਤ ਸੁਣਨ 'ਚ ਦਿਲਚਸਪੀ ਨਹੀਂ ਸੀ, ਉਨ੍ਹਾਂ ਨੇ ਵੀ ਇਸ ਦਾ ਆਨੰਦ ਮਾਣਿਆ। ਕਈ ਫਿਲਮਾਂ ਤਾਂ ਅਜਿਹੀਆਂ ਹਨ ਜੋ ਦਰਸ਼ਕਾਂ ਵੱਲੋਂ ਭਾਵੇਂ ਪਸੰਦ ਨਹੀਂ ਕੀਤੀਆਂ ਗਈਆਂ ਪਰ ਉਨ੍ਹਾਂ ਫਿਲਮਾਂ ਦਾ ਸੰਗੀਤ ਯਾਦਗਾਰੀ ਹੋ ਨਿਬੜਿਆ।

### ਨਾਟਕਾਂ 'ਚ ਤਬਲੇ ਦੀ ਥਾਪ

*ਤਬਲੇ ਦੇ ਖੁਲ੍ਹੇ ਬੋਲਾਂ ਦਾ ਵਾਦਨ ਵੀ ਵਿਸ਼ੇਸ਼ ਥਾਂ ਰੱਖਦੈ। ਇਸ ਦੇ ਨਾਲ ਹੀ ਭਾਰਤੀ ਫਿਲਮਾਂ ਜਾਂ ਵੱਖ-ਵੱਖ ਚੈਨਲਾਂ ਤੇ ਚੱਲ ਰਹੇ ਨਾਟਕਾਂ 'ਚ ਵੀ ਤਬਲੇ ਦੀ ਥਾਪ, ਤਿਰਕਿਟ, ਕਿਟਤਿਕ ਵਰਗੇ ਅਨੇਕਾਂ ਬੋਲਾਂ ਦਾ ਵਾਦਨ ਕੀਤਾ ਜਾਂਦਾ ਹੈ। ਇਸ ਨਾਲ ਹੀ ਕੁਝ ਬੋਲਾਂ ਨੂੰ ਮੂੰਹ ਰਾਹੀਂ ਵੀ ਗੁਣ-ਗੁਣਾਇਆ ਜਾਂਦਾ ਹੈ। ਜੋ ਭਾਵੇਂ ਸਾਰੇ ਦਰਸ਼ਕਾਂ ਦਾ ਧਿਆਨ ਤਾਂ ਆਪਣੇ ਵੱਲ ਨਹੀਂ ਖਿੱਚ ਸਕਦਾ ਪਰ ਜੇ ਕਿਸੇ ਨੂੰ ਸੰਗੀਤ, ਤਾਲ, ਲੈਅ ਆਦਿ ਬਾਰੇ ਥੋੜ੍ਹਾ ਜਿਹਾ ਵੀ ਇਲਮ ਹੋਵੇਗਾ ਤਾਂ ਉਹ ਇਸ ਦਾ ਆਨੰਦ ਜ਼ਰੂਰ ਲੈ ਸਕੇਗਾ।*

## ਤਬਲੇ ਦੀਆਂ ਵਿਭਿੰਨ ਤਾਲਾਂ

ਭਾਰਤੀ ਫਿਲਮ ਸੰਗੀਤ ਵਿਚ ਤਬਲਾ ਹਮੇਸ਼ਾ ਪ੍ਰਮੁੱਖ ਰਿਹਾ ਹੈ। ਭਾਵੇਂ ਮੌਜੂਦਾ ਦੌਰ 'ਚ ਭਾਰਤੀ ਫਿਲਮ ਸੰਗੀਤ ਵਿਚ ਵੈਸਟਰਨ ਸਾਜ਼ਾਂ ਦਾ ਕਾਫ਼ੀ ਦਬਾਅ ਨਜ਼ਰ ਆਉਂਦਾ ਹੈ, ਫਿਰ ਵੀ ਤਬਲੇ ਦੀ ਸ਼ਾਨ ਨੂੰ ਕੋਈ ਫ਼ਰਕ ਨਹੀਂ ਪਿਆ। ਫਿਲਮੀ ਸੰਗੀਤ ਵਿਚ ਸਭ ਤੋਂ ਜ਼ਿਆਦਾ ਤਬਲੇ 'ਤੇ ਕਹਿਰਵਾ ਅਤੇ ਦਾਦਰਾ ਤਾਲ ਪ੍ਰਧਾਨ ਰਹੇ ਹਨ। ਤਾਲ ਕਹਿਰਵਾ ਵਿਲੰਬਿਤ ਤੇ ਦਰੁੱਤ ਲੈਅ ਦੋਵਾਂ ਕਿਸਮਾਂ ਵਿਚ ਖ਼ੂਬ ਪ੍ਰਚਲਿਤ ਰਿਹੈ। ਤਾਲ ਕਹਿਰਵਾ ਦੇ ਬੋਲਾਂ 'ਚ ਤਬਦੀਲੀ ਕਰ ਕੇ ਲਗਪਗ 252 ਕਿਸਮਾਂ ਦਾ ਕਹਿਰਵਾ ਤਾਲ ਵਿਲੰਬਿਤ ਲੈਅ 'ਚ ਫਿਲਮ ਸੰਗੀਤ ਦਾ ਹਿੱਸਾ ਬਣਿਆ ਰਿਹਾ। ਇਸੇ ਤਰ੍ਹਾਂ ਕਹਿਰਵਾ ਤਾਲ ਦਰੁੱਤ ਲੈਅ 'ਚ ਵੱਖ-ਵੱਖ ਫਿਲਮਾਂ ਦੇ ਵੱਖ-ਵੱਖ ਗੀਤਾਂ 'ਚ ਵੱਜਦਾ ਰਿਹਾ, ਜਿਸ ਦੀਆਂ 247 ਕਿਸਮਾਂ ਦਾ ਜ਼ਿਕਰ ਡਾ. ਇੰਦੂ ਸ਼ਰਮਾ ਨੇ ਆਪਣੀ ਪੁਸਤਕ 'ਭਾਰਤੀ ਫਿਲਮ ਸੰਗੀਤ ਵਿਚ ਤਾਲ' 'ਚ ਕੀਤਾ ਹੈ। ਇਸੇ ਤਰ੍ਹਾਂ ਤਾਲ ਦਾਦਰਾ ਫਿਲਮੀ ਸੰਗੀਤ 'ਚ ਮੱਧ ਲੈਅ ਰੂਪ 'ਚ 53 ਕਿਸਮਾਂ ਨਾਲ ਵਾਦਨ ਹੋਇਆ ਹੈ ਅਤੇ ਦਰੁੱਤ ਲੈਅ 'ਚ 82 ਕਿਸਮਾਂ ਨਾਲ ਵਾਦਨ ਹੋਇਆ ਹੈ।

ਇਸੇ ਤਰ੍ਹਾਂ ਤਾਲ ਰੂਪਕ, ਝੱਪ ਤਾਲ, ਪੰਜਾਬੀ ਤਾਲ, ਤਿੰਨ ਤਾਲ, ਦੀਪਚੰਦੀ ਅਤੇ ਇਕ ਤਾਲ ਨਾਲ ਪ੍ਰਸਿੱਧ ਫਿਲਮਾਂ ਦੇ ਗੀਤਾਂ ਵਿਚ ਵਾਦਨ ਹੁੰਦੇ ਰਹੇ ਹਨ ਅਤੇ ਹੋ ਰਹੇ ਹਨ। ਤਬਲਾ ਤੇ ਤਬਲੇ ਦੀਆਂ ਵਿਭਿੰਨ ਤਾਲਾਂ ਦਾ ਪ੍ਰਯੋਗ ਭਾਰਤੀ ਫਿਲਮਾਂ ਦੇ ਸੰਗੀਤ 'ਚ ਵਿਸ਼ੇਸ਼ ਰੂਪ ਵਿਚ ਹੁੰਦਾ ਰਿਹੈ। ਕੁਝ ਗੀਤਾਂ 'ਚ ਤਬਲੇ ਦੇ ਨਾਲ ਕੁਝ ਪ੍ਰਚਲਿਤ ਲੋਕ ਸਾਜ਼ਾਂ ਦਾ ਮੇਲ ਬਹੁਤ ਸੁੰਦਰ ਲਗਦਾ ਹੈ। ਇਸ ਤੋਂ ਇਲਾਵਾ ਹੋਰ ਤਾਲ ਸਾਜ਼ਾਂ ਨੂੰ ਵੀ ਫਿਲਮੀ ਸੰਗੀਤ 'ਚ ਵਿਸ਼ੇਸ਼ ਸਥਾਨ ਹਾਸਲ ਹੈ।

## ਇਲੈਕਟ੍ਰਾਨਿਕ ਸਾਜ਼ਾਂ ਦੀ ਵਰਤੋਂ

ਅੱਜ ਕੱਲ੍ਹ ਸੰਗੀਤ ਤਿਆਰ ਕਰਨ ਵੇਲੇ ਇਲੈਕਟ੍ਰਾਨਿਕ ਸਾਜ਼ਾਂ ਵੱਲੋਂ ਵੀ ਆਪਣੀ ਵਿਸ਼ੇਸ਼ ਭੂਮਿਕਾ ਅਦਾ ਕੀਤੀ ਜਾਂਦੀ ਹੈ। ਤਾਰਾਂ ਵਾਲੇ ਕੁਝ ਸਾਜ਼, ਜਿਵੇਂ ਤਾਨਪੁਰਾ, ਸਿਤਾਰ ਆਦਿ ਸਮੇਤ ਤਾਲ ਸਾਜ਼ ਤਬਲਾ ਦੀ ਬਹੁਤ ਹੀ ਸਜੀਵ ਆਵਾਜ਼ ਪੈਦਾ ਕੀਤੀ ਜਾ ਚੁੱਕੀ ਹੈ। ਇਸ ਦੀ ਵਰਤੋਂ ਕਿਸੇ ਸੰਗੀਤ ਨੂੰ ਤਿਆਰ ਕਰਨ ਵੇਲੇ ਕੀਤੀ ਜਾਂਦੀ ਹੈ। ਸੰਗੀਤ ਬੋਰਡ ਇਕ ਅਜਿਹਾ ਇਲੈਕਟ੍ਰਿਕ ਮਾਧਿਅਮ ਹੈ ਜਿਸ ਵਿਚ ਤਬਲੇ ਸਮੇਤ ਸੈਂਕੜੇ ਸਾਜ਼ਾਂ ਦੀ ਆਵਾਜ਼ ਰਿਕਾਰਡ ਕੀਤੀ ਹੋਈ ਹੈ ਅਤੇ ਇਸ ਦੀ ਵਰਤੋਂ ਕਿਸੇ ਵੇਲੇ ਵੀ ਕੀਤੀ ਜਾ ਸਕਦੀ ਹੈ। ਬਾਵਜੂਦ ਇਸ ਦੇ ਤਬਲਾ ਵਾਦਨ ਵਾਦਕ ਦੁਆਰਾ ਹੋਵੇ ਜਾਂ ਇਲੈਕਟ੍ਰਾਨਿਕ ਮਾਧਿਅਮ ਦੁਆਰਾ, ਤਬਲਾ ਫਿਲਮੀ ਸੰਗੀਤ ਵਿਚ ਅੱਜ ਵੀ ਮੌਜੂਦ ਹੈ। ਸਿਨੇਮਾ ਵਿਚ ਸੰਗੀਤ ਹਮੇਸ਼ਾ ਮੁੱਖ ਰੂਪ ਵਿਚ ਰਿਹਾ ਹੈ ਅਤੇ ਸੰਗੀਤ ਕਰਕੇ ਹੀ ਬਹੁਤ ਸਾਰੇ ਤਾਲ ਸਾਜ਼ਾਂ ਦੇ ਪ੍ਰਚਾਰ ਪ੍ਰਸਾਰ ਨੂੰ ਵੀ ਫ਼ਾਇਦਾ ਹੋਇਆ। ਅਜਿਹਾ ਦੌਰ ਵੀ ਰਿਹਾ ਹੈ ਕਿ ਫਿਲਮ ਦਾ ਟ੍ਰੇਲਰ ਜਾਰੀ ਕਰਨ ਤੋਂ ਪਹਿਲਾਂ ਫਿਲਮ ਦਾ ਸੰਗੀਤ ਜਾਰੀ ਕੀਤਾ ਜਾਂਦਾ ਸੀ ਅਤੇ ਅੱਜ ਵੀ ਇਹ ਰਿਵਾਜ਼ ਕੁਝ ਹੱਦ ਤਕ ਚੱਲਦਾ ਹੈ। ਕੁਝ ਅਜਿਹੀਆਂ ਫਿਲਮਾਂ ਵੀ ਬਣੀਆਂ ਜੋ ਸੰਗੀਤ ਪ੍ਰਧਾਨ ਸਨ।

## ਫਿਲਮਾਂ ਨਾਲ ਤਬਲੇ ਦੀ ਸਾਂਝ

ਕਹਿ ਸਕਦੇ ਹਾਂ ਕਿ ਫਿਲਮ ਸੰਗੀਤ ਜਗਤ ਵਿਚ ਤਬਲਾ ਸਾਜ਼ ਦਾ ਪ੍ਰਮੁੱਖ ਸਥਾਨ ਰਿਹਾ ਹੈ ਅਤੇ ਹੁਣ ਵੀ ਹੈ। ਜਦ ਤੋਂ ਭਾਰਤੀ ਫਿਲਮ ਇੰਡਸਟਰੀ ਹੋਂਦ 'ਚ ਆਈ ਹੈ, ਸੰਗੀਤ ਨਾਲ ਜੁੜੀ ਰਹੀ ਹੈ। ਉਹ ਜ਼ਮਾਨ ਵੀ ਸੀ ਜਦ ਖ਼ਾਮੋਸ਼ ਫਿਲਮਾਂ ਬਣਦੀਆਂ ਸਨ ਤਾਂ ਦਰਸ਼ਕ ਉਨ੍ਹਾਂ ਫਿਲਮਾਂ ਨੂੰ ਵੇਖਣ ਜਾਂਦੇ ਸਨ। ਉਸ ਵੇਲੇ ਵੀ ਪਰਦੇ ਤੇ ਫਿਲਮਾਂ ਪਿੱਛੇ ਵੱਜਣ ਵਾਲਾ ਸੰਗੀਤ ਹੀ ਸੀ ਜੋ ਦਰਸ਼ਕਾਂ ਨੂੰ ਜੋੜੀ ਰੱਖਦਾ ਸੀ। ਜ਼ਿਆਦਾਤਰ ਗੀਤ ਕਹਿਰਵਾ, ਦਾਦਰਾ ਤੇ ਰੂਪਕ ਤਾਲ ਵਿਚ ਗਾਏ ਗਏ ਹਨ। •



# ਧਰਮ ਤੇ ਵਿਰਸਾ

## ਕਰਮਸ਼ੀਲ ਅਧਿਆਤਮਵਾਦੀ ਬਾਬਾ ਬੰਦਾ ਸਿੰਘ ਬਹਾਦਰ



ਜੇ ਸਿਆਸਤ ਵੀ ਉਸਾਰਨੀ ਹੈ ਤਾਂ ਇਹ ਉਸਾਰਨੀ ਚਾਹੀਦੀ ਹੈ ਕਿ ਬਾਬਾ ਜੀ ਨੇ ਭਾਰਤ ਨੂੰ ਸਦੀਆਂ ਦੀ ਗ਼ੁਲਾਮੀ ਵਿੱਚੋਂ ਨਿਕਲਣ ਦੀਆਂ ਸਿਆਸੀ-ਸੰਭਾਵਨਾਵਾਂ ਨੂੰ ਸਾਹਮਣੇ ਲਿਆਂਦਾ ਸੀ। ਉਨ੍ਹਾਂ ਨੇ ਵਿਰਾਸਤੀ ਜੜ੍ਹਾਂ ਨਾਲੋਂ ਟੁੱਟੇ ਹੋਏ ਆਮ ਆਦਮੀ ਨੂੰ ਉਸ ਦੀ ਵਿਰਾਸਤੀ ਸ਼ਕਤੀ ਪ੍ਰਤੀ ਜਾਗ੍ਰਿਤ ਕੀਤਾ ਸੀ ਤੇ ਸਿਆਸੀ ਭੀੜਾਂ ਨੂੰ ਵਚਨਬੱਧ-ਸੂਰਮਿਆਂ ਵਾਂਗ ਪਛਾੜ ਸਕਣ ਦੇ ਅਹਿਸਾਸ ਨੂੰ ਪ੍ਰਚੰਡ ਕੀਤਾ ਸੀ। ਇਹ ਗੱਲਾਂ ਭਾਸ਼ਣਾਂ ਦੀ ਸਿਆਸਤ ਨਾਲ ਕਿਸੇ ਪਾਸੇ ਨਹੀਂ ਤੁਰ ਸਕਦੀਆਂ। ਇਨ੍ਹਾਂ ਦੀ ਅਕਾਦਮਿਕਤਾ ਨੂੰ ਸਾਹਮਣੇ ਲਿਆਉਣਾ ਪੈਣਾ ਹੈ ਪਰ ਇਸ ਪਾਸੇ ਤੁਰਨ ਦਾ ਰਾਹ ਸਮਾਰੋਹਾਂ ਦੀ ਸਿਆਸਤ ਨਾਲ ਗੁਆਚਦਾ ਨਜ਼ਰ ਆ ਰਿਹਾ ਹੈ।



**ਡਾ. ਬਲਕਾਰ ਸਿੰਘ**

ਬਾਬਾ ਬੰਦਾ ਸਿੰਘ ਨੂੰ ਸਿੱਖਾਂ ਤੇ ਪੰਜਾਬ ਤਕ ਸੀਮਿਤ ਕਰ ਕੇ ਵੇਖੇ ਜਾਣ ਨਾਲ ਗ਼ੁਲਾਮ ਭਾਰਤ ਦੇ ਮੁਕਤੀ-ਦਾਤਾ ਵਜੋਂ ਨਿਭਾਈ ਉਨ੍ਹਾਂ ਦੀ ਪਥ-ਪ੍ਰਦਰਸ਼ਕ ਭੂਮਿਕਾ ਸਾਹਮਣੇ ਨਹੀਂ ਆ ਸਕੇਗੀ। ਬਾਬਾ ਬੰਦਾ ਬਹਾਦਰ ਦੀ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨਾਲ ਨੰਦੇੜ ਵਿੱਚ ਮੁਲਾਕਾਤ 1708 ਵਿੱਚ ਹੋਈ। ਉਸ ਵੇਲੇ ਉਹ 38 ਸਾਲਾਂ ਦਾ ਸੀ। ਪੰਜਾਬ ਵਿੱਚ ਨਿਭਾਈ ਗਈ ਭੂਮਿਕਾ ਸਿਰਫ਼ ਸੱਤ ਸਾਲਾਂ ਵਾਸਤੇ ਸੀ। ਇਹ ਸਾਰਾ ਸਮਾਂ ਸੰਘਰਸ਼ ਵਿੱਚ ਬੀਤਿਆ ਸੀ ਤੇ ਇਸ ਨੂੰ ਪ੍ਰਬੰਧਕੀ-ਢਾਂਚਾ ਸਥਾਪਿਤ ਕਰਨ ਵਾਸਤੇ ਬਹੁਤ ਨਿਗੂਣਾ ਕਿਹਾ ਜਾ ਸਕਦਾ ਹੈ। ਉਨ੍ਹਾਂ ਦੇ ਸਿਆਸੀ ਬਿੰਬ ਨੂੰ ਉਸਾਰਨ ਦੀ ਥਾਂ ਉਨ੍ਹਾਂ ਦਾ ਪੰਥਕ-ਬਿੰਬ ਉਸਾਰਨ ਦੀ ਲੋੜ ਹੈ। ਇਤਿਹਾਸ ਵਿੱਚ ਵੀ ਅਜਿਹੇ ਹਵਾਲੇ ਮਿਲ ਜਾਂਦੇ ਹਨ, ਜਿਨ੍ਹਾਂ ਨਾਲ ਇਹ ਸਾਬਤ ਹੋ ਜਾਂਦਾ ਹੈ ਕਿ ਸਿਆਸੀ ਪ੍ਰਾਪਤੀਆਂ ਜੇ ਵਿਰਾਸਤੀ-ਚੇਤਨਾ ਨਾਲੋਂ ਟੁੱਟ ਜਾਣ ਤਾਂ ਕੌਮਾਂ ਖੜੋਤ ਦਾ ਸ਼ਿਕਾਰ ਹੋ ਜਾਂਦੀਆਂ ਹਨ। ਇਸ ਦੇ ਸਮਰਥਨ ਵਿੱਚ ਆਰਟਿਸਟ ਹਰਦੇਵ ਸਿੰਘ ਦੀ ਪੋਲਿਸ਼ ਪਤਨੀ ਮਾਰੀਆ ਦੇ ਸ਼ਬਦ (ਡਾ. ਹਰਪਾਲ ਸਿੰਘ ਪੰਨੂ ਦੇ ਲੇਖ ਵਿੱਚੋਂ) ਹਨ, "ਕੱਜ਼ਾਕ ਪੜ੍ਹਦੇ ਨਹੀਂ। ਇਨ੍ਹਾਂ ਦਾ ਸ਼ਾਨਦਾਰ ਇਤਿਹਾਸ ਸਿੱਖਾਂ ਵਰਗਾ ਹੈ। ਅਨਪੜ੍ਹ ਹੋਣ ਕਰਕੇ ਕੱਜ਼ਾਕ ਹੁਣ ਖ਼ਤਮ ਹੋ ਰਹੇ ਹਨ, ਇਨ੍ਹਾਂ ਨੂੰ ਮਰਦਿਆਂ ਦੇਖ ਕੇ ਸਿੱਖਾਂ ਨੂੰ ਬਚਣ ਦਾ ਯਤਨ ਕਰਨਾ ਚਾਹੀਦਾ ਹੈ।

> **ਬਾਬਾ ਬੰਦਾ ਸਿੰਘ ਨੂੰ ਸਿੱਖਾਂ ਤੇ ਪੰਜਾਬ ਤਕ ਸੀਮਿਤ ਕਰ ਕੇ ਵੇਖੇ ਜਾਣ ਨਾਲ ਗ਼ੁਲਾਮ ਭਾਰਤ ਦੇ ਮੁਕਤੀ-ਦਾਤਾ ਵਜੋਂ ਨਿਭਾਈ ਉਨ੍ਹਾਂ ਦੀ ਪਥ-ਪ੍ਰਦਰਸ਼ਕ ਭੂਮਿਕਾ ਸਾਹਮਣੇ ਨਹੀਂ ਆ ਸਕੇਗੀ। ਬਾਬਾ ਬੰਦਾ ਬਹਾਦਰ ਦੀ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨਾਲ ਨੰਦੇੜ ਵਿੱਚ ਮੁਲਾਕਾਤ 1708 ਵਿੱਚ ਹੋਈ।**

ਇਹ ਹਵਾਲਾ ਇਹ ਦੱਸਣ ਲਈ ਦਿੱਤਾ ਹੈ ਕਿ ਰੂਸ ਵਿੱਚ ਜੇਤੂਆਂ ਵਜੋਂ ਵਸੇ ਪੋਲ ਬਹਾਦਰਾਂ ਨੂੰ ਹੀ ਰੂਸੀ ਕੱਜ਼ਾਕ ਕਹਿੰਦੇ ਹਨ। ਇਨ੍ਹਾਂ ਦਾ 15ਵੀਂ ਤੋਂ 18ਵੀਂ ਸਦੀ ਤਕ ਰੂਸ, ਪੋਲੈਂਡ ਤੇ ਯੂਕਰੇਨ 'ਤੇ ਰਾਜ ਰਿਹਾ ਸੀ ਪਰ ਅੱਜ ਉਨ੍ਹਾਂ ਦਾ ਹਵਾਲਾ ਹੀ ਮਿਲਦਾ ਹੈ ਤੇ ਉਹ ਆਰਕਾਈਵਲ-ਮਟੀਰੀਅਲ ਹੋ ਗਏ ਹਨ। ਕਿਤੇ ਸਿੱਖ ਵੀ ਇਸ ਪਾਸੇ ਤਾਂ ਨਹੀਂ ਵਧ ਰਹੇ? ਇਸ ਨਾਲੋਂ ਉਲਟ ਉਦਾਹਰਨ ਇਹ ਲਈ ਜਾ ਸਕਦੀ ਹੈ ਕਿ ਜਿਊਜ਼ ਦਾ ਕਿਧਰੇ ਵੀ ਰਾਜ ਨਹੀਂ ਸੀ ਪਰ ਉਹ ਦੁਨੀਆਂ ਭਰ ਨੂੰ ਪ੍ਰਭਾਵਿਤ ਕਰਨ ਵਾਲੀ ਭੂਮਿਕਾ, ਅਤਿ ਦੇ ਮਾੜੇ ਹਾਲਤਾਂ ਵਿੱਚ ਵੀ ਨਿਭਾਉਂਦੇ ਰਹੇ ਹਨ ਤੇ ਆਪਣੀਆਂ ਬੌਧਿਕ ਪ੍ਰਾਪਤੀਆਂ ਸਦਕਾ ਸਤਿਕਾਰੇ ਜਾਂਦੇ ਹਨ। ਹੁਣ ਜਦੋਂ ਸਿੱਖ ਆਲਮੀ ਭਾਈਚਾਰਾ ਹੋ ਗਏ ਹਨ ਤਾਂ ਸਾਨੂੰ ਆਪਣੀ ਇਤਿਹਾਸ-ਕੇਂਦਰਤ ਭੂਤ-ਪੂਜਕ ਬਿਰਤੀ ਤੋਂ ਮੁਕਤ ਹੋ ਕੇ, ਜੋ ਕੁਝ ਵਾਪਰ ਗਿਆ ਤੇ ਵਾਪਰ ਰਿਹਾ ਹੈ, ਉਸ ਨੂੰ ਨਾਲ ਲੈ ਕੇ ਤੁਰਨ ਬਾਰੇ ਸੋਚਣਾ ਚਾਹੀਦਾ ਹੈ। ਬਾਬਾ ਬੰਦਾ ਬਹਾਦਰ ਦੀ ਸ਼ਤਾਬਦੀ ਨੂੰ ਇਸ ਵਾਸਤੇ ਅਵਸਰ ਵਜੋਂ ਵਰਤਣਾ ਚਾਹੀਦਾ ਹੈ। ਇਹ ਸੱਚ ਹੈ ਕਿ ਬਾਬਾ ਬੰਦਾ ਸਿੰਘ ਬਹਦਾਰ ਨੂੰ ਦਸਮ ਪਾਤਸ਼ਾਹ ਨੇ 'ਸੰਤਾ ਮਾਨੋ ਦੂਤਾਂ ਡਾਨੋ' ਦੀ ਭਾਵਨਾ ਵਿੱਚ ਧਰਮ-ਚਲਾਵਨ ਦੀ ਪ੍ਰਚੰਡਤਾ ਵਾਸਤੇ ਤੋਰਿਆ ਸੀ। ਪੰਥ ਦੇ ਨੁਮਾਇੰਦੇ ਪੰਜ-ਪਿਆਰਿਆਂ ਨੂੰ ਨਾਲ ਲੈ ਕੇ, ਲੋੜੀਂਦਾ ਸੰਘਰਸ਼ ਕਰਨ ਦਾ ਹੁਕਮ ਵੀ ਦਿੱਤਾ ਸੀ। ਪਾਤਸ਼ਾਹੀ ਜੇ ਮਿਲਣੀ ਸੀ ਤਾਂ ਗ਼ਰੀਬ ਸਿੱਖਨ ਨੂੰ ਮਿਲਣੀ ਸੀ। ਸਿੱਖਾਂ ਦੇ ਪਾਤਸ਼ਾਹ ਗੁਰੂ ਸਾਹਿਬਾਨ ਆਪ ਸਨ ਤੇ ਇਸ ਦਾ ਬਦਲ ਕੋਈ ਸਿੱਖ ਵਿਅਕਤੀਗਤ ਰੂਪ ਵਿੱਚ ਕਿਵੇਂ ਹੋ ਸਕਦਾ ਸੀ? ਫਿਰ ਬਾਬਾ ਬੰਦਾ ਬਹਾਦਰ ਨੂੰ ਪਹਿਲਾ ਬਾਦਸ਼ਾਹ ਕਿਵੇਂ ਸਾਬਤ ਕਰਾਂਗੇ? ਇਹ ਅਮਲ ਤਾਂ ਈਸਾਈਅਤ ਦੇ ਰੰਗ ਵਾਲੀ ਬਾਦਸ਼ਾਹਤ ਵਰਗਾ ਹੋ ਜਾਵੇਗਾ ਤੇ ਪੰਥਕ ਸੁਰ ਵਿੱਚ ਇਸ ਦੀ ਸਥਾਪਤੀ ਕਰਨੀ ਮੁਸ਼ਕਿਲ ਹੋ ਜਾਵੇਗੀ। ਅਜਿਹੀਆਂ ਅਫ਼ਵਾਹਾਂ ਦੀ ਸਿਆਸਤ ਨੇ ਬਾਬਾ ਜੀ ਦੀ ਪੰਥਕ ਛਬਿ ਨੂੰ ਉਨ੍ਹਾਂ ਦੇ ਜਿਊਂਦੇ ਜੀਅ ਨੁਕਸਾਨ ਪਹੁੰਚਾਉਣਾ ਸ਼ੁਰੂ ਕਰ ਦਿੱਤਾ ਸੀ। ਹੁਣ ਜਦੋਂ ਸਾਰੇ ਤੱਥ ਸਾਹਮਣੇ ਆ ਗਏ ਹਨ ਤਾਂ ਉਨ੍ਹਾਂ ਨੂੰ ਸਿਆਸੀ ਰੋਲ ਮਾਡਲ ਵਜੋਂ ਪੇਸ਼ ਕਰਨਾ ਹੈ ਜਾਂ ਪੰਥਕ ਰੋਲ ਮਾਡਲ ਵਜੋਂ, ਇਸ ਬਾਰੇ ਸੋਚਣ ਦੀ ਲੋੜ ਹੈ। ਬੰਦਾ ਬਹਾਦਰ ਜਦੋਂ ਦਸਮ ਪਾਤਸ਼ਾਹ ਦੇ ਸਨਮੁੱਖ ਹੋਏ ਸਨ ਤਾਂ ਕਰਾਮਾਤੀ ਅਧਿਆਤਮਵਾਦੀ ਸਨ, ਜਦੋਂ ਪੰਜਾਬ ਵੱਲ ਰਵਾਨਾ ਹੋਏ ਸਨ ਤਾਂ ਕਰਮਸ਼ੀਲ ਅਧਿਆਤਮਵਾਦੀ ਸਨ। ਇਹ ਸਫ਼ਰ ਉਨ੍ਹਾਂ ਨੇ ਇਲਾਹੀ-ਨਦਰ ਦੇ ਸਫ਼ਰ ਵਾਂਗ ਤੈਅ ਕੀਤਾ ਸੀ। ਅਜਿਹੇ ਮਾਨਸਿਕ ਪਰਿਵਰਤਨ ਦੇ ਇਤਿਹਾਸਕ ਵਰਤਾਰੇ ਦਾ ਬਾਬਾ ਬੰਦਾ ਸਿੰਘ, ਸਦ-ਜਾਗਤ ਰੋਲ-ਮਾਡਲ ਹਨ। ਇਸ ਨੂੰ ਸਿਆਸੀ ਚਿੱਕੜ ਵੱਲ ਲੈ ਕੇ ਜਾਣ ਦੀ ਨਹੀਂ, ਸਗੋਂ ਇਸ ਤੋਂ ਬਚਾਉਣ ਦੀ ਲੋੜ ਹੈ। ਸਿਆਸਤ ਤਾਂ ਸੱਤਾ ਪ੍ਰਾਪਤੀ ਲਈ ਅਨੈਤਿਕਤਾ ਨੂੰ ਹਥਿਆਰ ਵਜੋਂ ਵਰਤਣ ਦੀ ਆਗਿਆ ਦਿੰਦੀ ਹੈ। ਬਾਬਾ ਜੀ ਨਾਲ ਕੈਦ ਕੀਤੇ ਗਏ ਉਨ੍ਹਾਂ ਦੇ ਸਾਥੀਆਂ ਵਿੱਚੋਂ ਕਿਸੇ ਇੱਕ ਨੇ ਵੀ ਮੁਆਫ਼ੀ ਨਹੀਂ ਮੰਗੀ ਸੀ ਜਾਂ ਉਨ੍ਹਾਂ ਦਾ ਸਾਥ ਨਹੀਂ ਛੱਡਿਆ ਸੀ। ਅਜਿਹਾ ਰਾਜਨੀਤੀ ਵਿੱਚ ਨਹੀਂ ਸਿਰਫ਼ ਧਰਮ ਵਿੱਚ ਹੀ ਵਾਪਰ ਸਕਦਾ ਸੀ ਤੇ ਵਾਪਰ ਸਕਦਾ ਹੈ। ਇਸ ਫਖ਼ਰਯੋਗ ਵਿਰਾਸਤ ਨਾਲੋਂ ਬਾਬਾ ਜੀ ਦੇ ਬਿੰਬ ਨੂੰ ਨਿਖੇੜਣ ਦੀ ਕੋਸ਼ਿਸ਼ ਨਹੀਂ ਕੀਤੀ ਜਾਣੀ ਚਾਹੀਦੀ।

× ਪ੍ਰੋਫੈਸਰ ਆਫ਼ ਐਮੀਨੈਂਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
ਸੰਪਰਕ: 93163-013288

# ਗੁਰੂ ਘਰ ਦੇ ਅਨਿਨ ਸੇਵਕ : ਬਾਬਾ ਬੁੱਢਾ ਜੀ

**ਰੂਪ ਸਿੰਘ**

**ਮਾਤਾ ਗੰਗਾ ਜੀ ਦੀ ਖਾਹਸ਼ ਨੂੰ ਪੂਰਾ ਕਰਨ ਹਿਤ ਗੁਰੂ ਜੀ ਨੇ ਮਾਤਾ ਜੀ ਨੂੰ ਬਾਬਾ ਬੁੱਢਾ ਜੀ ਦੀ ਸੇਵਾ ਵਿਚ ਹਾਜ਼ਰ ਹੋਣ ਲਈ ਕਹਿ, ਬਾਬਾ ਜੀ ਦੀ ਮਹਾਨ ਸ਼ਖ਼ਸੀਅਤ ਨੂੰ ਸਤਿਕਾਰ ਬਖਸ਼ਿਆ। ਪ੍ਰਭੂ-ਕਿਰਪਾ ਸਦਕਾ ਮਾਤਾ ਜੀ ਦੀ ਖਾਹਸ਼ (ਗੁਰੂ) ਹਰਿਗੋਬਿੰਦ ਜੀ ਦੇ ਆਗਮਨ ਨਾਲ ਪੂਰੀ ਹੋਈ। ਜਦੋਂ ਬਾਲ ਹਰਿਗੋਬਿੰਦ ਪੰਜ ਸਾਲ ਦੇ ਹੋਏ ਤਾਂ ਉਨ੍ਹਾਂ ਨੂੰ ਹਰ ਖੇਤਰ ਵਿਚ ਪ੍ਰਬੀਨ ਬਣਾਉਣ ਲਈ ਬਾਬਾ ਬੁੱਢਾ ਜੀ ਦੀਆਂ ਹੀ ਸੇਵਾਵਾਂ ਲਈਆਂ ਗਈਆਂ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਿਛੋਂ ਗੁਰੂ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ (ਗੁਰੂ) ਹਰਿਗੋਬਿੰਦ ਜੀ ਨੂੰ ਗੁਰਿਆਈ ਦਾ ਤਿਲਕ ਦਿੱਤਾ ਤੇ ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨਾਈਆਂ ਤਾਂ ਜੋ ਜ਼ਾਲਮ ਤੇ ਜਾਬਰ ਹਕੂਮਤ ਦੀਆਂ ਵਧੀਕੀਆਂ ਦਾ ਮੁਕਾਬਲਾ ਕੀਤਾ ਜਾ ਸਕੇ। ਗੁਰੂ ਹਰਿਗੋਬਿੰਦ ਜੀ ਨੇ ਆਪਣੇ ਸ਼ਹੀਦ ਗੁਰੂ-ਪਿਤਾ ਦੀਆਂ ਇਛਾਵਾਂ ਅਨੁਸਾਰ ਹਰ ਤਰ੍ਹਾਂ ਤਿਆਰੀ ਸ਼ੁਰੂ ਕਰ ਦਿੱਤੀ।**



ਉਠੰਦਿਆ, ਬੰਹਦਿਆਂ ਸਵੰਦਿਆਂ ਨਾਮ ਸਿਮਰਨ ਵਿਚ ਲੀਨ, ਗੁਰਸਿੱਖ ਜੀਅੜੇ ਬਾਬਾ ਬੁੱਢਾ ਜੀ ਦਾ ਜਨਮ 21 ਅਕਤੂਬਰ, 1506 ਈ: ਨੂੰ ਮਾਤਾ ਗੌਰਾਂ ਜੀ ਦੀ ਕੁਖੋਂ, ਭਾਈ ਸੁੱਖੇ ਰੰਧਾਵੇ ਦੇ ਘਰ ਪਿੰਡ ਕੱਥੂ ਨੰਗਲ ਵਿਚ ਹੋਇਆ। ਆਪ ਜੀ ਦਾ ਪਹਿਲਾਂ ਨਾਂ 'ਬੂੜਾ' ਸੀ। ਤੇਜ ਬੁਧੀ, ਗੰਭੀਰ ਸੁਭਾਅ ਦੇ ਮਾਲਕ ਬਾਬਾ ਜੀ ਬਚਪਨ ਕੱਥੂ ਨੰਗਲ ਵਿਚ ਬਿਤਾ, ਆਪਣੇ ਮਾਤਾ ਪਿਤਾ ਨਾਲ ਰਮਦਾਸ ਆ ਗਏ। ਇਥੇ ਬਾਬਾ ਜੀ ਦਾ ਮਿਲਾਪ 1518 ਈ: ਵਿਚ ਜਗਤ-ਗੁਰੂ, ਗੁਰੂ ਨਾਨਕ ਸਾਹਿਬ ਨਾਲ ਹੋਇਆ। ਗੁਰੂ ਚਰਨਾਂ ਦੀ ਛੋਹ ਸਦਕਾ ਬਾਬਾ ਬੁੱਢਾ ਜੀ ਖੁਸ਼ੀਆਂ-ਖੇੜਿਆਂ ਵਿਚ ਜੀਵਨ ਬਿਤਾਉਣ ਲੱਗੇ। ਗੁਰੂ ਨਾਨਕ ਸਾਹਿਬ ਦੀ ਸੰਗਤ ਤੋਂ ਪਿਛੋਂ ਆਪ ਜੀ ਦਾ ਨਾਂ ਬਾਬਾ ਬੁੱਢਾ ਪ੍ਰਚਲਤ ਹੋ ਗਿਆ। ਉਸ ਸਮੇਂ ਬਾਬਾ ਜੀ ਦੀ ਉਮਰ 12 ਸਾਲ ਦੇ ਲਗਪਗ ਸੀ।

ਕੁਝ ਸਮੇਂ ਪਿਛੋਂ ਬਾਬਾ ਜੀ ਘਰ-ਪਰਿਵਾਰ ਨੂੰ ਛੱਡ ਕਰਤਾਰਪੁਰ ਵਿਚ ਗੁਰੂ-ਸੰਗਤ ਦੀ ਸੇਵਾ ਵਿਚ ਲੀਨ ਹੋ ਗਏ। ਇਸ ਤਰ੍ਹਾਂ ਗੁਰੂ ਘਰ ਦੀ ਸੇਵਾ ਕਰਦਿਆਂ ਕਾਫੀ ਸਮਾਂ ਬੀਤ ਗਿਆ। ਬਾਬਾ ਜੀ ਨੇ ਆਪਣਾ ਜੀਵਨ-ਮਿਸ਼ਨ ਗੁਰੂ ਘਰ ਦੀ ਸੇਵਾ ਤੇ ਸਿਮਰਨ ਕਰਦਿਆਂ ਜੀਵਨ-ਮੁਕਤ ਹੋਣ ਦਾ ਬਣਾ ਲਿਆ। ਬਾਬਾ ਜੀ ਗ੍ਰਹਿਸਤੀ ਮਾਰਗ ਦੇ ਪਾਂਧੀ ਨਹੀਂ ਸਨ ਬਣਨਾ ਚਾਹੁੰਦੇ, ਪਰ ਮਾਤਾ-ਪਿਤਾ ਦੀਆਂ ਇਛਾਵਾਂ ਦਾ ਸਤਿਕਾਰ ਕਰਦਿਆਂ 1538 ਈ: ਵਿਚ ਬੀਬੀ ਮਿਰੋਆ ਨਾਲ ਸ਼ਾਦੀ ਕਰ ਲਈ। ਇਹ ਵੀ ਕਿਹਾ ਜਾਂਦਾ ਹੈ ਕਿ ਬਾਬਾ ਜੀ ਦੀ ਬਰਾਤ ਵਿਚ ਕਿਸੇ ਕਾਰਨ-ਵਸ ਗੁਰੂ ਨਾਨਕ ਸਾਹਿਬ ਆਪ ਤਾਂ ਨਾ ਜਾ ਸਕੇ ਪਰ ਉਨ੍ਹਾਂ ਦੇ ਦੋਨੋਂ ਸਾਹਿਬਜ਼ਾਦੇ ਸ਼ਾਮਲ ਹੋਏ। ਬਾਬਾ ਜੀ ਦੇ ਘਰ ਚਾਰ ਪੁੱਤਰ ਪੈਦਾ ਹੋਏ। ਕੁਝ ਸਮਾਂ ਪਰਿਵਾਰ ਨਾਲ ਬਸਰ ਕਰ, ਬਾਬਾ ਜੀ ਫਿਰ ਗੁਰੂ-ਸੰਗਤ ਦੀ ਸੇਵਾ ਵਿਚ ਲਗ ਗਏ। ਇਸ ਸਮੇਂ ਤਕ ਭਾਈ ਲਹਿਣਾ ਜੀ (ਜੋ ਪਹਿਲਾਂ ਦੇਵੀ ਭਗਤ ਸਨ) ਵੀ ਗੁਰਮਤਿ ਮਾਰਗ ਦੇ ਪਾਂਧੀ ਬਣ ਚੁੱਕੇ ਸਨ।

ਗੁਰੂ ਨਾਨਕ ਦੇਵ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਜਾਣ 'ਜੋਤਿ' ਭਾਈ ਲਹਿਣੇ ਵਿਚ ਪਰਵਿਰਤ ਕਰ ਦਿੱਤੀ। ਜੂਨ, 1539 ਈ: ਵਿਚ ਉਨ੍ਹਾਂ ਨੂੰ ਆਪਣਾ 'ਅੰਗ' ਜਾਣ 'ਗੁਰੂ ਅੰਗਦ ਦੇਵ' ਬਣਾ ਦਿੱਤਾ। ਬਾਬਾ ਬੁੱਢਾ ਜੀ ਤੋਂ ਗੁਰਿਆਈ ਦਾ ਤਿਲਕ ਲਗਵਾ, ਆਪ ਗੁਰੂ ਨਾਨਕ ਸਾਹਿਬ ਜੀ ਨੇ 'ਗੁਰੂ-ਜੋਤਿ' ਨੂੰ ਮੱਥਾ ਟੇਕਿਆ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ ਹੋਇਆਂ ਖਡੂਰ ਸਾਹਿਬ ਵਿਖੇ ਨਵੀਂ ਧਰਮਸ਼ਾਲ ਸਥਾਪਤ ਕੀਤੀ। ਆਰੰਭ ਵਿਚ ਗੁਰੂ ਜੀ 'ਗੁਰਗੱਦੀ' ਦੇ ਝਗੜੇ ਕਾਰਨ ਮਾਤਾ ਵਿਰਾਈ ਪਾਸ ਗੁਪਤਵਾਸ ਹੋ ਗਏ। ਸੰਗਤਾਂ ਗੁਰੂ ਦਰਸ਼ਨਾਂ ਲਈ ਬਿਹਬਲ ਹੋ ਉਠੀਆਂ। ਸੰਗਤਾਂ ਬਾਬਾ ਬੁੱਢਾ ਜੀ ਦੀ ਸੁਚੱਜੀ ਅਗਵਾਈ ਵਿਚ ਗੁਰੂ ਹੁਕਮ ਸਦਕਾ ਗੁਰਮਤਿ ਮਾਰਗ ਦੇ ਪਾਂਧੀਆਂ ਨੂੰ ਗੁਰਮੁਖੀ ਲਿੱਪੀ ਵਿਚ ਵਿਦਿਆ ਦੇਣੀ ਤੇ ਲੰਗਰ ਦੀ ਸੇਵਾ ਕਰਨੀ ਸ਼ੁਰੂ ਕੀਤੀ। ਆਪਣਾ ਅੰਤਮ ਸਮਾਂ ਨੇੜੇ ਆਇਆ ਜਾਣ, ਗੁਰੂ ਅੰਗਦ ਦੇਵ ਜੀ ਨੇ ਸ਼ਰਧਾ, ਪ੍ਰੇਮ, ਸੇਵਾ ਤੇ ਕੁਰਬਾਨੀ ਦੇ ਪੁੰਜ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪ, ਬਾਬਾ ਬੁੱਢਾ ਜੀ ਤੋਂ ਗੁਰਿਆਈ ਦਾ ਤਿਲਕ ਲਗਵਾਇਆ। ਗੁਰੂ ਅਮਰਦਾਸ ਜੀ ਨੇ 'ਗੁਰੂ' ਹੁਕਮ ਅਨੁਸਾਰੀ ਗੋਇੰਦਵਾਲ ਨੂੰ ਸਿੱਖੀ ਦਾ ਨਵਾਂ ਪ੍ਰਚਾਰ ਤੇ ਪ੍ਰਸਾਰ ਕੇਂਦਰ ਬਣਾਇਆ। ਗੁਰਗੱਦੀ 'ਤੇ ਦਾਤੂ ਨੇ ਆਪਣਾ ਵਿਰਾਸਤੀ ਹੱਕ ਜਿਤਾਉਂਦਿਆਂ ਗੁਰੂ ਜੀ ਨਾਲ ਝਗੜਾ ਸ਼ੁਰੂ ਕਰ ਦਿੱਤਾ। ਗੁਰੂ ਜੀ ਗੋਇੰਦਵਾਲ ਛੱਡ ਬਾਸਰਕੇ ਆ ਗਏ ਤੇ ਇਕ ਕਮਰੇ ਵਿਚ ਬੈਠ ਬਾਹਰੋਂ ਬੂਹਾ ਬੰਦ ਕਰਵਾ, ਬੰਦਗੀ ਕਰਨ ਲਗ ਪਏ। ਗੋਇੰਦਵਾਲ ਸੰਗਤਾਂ ਗੁਰੂ ਦਰਸ਼ਨਾਂ ਲਈ ਹੁਮ-ਹੁਮਾ ਕੇ ਆਉਂਦੀਆਂ ਪਰ ਗੁਰੂ ਦਰਸ਼ਨਾਂ ਤੋਂ ਬਿਨਾਂ ਸੰਗਤਾਂ ਵਿਆਕੁਲ ਹੋ ਉੱਠਦੀਆਂ। ਸੰਗਤਾਂ ਨੇ ਬਾਬਾ ਬੁੱਢਾ ਜੀ ਨੂੰ ਬੇਨਤੀ ਕੀਤੀ ਬਾਬਾ ਜੀ ਗੁਰੂ ਹੁਕਮ ਦੀ ਅਵੱਗਿਆ ਵੀ ਨਹੀਂ ਸਨ ਕਰਨੀ ਚਾਹੁੰਦੇ ਤੇ ਸੰਗਤਾਂ ਦੀ ਸਿੱਕ ਨੂੰ ਵੀ ਤ੍ਰਿਪਤ ਕਰਨਾ ਜ਼ਰੂਰੀ ਸੀ। ਕੁਝ ਸਮਾਂ ਸੋਚ-ਵਿਚਾਰ ਕਰ ਬਾਬਾ ਬੁੱਢਾ ਜੀ ਨੇ ਪਿਛਲੇ ਪਾਸਿਓਂ ਸੰਨ੍ਹ ਲਾ ਗੁਰੂ-ਚਰਨਾਂ 'ਤੇ ਸੀਸ ਝੁਕਾਇਆ। ਗੁਰੂ ਜੀ ਬਾਬਾ ਜੀ ਦੀ ਸ਼ਰਧਾ ਤੇ ਸੂਖਮ ਸੂਝ ਅਤੇ ਲਿਆਕਤ ਤੋਂ ਬਹੁਤ ਪ੍ਰਭਾਵਿਤ ਹੋਏ। ਗੁਰੂ ਜੀ ਸੰਗਤ ਦੀ ਬੇਨਤੀ ਪਰਵਾਨ ਕਰ ਗੋਇੰਦਵਾਲ ਸਾਹਿਬ ਵਾਪਸ ਆ ਗਏ। ਗੁਰੂ ਅਮਰਦਾਸ ਜੀ ਜਦ ਵੇਖਿਆ ਕਿ ਸੁਚ-ਭਿਟ, ਊਚ-ਨੀਚ ਤੇ ਛੂਤ-ਛਾਤ ਕਾਰਨ ਮਨੁੱਖ, ਮਨੁੱਖ ਨੂੰ ਘਿਰਣਾ ਕਰਦਾ ਹੈ, ਤਾਂ ਉਹਨਾਂ ਇਸ ਦੇ ਸਦੀਵੀ ਹੱਲ ਲਈ ਬਾਉਲੀ ਬਣਾਉਣੀ ਚਾਹੀ ਜਿਥੋਂ ਹਰ ਧਰਮ, ਹਰ ਜਾਤ, ਹਰ ਇਲਾਕੇ ਦਾ ਮਨੁੱਖ ਇਸ਼ਨਾਨ ਕਰ ਵਿਤਕਰਿਆਂ-ਰੂਪੀ ਚੌਰਾਸੀ ਤੋਂ ਮੁਕਤ ਹੋ ਸਕੇ। ਗੁਰੂ ਜੀ ਨੇ 1552 ਈ: ਵਿਚ ਬਾਬਾ ਬੁੱਢਾ ਜੀ ਪਾਸੋਂ ਬਾਉਲੀ ਦਾ ਆਦਿ ਟੱਕ ਲਗਵਾਇਆ ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਖੇਤਰ ਨੂੰ ਵਧਾਉਣ ਤੇ ਨਿਯਮ-ਬੱਧ ਕਰਨ ਹਿਤ 22 ਮੰਜੀਆਂ ਦੀ ਅਸਥਾਪਨਾ ਕੀਤੀ। ਇਸ ਮੰਜੀ-ਪ੍ਰਥਾ ਦੇ ਮੁਖ ਪ੍ਰਬੰਧਕ ਵੀ ਬਾਬਾ ਬੁੱਢਾ ਜੀ ਹੀ ਸਨ। ਬਾਦਸ਼ਾਹ ਅਕਬਰ ਜਦ ਪਹਿਲੀ ਵਾਰ ਗੁਰੂ-ਦਰਸ਼ਨਾਂ ਲਈ ਗੁਰੂ-ਦਰਬਾਰ ਵਿਚ ਹਾਜ਼ਰ ਹੋਇਆ ਤਾਂ ਬਾਬਾ ਬੁੱਢਾ ਜੀ ਨੇ ਹੀ ਬਾਦਸ਼ਾਹ ਨੂੰ 'ਨਿਰਮਲ ਪੰਥ' ਦੀ ਨਿਰਮਲਤਾ ਤੇ ਮਰਿਯਾਦਾ ਤੋਂ ਜਾਣੂ ਕਰਵਾਇਆ। ਬਾਦਸ਼ਾਹ ਗੁਰੂ ਕੇ ਲੰਗਰ 'ਚੋਂ ਪ੍ਰਸ਼ਾਦ ਛਕ, ਗੁਰੂ ਸੰਗਤ ਦੇ ਦਰਸ਼ਨ ਕਰ ਬਹੁਤ ਪ੍ਰਭਾਵਿਤ ਹੋਇਆ।

ਗੁਰੂ ਅਮਰਦਾਸ ਜੀ ਨੇ ਗੁਰੂ-ਘਰ ਦੀ ਮਰਿਯਾਦਾ ਅਨੁਸਾਰੀ ਗੁਰ-ਗੱਦੀ ਦੇ ਯੋਗ ਅਧਿਕਾਰੀ ਨਿਸ਼ਕਾਮ ਸੇਵਕ (ਗੁਰੂ) ਰਾਮਦਾਸ ਜੀ ਨੂੰ ਗੁਰਗੱਦੀ 'ਤੇ ਬਿਰਾਜਮਾਨ ਕਰ ਬਾਬਾ ਬੁੱਢਾ ਜੀ ਪਾਸੋਂ ਗੁਰਿਆਈ ਦਾ ਤਿਲਕ ਲਗਵਾਇਆ। ਕੁਝ ਸਮੇਂ ਪਿਛੋਂ ਗੁਰੂ ਅਮਰਦਾਸ ਜੀ 'ਜੋਤੀ-ਜੋਤਿ' ਸਮਾ ਗਏ। ਬਾਬਾ ਬੁੱਢਾ ਜੀ ਨੇ ਗੁਰੂ ਅਮਰਦਾਸ ਜੀ ਦੀਆਂ ਅੰਤਮ ਰਸਮਾਂ ਆਪਣੇ ਹੱਥੀਂ ਕੀਤੀਆਂ।

ਗੁਰੂ ਰਾਮਦਾਸ ਜੀ ਨੇ ਗੁਰੂ ਹੁਕਮ ਦੀ ਪਾਲਣਾ ਕਰਦਿਆਂ 'ਰਾਮਦਾਸਪੁਰ' ਦੀ ਸਥਾਪਨਾ ਕਰ, ਬਾਬਾ ਬੁੱਢਾ ਜੀ ਤੋਂ ਅੰਮ੍ਰਿਤ ਸਰੋਵਰ ਦਾ ਟੱਕ ਲਗਵਾ, ਬਾਬਾ ਜੀ ਨੂੰ ਇਸ ਮਹਾਨ ਸੇਵਾ ਦਾ ਮੁਖ ਸੇਵਾਦਾਰ ਨਿਯੁਕਤ ਕੀਤਾ, ਜਿਸ ਸਥਾਨ 'ਤੇ ਬੈਠ ਬਾਬਾ ਜੀ ਪਾਵਨ ਸਰੋਵਰ ਦੀ ਸੇਵਾ ਕਰਵਾਇਆ ਕਰਦੇ ਸਨ, ਉਹ ਥਾਂ ਸ੍ਰੀ ਦਰਬਾਰ ਸਾਹਿਬ ਵਿਚ 'ਬੇਰ-ਬਾਬਾ ਬੁੱਢਾ' ਜੀ ਦੀ ਇਤਿਹਾਸਕ ਯਾਦ ਵਜੋਂ ਅੱਜ ਵੀ ਸੁਰੱਖਿਅਤ ਹੈ। ਗੁਰੂ ਰਾਮਦਾਸ ਜੀ ਨੇ ਆਪਣੇ ਛੋਟੇ ਸਪੁੱਤਰ (ਗੁਰੂ) ਅਰਜਨ ਦੇਵ ਜੀ ਨੂੰ 'ਗੁਰਗੱਦੀ' ਦੀ ਜ਼ਿੰਮੇਵਾਰੀ ਸੌਂਪ, ਬਾਬਾ ਬੁੱਢਾ ਜੀ ਤੋਂ ਗੁਰਿਆਈ ਦੀਆਂ ਰਸਮਾਂ ਪੂਰੀਆਂ ਕਰਵਾ ਆਪ ਪ੍ਰਭੂ-ਚਰਨਾਂ ਵਿਚ ਜਾ ਬਿਰਾਜੇ। ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਨੂੰ ਸਮੁੱਚੀ ਉਸਾਰੀ ਦੇ ਕੰਮਾਂ ਦਾ ਪ੍ਰਬੰਧ ਸੰਭਾਲ ਦਿੱਤਾ।

ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾਤਾ ਪ੍ਰਿਥੀ ਚੰਦ ਨੇ ਗੁਰਗੱਦੀ 'ਤੇ ਹੱਕ ਜਮਾਉਣਾ ਚਾਹਿਆ। ਇਸ ਸੁਆਰਥ ਲਈ ਉਸ ਨੇ ਹਰ ਹੀਲੇ ਸੰਗਤਾਂ ਨੂੰ ਗੁੰਮਰਾਹ ਕਰਨਾ ਚਾਹਿਆ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਇਸ ਗੁੰਮਰਾਹ-ਕੁੰਨ ਪ੍ਰਚਾਰ ਤੋਂ ਸੰਗਤਾਂ ਨੂੰ ਸੁਚੇਤ ਕਰ ਗੁਰੂ ਘਰ ਨਾਲ ਜੋੜੀ ਰੱਖਿਆ।

ਗੁਰੂ ਅਰਜਨ ਦੇਵ ਜੀ ਨੇ ਸਮੁੱਚੀ ਮਾਨਵਤਾ ਦੇ ਉਦਾਰ ਹਿਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਤਿਆਰ ਕੀਤੀ। ਕਾਫੀ ਸੋਚ-ਵਿਚਾਰ ਕਰ ਗੁਰੂ ਜੀ ਨੇ ਬਾਬਾ ਬੁੱਢਾ ਜੀ ਨੂੰ ਹੀ ਮੁਖ-ਗ੍ਰੰਥੀ ਦੀ ਸੇਵਾ ਸੌਂਪਣ ਦਾ ਫ਼ੈਸਲਾ ਲਿਆ। ਗੁਰ-ਬਿਲਾਸ ਪਾਤਸ਼ਾਹੀ ਛੇਵੀਂ ਦੇ ਸ਼ਬਦਾਂ ਵਿਚ –

ਕਰਤ ਵਿਚਾਰ ਇਹ ਠਹਰਾਈ।
ਬੁੱਢਾ ਜੀ ਸੇਵਾ ਨਿਪੁਨਾਈ।
ਗੁਰੂ ਨਾਨਕ ਇਨ ਦਰਸ਼ਨ ਕਰੇ।
ਸੇਵਾ ਮੈਂ ਅਤਿ ਹਿਤ ਇਹ ਧਰੇ।

ਜਦ ਪਾਵਨ ਆਦਿ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤਾ ਗਿਆ ਤਾਂ ਮੁੱਖ-ਗ੍ਰੰਥੀ ਬਾਬਾ ਬੁੱਢਾ ਜੀ ਨੇ ਹੀ ਪਹਿਲਾ ਵਾਕ ਸੰਗਤਾਂ ਨੂੰ ਸਰਵਣ ਕਰਵਾਇਆ।

ਜਿਸ ਸਮੇਂ ਗੁਰੂ ਅਰਜਨ ਦੇਵ ਜੀ ਨੇ ਮਾਝੇ-ਦੁਆਬੇ ਦਾ ਪ੍ਰਚਾਰ ਦੌਰਾ ਕੀਤਾ ਬਾਬਾ ਬੁੱਢਾ ਜੀ ਗੁਰੂ ਆਗਿਆ ਸਦਕਾ ਕੁਝ ਸਮੇਂ ਪਿਛੋਂ 'ਬੀੜ' ਵਿਚ ਚਲੇ ਗਏ- ਇਹ ਬੀੜ ਗੁਰੂ ਘਰ ਦੇ ਇਕ ਸ਼ਰਧਾਲੂ ਨੇ ਗੁਰੂ-ਘਰ ਦੇ ਮਾਲ ਲਈ ਰਾਖਵੀਂ ਰੱਖੀ ਸੀ। ਮਾਤਾ ਗੰਗਾ ਜੀ ਦੀ ਖਾਹਸ਼ ਨੂੰ ਪੂਰਾ ਕਰਨ ਹਿਤ ਗੁਰੂ ਜੀ ਨੇ ਮਾਤਾ ਜੀ ਨੂੰ ਬਾਬਾ ਬੁੱਢਾ ਜੀ ਦੀ ਸੇਵਾ ਵਿਚ ਹਾਜ਼ਰ ਹੋਣ ਲਈ ਕਹਿ, ਬਾਬਾ ਜੀ ਦੀ ਮਹਾਨ ਸ਼ਖ਼ਸੀਅਤ ਨੂੰ ਸਤਿਕਾਰ ਬਖਸ਼ਿਆ। ਪ੍ਰਭੂ-ਕਿਰਪਾ ਸਦਕਾ ਮਾਤਾ ਜੀ ਦੀ ਖਾਹਸ਼ (ਗੁਰੂ) ਹਰਿਗੋਬਿੰਦ ਜੀ ਦੇ ਆਗਮਨ ਨਾਲ ਪੂਰੀ ਹੋਈ। ਜਦੋਂ ਬਾਲ ਹਰਿਗੋਬਿੰਦ ਪੰਜ ਸਾਲ ਦੇ ਹੋਏ ਤਾਂ ਉਨ੍ਹਾਂ ਨੂੰ ਹਰ ਖੇਤਰ ਵਿਚ ਪ੍ਰਬੀਨ ਬਣਾਉਣ ਲਈ ਬਾਬਾ ਬੁੱਢਾ ਜੀ ਦੀਆਂ ਹੀ ਸੇਵਾਵਾਂ ਲਈਆਂ ਗਈਆਂ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਿਛੋਂ ਗੁਰੂ ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ (ਗੁਰੂ) ਹਰਿਗੋਬਿੰਦ ਜੀ ਨੂੰ ਗੁਰਿਆਈ ਦਾ ਤਿਲਕ ਦਿੱਤਾ ਤੇ ਮੀਰੀ ਪੀਰੀ ਦੀਆਂ ਤਲਵਾਰਾਂ ਪਹਿਨਾਈਆਂ ਤਾਂ ਜੋ ਜ਼ਾਲਮ ਤੇ ਜਾਬਰ ਹਕੂਮਤ ਦੀਆਂ ਵਧੀਕੀਆਂ ਦਾ ਮੁਕਾਬਲਾ ਕੀਤਾ ਜਾ ਸਕੇ। ਗੁਰੂ ਹਰਿਗੋਬਿੰਦ ਜੀ ਨੇ ਆਪਣੇ ਸ਼ਹੀਦ ਗੁਰੂ-ਪਿਤਾ ਦੀਆਂ ਇਛਾਵਾਂ ਅਨੁਸਾਰ ਹਰ ਤਰ੍ਹਾਂ ਤਿਆਰੀ ਸ਼ੁਰੂ ਕਰ ਦਿੱਤੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਬਾਬਾ ਬੁੱਢਾ ਜੀ ਤੋਂ ਰਖਵਾਈ ਤੇ ਸੰਗਤਾਂ ਨੂੰ ਫੁਰਮਾਨ ਜਾਰੀ ਕੀਤਾ ਗਿਆ ਕਿ ਗੁਰੂ-ਦਰਬਾਰ ਵਿਚ ਚੰਗੇ ਸ਼ਸਤਰ, ਵਧੀਆ ਘੋੜੇ ਤੇ ਉਠਦੀਆਂ ਜਵਾਨੀਆਂ ਦੀਆਂ ਭੇਟਾਵਾਂ ਲੈ ਕੇ ਹਾਜ਼ਰ ਹੋਣ। ਪਰ ਦੂਸਰੇ ਪਾਸੇ ਮੁਗਲ ਹਕੂਮਤ ਨੂੰ ਇਹ ਕਿਸ ਤਰ੍ਹਾਂ ਭਾ ਸਕਦਾ ਸੀ ਕਿ ਉਨ੍ਹਾਂ ਦੇ ਸਮਾਂਨਤਰ ਕੋਈ ਸਰਕਾਰ ਬਣਾ, ਫੁਰਮਾਨ ਜਾਰੀ ਕਰੇ। ਸਮੇਂ ਦੀ ਹਕੂਮਤ ਦੇ ਆਦੇਸ਼ ਮੁਤਾਬਕ ਗੁਰੂ ਜੀ ਨੂੰ ਕੈਦ ਕਰ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ ਗਿਆ। ਬਾਬਾ ਬੁੱਢਾ ਜੀ ਮਾਤਾ ਗੰਗਾ ਜੀ ਦੇ ਹੁਕਮ ਅਨੁਸਾਰ ਗਵਾਲੀਅਰ ਗਏ ਪਰ ਸਮੇਂ ਦੇ ਹਾਕਮਾਂ ਨੇ ਬਾਬਾ ਜੀ ਨੂੰ ਗੁਰੂ ਦਰਸ਼ਨ ਕਰਨ ਦੀ ਆਗਿਆ ਨਾ ਦਿੱਤੀ। ਬਾਬਾ ਜੀ ਗੁਰੂ ਜਸ ਕਰਦੇ ਹੋਏ ਕਿਲ੍ਹੇ ਦੀ ਪ੍ਰਕਰਮਾ ਕਰਨ ਲੱਗ ਪਏ। ਜਦ ਗੁਰੂ ਜੀ ਦੀ ਰਿਹਾਈ ਹੋਈ ਤਾਂ ਬਾਬਾ ਜੀ ਨੇ ਗੁਰੂ ਜੀ ਦੇ ਦਰਸ਼ਨ ਕਰ ਸੰਗਤਾਂ ਦੀ ਬਿਹਬਲਤਾ ਦਰਸਾਈ।

ਸਮੇਂ ਦੇ ਨਾਲ ਬਾਬਾ ਜੀ ਬਹੁਤ ਹੀ ਬਿਰਧ ਹੋ ਚੁੱਕੇ ਸਨ। ਗੁਰੂ ਜੀ ਤੋਂ ਬਾਬਾ ਬੁੱਢਾ ਜੀ ਆਗਿਆ ਪ੍ਰਾਪਤ ਕਰਕੇ ਆਪਣੇ ਪਿੰਡ ਰਮਦਾਸ ਆ ਗਏ। ਬਾਬਾ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਜਾਣ, ਗੁਰੂ ਦਰਸ਼ਨਾਂ ਦੀ ਇਛਿਆ ਕੀਤੀ ਤੇ ਇਕ ਆਦਮੀ ਰਾਹੀਂ ਗੁਰੂ ਜੀ ਨੂੰ ਦਰਸ਼ਨ ਦੇਣ ਲਈ ਬੇਨਤੀ ਕੀਤੀ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਜੀ ਦੀ ਬੇਨਤੀ ਪ੍ਰਵਾਨ ਕਰ ਰਮਦਾਸ ਪਹੁੰਚੇ। ਪੰਜ ਗੁਰੂ ਸਾਹਿਬਾਨ ਨੂੰ ਹੱਥੀਂ ਗੁਰਿਆਈ ਦਾ ਤਿਲਕ ਦੇ, ਅੱਠ ਗੁਰੂ ਸਾਹਿਬਾਨ ਦੇ ਸ਼ਖ਼ਸੀ ਦਰਸ਼ਨ ਕਰ, 125 ਸਾਲ ਦੀ ਉਮਰ ਭੋਗ, ਬਾਬਾ ਬੁੱਢਾ ਜੀ ਨੇ 16 ਨਵੰਬਰ 1631 ਈ: ਨੂੰ ਗੁਰੂ ਹਰਿਗੋਬਿੰਦ ਜੀ ਦੇ ਪਾਵਨ ਹੱਥਾਂ ਵਿਚ ਅੰਤਮ ਸਵਾਸ ਲਏ। ਗੁਰੂ-ਪਾਤਸ਼ਾਹ ਬਾਬਾ ਜੀ ਦਾ ਅੰਤਮ ਸੰਸਕਾਰ ਆਪਣੇ ਹੱਥੀਂ ਕਰ ਪਰਿਵਾਰ ਨੂੰ ਭਾਣਾ ਮੰਨਣ ਤੇ ਸੰਗਤਾਂ ਨੂੰ ਬਾਬਾ ਜੀ ਦੇ ਜੀਵਨ ਤੋਂ ਪ੍ਰੇਰਨਾ ਲੈਣ ਦਾ ਉਪਦੇਸ਼ ਕਰ, ਅੰਮ੍ਰਿਤਸਰ ਵਾਪਸ ਆ ਗਏ।

### ਨਾਮਧਾਰੀ ਇਤਿਹਾਸ ਦਾ ਸੁਨਹਿਰੀ ਪੰਨਾ

# ਮਾਲੇਰਕੋਟਲਾ ਦਾ ਨਾਮਧਾਰੀ ਸ਼ਹੀਦੀ ਸਾਕਾ

**ਹੁਸ਼ਿਆਰ ਸਿੰਘ ਰਾਣੂੰ**



ਪੰਜਾਬੀਆਂ ਨੇ ਹਮੇਸ਼ਾ ਹੀ ਦੇਸੀ/ਵਿਦੇਸ਼ੀ ਹਮਲਾਵਰਾਂ ਤੇ ਜਰਵਾਣਿਆਂ ਨਾਲ ਟੱਕਰ ਲਈ ਹੈ। ਪੰਜਾਬੀਆਂ ਨੇ ਦੇਸ਼ ਦੀ ਗੁਲਾਮੀ ਦੇ ਦੌਰ ਦੌਰਾਨ ਅੰਗਰੇਜ਼ ਹਕੂਮਤ ਨਾਲ ਅਜਿਹਾ ਮੱਥਾ ਡਾਹਿਆ ਕਿ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕੱਢ ਕੇ ਹੀ ਸਾਹ ਲਿਆ। ਦੇਸ਼ ਦੀ ਜੰਗ-ਏ-ਆਜ਼ਾਦੀ ਲਈ ਬਹੁਤ ਸਾਰੀਆਂ ਲਹਿਰਾਂ ਚੱਲੀਆਂ ਅਤੇ ਬਹੁਤ ਸਾਰੀਆਂ ਪਾਰਟੀਆਂ, ਸੰਸਥਾਵਾਂ ਅਤੇ ਜਥੇਬੰਦੀਆਂ ਨੇ ਜੰਗ-ਏ-ਅਜ਼ਾਦੀ ਵਿੱਚ ਭਾਗ ਲਿਆ। ਪਰ ਇਸ ਦੌਰ ਅੰਦਰ ਨਾਮਧਾਰੀ ਸਿੱਖਾਂ ਵੱਲੋਂ ਅੰਗਰੇਜ਼ ਹਕੂਮਤ ਨਾਲ ਟੱਕਰ ਲੈਣ ਦੀ ਵਿਥਿਆ ਬੜੀ ਹੀ ਜ਼ਿਕਰਯੋਗ ਅਤੇ ਮਾਣਯੋਗ ਹੈ। 1857 ਦੀ ਵਿਸਾਖੀ ਨੂੰ ਨਾਮਧਾਰੀ ਮੁਖੀ ਬਾਬਾ ਰਾਮ ਸਿੰਘ ਨੇ ਨਾਮਧਾਰੀ ਸਿੱਖਾਂ ਦੀ ਜਥੇਬੰਦੀ ਅੰਗਰੇਜ਼ ਹਕੂਮਤ ਖ਼ਿਲਾਫ਼ ਜਥੇਬੰਦ ਕੀਤੀ। ਉਨ੍ਹਾਂ ਨਾਮਧਾਰੀਆਂ ਅਤੇ ਦੇਸ਼ ਵਾਸੀਆਂ ਨੂੰ ਸਵਦੇਸ਼ੀ ਵਸਤਾਂ ਦੀ ਵਰਤੋਂ, ਅੰਗਰੇਜ਼ਾਂ ਦਾ ਬਾਈਕਾਟ ਕਰਨ ਅਤੇ ਅੰਗਰੇਜ਼ ਹਕੂਮਤ ਖ਼ਿਲਾਫ਼ ਨਾ-ਮਿਲਵਰਤਣ ਲਈ ਪ੍ਰੇਰਿਆ। ਅੰਗਰੇਜ਼ ਹਕੂਮਤ ਵੱਲੋਂ ਭਾਰਤੀ ਸਮਾਜ ਅੰਦਰ ਫ਼ਿਰਕੂ ਪਾੜਾ ਪਾਉਣ ਦੀ ਨੀਅਤ ਨਾਲ ਖੋਲ੍ਹੇ ਗਊ ਵੱਧ ਬੁੱਚੜਖਾਨਿਆਂ ਖ਼ਿਲਾਫ਼ ਲਾਮਬੰਦੀ ਕੀਤੀ। ਨਾਮਧਾਰੀ ਸਿੱਖਾਂ ਨੇ ਅੰਮ੍ਰਿਤਸਰ, ਰਾਏਕੋਟ ਅਤੇ ਮਾਲੇਰਕੋਟਲਾ ਸਥਿਤ ਬੁੱਚੜਖਾਨਿਆਂ 'ਤੇ ਹਮਲੇ ਕਰਕੇ ਅੰਗਰੇਜ਼ ਹਕੂਮਤ ਖ਼ਿਲਾਫ਼ ਆਪਣਾ ਵਿਰੋਧ ਜ਼ਾਹਰ ਕੀਤਾ। ਅੰਗਰੇਜ਼ ਹਕੂਮਤ ਦਾ ਵਿਰੋਧ ਕਰਨ ਬਦਲੇ ਨਾਮਧਾਰੀ ਸਿੱਖਾਂ ਨੂੰ ਸ਼ਹਾਦਤ ਦੇ ਜਾਮ ਪੀਣੇ ਪਏ ਅਤੇ ਸਖ਼ਤ ਸਜ਼ਾਵਾ ਝੱਲਣੀਆਂ ਪਈਆਂ। ਨਾਮਧਾਰੀ ਸਿੱਖਾਂ ਨੇ 15 ਜੂਨ 1871 ਨੂੰ ਅੰਮ੍ਰਿਤਸਰ, 15 ਜੁਲਾਈ 1871 ਨੂੰ ਰਾਏਕੋਟ ਅਤੇ 15 ਜਨਵਰੀ 1872 ਨੂੰ ਮਾਲੇਰਕੋਟਲਾ ਵਿਖੇ ਬੁੱਚੜਖਾਨਿਆਂ 'ਤੇ ਹਮਲੇ ਕੀਤੇ। ਮਾਲੇਰਕੋਟਲਾ ਸਾਕਾ ਵਾਪਰਨ ਪਿੱਛੋਂ ਮਾਲੇਰਕੋਟਲਾ ਰਿਆਸਤ ਦੇ ਪਿੰਡ ਫਰਵਾਹੀ ਦੇ ਨੰਬਰਦਾਰ ਗੁਰਮੁੱਖ ਵੱਲੋਂ 12 ਜਨਵਰੀ ਨੂੰ ਮਾਘੀ ਦੇ ਮੇਲੇ ਦੇ ਮੌਕੇ 'ਤੇ ਭੈਣੀ (ਲੁਧਿਆਣਾ) ਜਾ ਕੇ ਮਾਲੇਰਕੋਟਲਾ ਬੁੱਚੜਖਾਨੇ ਬਾਰੇ ਜਾਣਕਾਰੀ ਦੇਣੀ ਸੀ। 13 ਜਨਵਰੀ 1872 ਨੂੰ ਸਕਰੌਂਦੀ ਪਿੰਡ ਦੇ ਹੀਰਾ ਸਿੰਘ-ਲਹਿਣਾ ਸਿੰਘ (ਚਾਚੇ-ਤਾਏ ਦੇ ਪੁੱਤਰ) ਦੀ ਅਗਵਾਈ ਵਿੱਚ ਇੱਕ ਜਥਾ ਮਾਲੇਰਕੋਟਲਾ ਲਈ ਰਵਾਨਾ ਹੋਇਆ। ਇਹ ਜਥਾ ਲਾਟੋ, ਕਟਾਣੀ, ਰਾਮਪੁਰ, ਪਾਇਲ ਅਤੇ ਰੱਬੋਂ ਹੁੰਦਾ ਹੋਇਆ 14 ਜਨਵਰੀ ਦੀ ਰਾਤ ਨੂੰ ਮਲੌਦ ਪੁੱਜਾ। ਇੱਥੋਂ ਦਾ ਸਰਦਾਰ ਬਦਨ ਸਿੰਘ ਨਾਮਧਾਰੀ ਜਥੇ ਦੇ ਆਗੂ ਹੀਰਾ ਸਿੰਘ ਦਾ ਰਿਸ਼ਤੇਦਾਰ ਸੀ। ਬਦਨ ਸਿੰਘ ਵੱਲੋਂ ਆਪਣੇ ਇਕਰਾਰ ਮੁਤਾਬਕ ਘੋੜੇ-ਘੋੜੀਆਂ ਅਤੇ ਹਥਿਆਰ ਦੇਣ ਤੋਂ ਇਨਕਾਰ ਕਰਨ 'ਤੇ ਜਥੇ ਦੀ ਝੜਪ ਸਰਦਾਰ ਦੇ ਆਦਮੀਆਂ ਨਾਲ ਹੋਈ। ਇਸ ਝੜਪ ਦੌਰਾਨ ਨਾਮਧਾਰੀ ਸਿੱਖਾਂ ਹੱਥੋਂ ਸਰਦਾਰ ਦਾ ਕੋਚਵਾਨ ਬੂਟਾ ਤੇਲੀ ਅਤੇ ਮੁਨਸ਼ੀ ਨਬੀ ਬਖਸ਼ ਮਾਰੇ ਗਏ ਅਤੇ ਨਿਹਾਲ ਸਿੰਘ ਜ਼ਖ਼ਮੀ ਹੋ ਗਿਆ। ਇਸ ਝੜਪ ਦੌਰਾਨ ਦੋ ਨਾਮਧਾਰੀ ਸਿੱਖ ਮਾਰੇ ਗਏ, ਚਾਰ ਗੰਭੀਰ ਜਖ਼ਮੀ ਹੋਏ ਅਤੇ ਚਾਰ ਨਾਮਧਾਰੀ ਸਿੱਖ ਭਗਵਾਨ ਸਿੰਘ, ਗਿਆਨ ਸਿੰਘ, ਥੱਮਣ ਸਿੰਘ ਅਤੇ ਮੇਹਰ ਸਿੰਘ ਫੜੇ ਗਏ, ਜਿਨ੍ਹਾਂ ਨੂੰ 19 ਜਨਵਰੀ 1872 ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਪਰ ਬਾਅਦ ਇਹ ਸਜ਼ਾ ਕਾਲੇ ਪਾਣੀ ਦੀ ਸਜ਼ਾ ਵਿੱਚ ਬਦਲ ਦਿੱਤੀ ਗਈ। ਇਸ ਝੜਪ ਦੌਰਾਨ ਹੀ ਨਾਮਧਾਰੀ ਸਿੱਖ ਮਲੌਦ ਤੋਂ ਤਲਵਾਰਾਂ, ਬੰਦੂਕਾਂ ਅਤੇ ਘੋੜੇ-ਘੋੜੀਆਂ ਲੈ ਕੇ ਫਰਾਰ ਹੋ ਗਏ। ਜਿਨ੍ਹਾਂ ਦੀ ਝੜਪ ਫਿਰ 15 ਜਨਵਰੀ ਨੂੰ ਮਾਲੇਰਕੋਟਲਾ ਵਿਖੇ ਕੋਤਵਾਲੀ ਸਾਹਮਣੇ ਨਵਾਬ ਦੀ ਪੁਲੀਸ ਨਾਲ ਹੋਈ, ਜਿਸ ਵਿੱਚ ਕੋਤਵਾਲ ਅਹਿਮਦ ਖਾਂ ਅਤੇ 7 ਸੱਤ ਸਿਪਾਹੀ ਮਾਰੇ ਗਏ ਅਤੇ ਕਈ ਜ਼ਖ਼ਮੀ ਹੋ ਗਏ।

ਇਸ ਝੜਪ ਦੌਰਾਨ 8 ਨਾਮਧਾਰੀ ਸਿੰਘ ਸ਼ਹੀਦ ਅਤੇ ਕਈ ਜ਼ਖ਼ਮੀ ਵੀ ਹੋਏ। ਇਸ ਉਪਰੰਤ ਇਸ ਜਥੇ ਨੂੰ ਪਿੰਡ ਭੂਦਨ ਦੇ ਥੇਹ 'ਤੇ ਸੁਮੰਦ ਖਾਂ ਨੇ ਲਲਕਾਰਿਆ। ਇੱਥੇ ਦੋਹਾਂ ਧਿਰਾਂ ਦਰਮਿਆਨ ਟੱਕਰ ਹੋਈ, ਜਿਸ ਵਿੱਚ ਸੁਮੰਦ ਖਾਂ ਮਾਰਿਆ ਗਿਆ ਅਤੇ ਨਾਮਧਾਰੀ ਜਥੇ ਦੇ ਆਗੂ ਹੀਰਾ ਸਿੰਘ ਦਾ ਹੱਥ ਕੱਟਿਆ ਗਿਆ। ਇਸ ਸਾਕੇ ਨਾਲ ਸਬੰਧਤ ਦੋ ਔਰਤਾਂ ਮਾਈ ਇੰਦ ਕੌਰ ਅਤੇ ਮਾਈ ਖੇਮ ਕੌਰ ਸਮੇਤ 68 ਸਿੱਖਾਂ ਨੂੰ 16 ਜਨਵਰੀ ਨੂੰ ਪਿੰਡ ਰੜ (ਰੂੜਗੜ੍ਹ) ਨੇੜੇ ਸ਼ੇਰਪੁਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਗ੍ਰਿਫ਼ਤਾਰ ਜਥੇ ਨੂੰ 17 ਜਨਵਰੀ 1872 ਨੂੰ ਜਰਗ ਰੋਡ ਸਥਿਤ ਰੱਕੜ ਵਿਖੇ ਅੰਗਰੇਜ਼ ਅਫ਼ਸਰ ਮਿਸਟਰ ਕਾਵਿਨ ਨੇ ਤੋਪਾਂ ਨਾਲ ਉਡਾਉਣ ਦਾ ਹੁਕਮ ਦੇ ਦਿੱਤਾ। ਨਾਮਧਾਰੀ ਸਿੱਖਾਂ ਨੂੰ ਸ਼ਹੀਦ ਕਰਨ ਲਈ ਨੌਂ ਤੋਪਾਂ ਬੀੜੀਆਂ ਗਈਆਂ। ਦੋ ਤੋਪਾਂ ਰਾਖਵੀਆਂ ਰੱਖ ਕੇ ਸੱਤ ਤੋਪਾਂ ਨਾਲ ਸੱਤ ਵਾਰ ਸੱਤ-ਸੱਤ ਕੁੱਲ 49 ਨਾਮਧਾਰੀ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਅਤੇ 12 ਸਾਲਾ ਬਾਲਕ ਬਿਸ਼ਨ ਸਿੰਘ ਨੂੰ ਤਲਵਾਰ ਨਾਲ ਕਤਲ ਕਰਕੇ ਸ਼ਹੀਦ ਕਰ ਦਿੱਤਾ ਅਤੇ ਬਾਕੀ 16 ਸਿੰਘਾਂ ਨੂੰ 18 ਜਨਵਰੀ 1872 ਨੂੰ ਤੋਪਾਂ ਨਾਲ ਉਡਾਇਆ ਗਿਆ। ਨਾਮਧਾਰੀ ਸੰਗਤ ਅਨੁਸਾਰ ਇਸ ਸਾਕੇ ਦੌਰਾਨ ਕੁੱਲ 80 ਨਾਮਧਾਰੀ ਸਿੱਖ ਸ਼ਹੀਦ ਹੋਏ ਜਿਨ੍ਹਾਂ ਵਿਚੋਂ 65 ਨੂੰ ਤੋਪਾਂ ਅਤੇ 1 ਨੂੰ ਤਲਵਾਰ ਨਾਲ ਸ਼ਹੀਦ ਕੀਤਾ ਗਿਆ, 2 ਮਲੌਦ ਤੇ 8 ਮਾਲੇਰਕਟਲਾ ਵਿਖੇ ਨਵਾਬ ਦੀ ਪੁਲੀਸ ਦੇ ਨਾਲ ਹੋਏ ਟਾਕਰੇ ਦੌਰਾਨ ਅਤੇ 4 ਕਾਲੇ ਪਾਣੀ ਦੀ ਸਜ਼ਾ ਦੌਰਾਨ ਸ਼ਹੀਦ ਹੋ ਗਏ। ਮਾਲੇਰਕੋਟਲਾ ਵਿਖੇ ਜਿਨ੍ਹਾਂ ਨਾਮਧਾਰੀ ਸਿੱਖਾਂ ਨੂੰ ਤੋਪਾਂ ਨਾਲ ਉਡਾਇਆ ਗਿਆ ਉਨ੍ਹਾਂ ਵਿੱਚ ਪਿੰਡ ਰੂੜ੍ਹਗੜ੍ਹ ਨੇੜੇ ਸ਼ੇਰਪੁਰ (ਸੰਗਰੂਰ) ਦੇ 6, ਰੱਬੋਂ ਉੱਚੀ ਨੇੜੇ ਮਲੌਦ ਜ਼ਿਲ੍ਹਾ ਲੁਧਿਆਣਾ ਦੇ 5, ਸਕਰੌਦੀ (ਭਵਾਨੀਗੜ੍ਹ), ਬਾਲੀਆ (ਸੰਗਰੂਰ) ਦੇ 4-4, ਦਿਆਲਗੜ੍ਹ (ਭਵਾਨੀਗੜ੍ਹ) ਤੇ ਮਹਿਰਾਜ (ਰਾਮਪੁਰਾ ਫੂਲ) ਦੇ 3-3, ਫਰਵਾਹੀ ਨੇੜੇ ਮਾਲੇਰਕੋਟਲਾ, ਗੁਮਟੀ ਨੇੜੇ ਬਰਨਾਲਾ, ਮੂਮ ਨੇੜੇ ਮਹਿਲ ਕਲਾਂ, ਲਹਿਰਾ ਡੇਹਲੋਂ ਜ਼ਿਲ੍ਹਾ ਲੁਧਿਆਣਾ, ਰੁੜਕਾ ਨੇੜੇ ਡੇਹਲੋਂ ਜ਼ਿਲ੍ਹਾ ਲੁਧਿਆਣਾ, ਭੱਦਲਥੂਹਾ ਨੇੜੇ ਅਮਲੋਹ ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਮਛਰਾਏ ਕਲਾਂ ਨੇੜੇ ਅਮਲੋਹ ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਜੋਗਾ ਨੇੜੇ ਭੀਖੀ ਜ਼ਿਲ੍ਹਾ ਮਾਨਸਾ ਦੇ 2-2, ਪਿੰਡ ਘਨੌਰੀ ਨੇੜੇ ਧੂਰੀ, ਕਾਂਝਲਾ ਨੇੜੇ ਸ਼ੇਰਪੁਰ, ਗੱਗੜਪੁਰ ਨੇੜੇ ਸੰਗਰੂਰ, ਲਹਿਰਾ ਨੇੜੇ ਲਹਿਰਾਗਾਗਾ, ਫੂਲਦ ਨੇੜੇ ਮੂਨਕ, ਮੱਲੂਮਾਜਰਾ ਨੇੜੇ ਧੂਰੀ, ਧਨੌਲਾ ਨੇੜੇ ਬਰਨਾਲਾ, ਮੰਡੀ ਕਲਾਂ, ਚਓਕੇ, ਸੇਲਬਰਹਾ, ਪੀਰਕੋਟ, ਪਿੱਥੋਂ, ਗਿੱਲ ਕਲਾਂ ਸਾਰੇ ਨੇੜੇ ਰਾਮਪੁਰਾ ਫੂਲ, ਸੰਗੋਵਾਲ (ਲੁਧਿਆਣਾ), ਬਿਸ਼ਨਪੁਰਾ (ਪਾਇਲ), ਦੀਵਾ ਮੰਡੇਰ (ਪਾਇਲ), ਲੋਹਗੜ੍ਹ ਨੇੜੇ ਪੱਖੋਵਾਲ ਜ਼ਿਲ੍ਹਾ ਲੁਧਿਆਣਾ, ਲਤਾਲਾ ਨੇੜੇ ਪੱਖੋਵਾਲ-ਲੁਧਿਆਣਾ, ਬਿਲਾਸਪੁਰ ਨੇੜੇ ਖਮਾਣੋਂ, ਮੱਲੋਕੇ ਨੇੜੇ ਜ਼ੀਰਾ, ਜੰਡਾ ਵਾਲਾ ਨੇੜੇ ਡੱਬਵਾਲੀ, ਝਬਾਲ ਨੇੜੇ ਤਰਨ ਤਾਰਨ ਅਤੇ ਬਹਾਦਰ ਸਿੰਘ ਵਾਲਾ ਨੇੜੇ ਅੰਬਾਲਾ ਦਾ 1-1 ਨਾਮਧਾਰੀ ਸਿੱਖ ਸ਼ਾਮਲ ਸੀ। ਮਾਲੇਰਕੋਟਲਾ ਰਿਆਸਤ ਦਾ ਆਖ਼ਰੀ ਨਵਾਬ ਇਫ਼ਤਖਾਰ ਅਲੀ ਖਾਂ ਲਿਖਦਾ ਹੈ ਕਿ ਨਵਾਬ ਸਿਕੰਦਰ ਅਲੀ ਖਾਂ ਦੇ ਰਾਜ ਭਾਗ ਵੇਲੇ ਵਾਪਰੇ ਇਸ ਸਾਕੇ ਦੌਰਾਨ ਨਾਮਧਾਰੀ ਸਿੱਖ ਮਲੌਦ ਦੇ ਟਾਕਰੇ ਤੋਂ ਬਾਅਦ ਕੰਗਣਵਾਲ ਬੀੜ (ਅਹਿਮਦਗੜ੍ਹ) ਰੁਕੇ ਤੇ ਦਿਨ ਛਿਪਦੇ ਨਾਲ ਮਾਲੇਰਕੋਟਲਾ ਸਥਿਤ ਬਾਬਾ ਆਤਮਾ ਰਾਮ ਦੇ ਡੇਰੇ ਨੇੜੇ ਸੰਘਣੀਆਂ ਝਾੜੀਆਂ ਵਿੱਚ ਲੁਕ ਗਏ। 15 ਜਨਵਰੀ ਨੂੰ ਵੱਡੇ ਤੜਕੇ ਜਦੋਂ ਕੜਾਕੇ ਦੀ ਠੰਢ ਪੈ ਰਹੀ ਸੀ ਤਾਂ ਇਹ ਜਥਾ ਉਦੋਂ ਸ਼ਹਿਰ ਵਿੱਚ ਦਾਖ਼ਲ ਹੋਇਆ, ਜਿਸ ਵਕਤ ਰਿਆਸਤ ਦੀ ਪੁਲੀਸ ਦੇ ਸਿਪਾਹੀ, ਜੋ ਅਹਿਮ ਥਾਵਾਂ 'ਤੇ ਤਾਇਨਾਤ ਸਨ, ਰਾਤ ਦੀ ਡਿਊਟੀ ਤੋਂ ਬਾਅਦ ਘਰਾਂ ਨੂੰ ਚਲੇ ਗਏ ਸਨ।

ਜਥੇ ਨੇ ਰਿਆਸਤ ਦੇ ਮਹਿਲ ਅੰਦਰਲੇ ਖਜ਼ਾਨੇ ਕੋਲ ਪਹੁੰਚ ਕੇ ਕੁਤਬੀਆ ਦਰੋਗਾ (ਗੁੱਜਰ), ਖਿਰਾਇਤੀ ਚਪੜਾਸੀ ਅਤੇ ਗਾਮੂ ਖਾਂ ਨੂੰ ਕਤਲ ਕਰ ਦਿੱਤਾ। ਮਹਿਲ ਦੇ ਜ਼ਨਾਨਾਖਾਨੇ ਦੀਆਂ ਗੋਲੀਆਂ ਨੇ ਮਹਿਲ ਦੀ ਛੱਤ 'ਤੇ ਚੜ੍ਹ ਕੇ ਰੌਲਾ ਪਾ ਦਿੱਤਾ ਅਤੇ ਨਾਮਧਾਰੀਆਂ 'ਤੇ ਇੱਟਾਂ ਵਰ੍ਹਾਈਆਂ। ਰੌਲਾ ਸੁਣ ਕੇ ਸ਼ਹਿਰ ਦੇ ਲੋਕਾਂ ਨੇ ਵੀ ਨਾਮਧਾਰੀਆਂ 'ਤੇ ਇੱਟਾਂ ਵਰਾਉਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਨਾਮਧਾਰੀ ਸਿੱਖਾਂ ਨੇ ਬਚਣਾ ਚਾਹਿਆ ਤਾਂ ਉਨ੍ਹਾਂ ਦਾ ਟਾਕਰਾ ਕੋਤਵਾਲ ਨਾਲ ਹੋ ਗਿਆ। ਇਸ ਟਾਕਰੇ ਵਿਚ ਕੋਤਵਾਲ ਮਾਰਿਆ ਅਤੇ ਸਾਰੇ ਕੂਕੇ ਜ਼ਖ਼ਮੀ ਹੋ ਗਏ। ਇਕ ਨਾਮਧਾਰੀ ਸਿੰਘ ਕਿਲ੍ਹੇ ਅੰਦਰ ਅਤੇ 5 ਬਾਜ਼ਾਰ ਵਿੱਚ ਮਾਰੇ ਗਏ। ਪਿੰਡ ਭੂਦਨ ਦੇ ਥੇਹ 'ਤੇ ਹੋਏ ਟਾਕਰੇ ਦੌਰਾਨ ਦੋਵਾਂ ਧਿਰਾਂ ਦਾ ਜਾਨੀ ਨੁਕਸਾਨ ਹੋਇਆ। ਸ਼ੇਰਪੁਰ ਦੇ ਥਾਣੇਦਾਰ ਮੀਰ ਨਿਆਜ਼ ਅਲੀ ਸਮਾਣਾ ਨੇ ਨਾਮਧਾਰੀ ਸਿੱਖਾਂ ਨੂੰ ਪਿੰਡ ਰੜ੍ਹ ਤੋਂ ਗ੍ਰਿਫ਼ਤਾਰ ਕਰਕੇ ਮਾਲੇਰਕੋਟਲਾ ਵਿਖੇ ਪਹੁੰਚਾਇਆ। ਇਸ ਸਾਕੇ ਦੇ ਮੱਦੇਨਜ਼ਰ ਗੁਆਂਢੀ ਰਿਆਸਤਾਂ ਤੋਂ ਵੀ ਫੋਰਸ ਮੰਗਵਾਈ ਗਈ। ਅੰਗਰੇਜ਼ ਡਿਪਟੀ ਕਮਿਸ਼ਨਰ ਨੇ ਇਸ ਸਾਕੇ ਦੀ ਜਾਂਚ ਕਰਵਾਉਣ ਦੀ ਲੋੜ ਹੀ ਨਹੀਂ ਸਮਝੀ ਅਤੇ ਉੱਚ ਅਧਿਕਾਰੀਆਂ ਦੇ ਦਿਸ਼ਾ-ਨਿਰਦੇਸ਼ ਉਡੀਕਣ ਦੀ ਬਜਾਏ ਨਾਮਧਾਰੀ ਸਿੱਖਾਂ ਨੂੰ ਤੋਪਾਂ ਨਾਲ ਉਡਾਉਣ ਦਾ ਹੁਕਮ ਦੇ ਦਿੱਤਾ। ਇਸ ਉਪਰੰਤ ਨਾਮਧਾਰੀ ਸਿੱਖਾਂ ਨੂੰ ਤੋਪਾਂ ਨਾਲ ਉਡਾਉਣ ਦਾ ਹੁਕਮ ਦੇ ਦਿੱਤਾ ਗਿਆ। ਇਨ੍ਹਾਂ ਨਾਮਧਾਰੀ ਸਿੱਖਾਂ ਨੂੰ ਮਾਲੇਰਕੋਟਲਾ ਰਿਆਸਤ ਦੀਆਂ ਫੌਜਾਂ ਦੇ ਪਰੇਡ ਗਰਾਊਂਡ, ਜੋ ਕਿ ਇਸ ਸਾਕੇ ਤੋਂ ਬਾਅਦ ਕੂਕਿਆਂ ਵਾਲਾ ਕਲਰ ਦੇ ਨਾਮ ਨਾਲ ਪ੍ਰਸਿੱਧ ਹੋਇਆ, ਵਿਖੇ ਤੋਪਾਂ ਨਾਲ ਉਡਾ ਦਿੱਤਾ ਗਿਆ। ਨਵਾਬ ਲਿਖਦੇ ਹਨ ਕਿ 22 ਜਨਵਰੀ ਨੂੰ ਗੁਆਂਢੀ ਰਿਆਸਤਾਂ ਦੀਆਂ ਫੌਜਾਂ ਅਤੇ ਡਿਪਟੀ ਕਮਿਸ਼ਨਰ ਲੁਧਿਆਣਾ ਵਾਪਸ ਚਲੇ ਗਏ। ਰਿਆਸਤੀ ਅਧਿਕਾਰੀ ਬਰਤਰਫ਼ ਕਰਕੇ ਮਿਸਟਰ ਹੀਥ ਨੂੰ ਸਟੇਟ ਦਾ ਸੁਪਰਇਨਟੈਂਡੈਂਟ ਲਗਾ ਦਿੱਤਾ ਅਤੇ ਨਿਆਜ਼ ਅਲੀ ਖਾਂ (ਥਾਣੇਦਾਰ ਸ਼ੇਰਪੁਰ ਨੂੰ) 10,000/- ਰੁਪਏ ਦਾ ਨਕਦ ਇਨਾਮ ਦੇ ਕੇ ਤਰੱਕੀ ਦਿੰਦਿਆਂ ਰਿਆਸਤ ਦਾ ਅੱਵਲ ਦਰਜਾ ਮੈਜਿਸਟ੍ਰੇਟ ਲਗਾ ਦਿੱਤਾ ਗਿਆ। 17-18 ਜਨਵਰੀ 1872 ਨੂੰ ਵਾਪਰੇ ਇਸ ਸਾਕੇ ਦੇ ਨਾਮਧਾਰੀ ਸ਼ਹੀਦ 1956 ਤੱਕ ਅਣਗੌਲੇ ਹੀ ਰਹੇ।

## ਸੰਪਾਦਕੀ

### ਖ਼ਰੀਦ ਨਾਲ ਜੁੜੀ ਇਸ ਪ੍ਰਕਿਰਿਆ ਦੇ ਪੋਰਟਲਾਂ ਤੇ ਪਾਸਵਰਡਾਂ ਦੀਆਂ ਗੰਭੀਰ ਪੇਚੀਦਗੀਆਂ ਦਰਪੇਸ਼

ਕੰਪਿਊਟਰੀਕਰਨ ਦਾ ਮਕਸਦ ਫ਼ਸਲਾਂ ਦੀ ਖ਼ਰੀਦ ਪ੍ਰਕਿਰਿਆ ਨੂੰ ਸਰਲ ਕਰਨਾ ਸੀ, ਪਰ ਹਰਿਆਣਾ ਵਿੱਚ ਉਲਟੀ ਗੰਗਾ ਵਹਿ ਰਹੀ ਜਾਪਦੀ ਹੈ। ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) 'ਤੇ ਖ਼ਰੀਦ ਨਾਲ ਜੁੜੀ ਇਸ ਪ੍ਰਕਿਰਿਆ ਦੇ ਪੋਰਟਲਾਂ ਤੇ ਪਾਸਵਰਡਾਂ ਦੀਆਂ ਗੰਭੀਰ ਪੇਚੀਦਗੀਆਂ ਦਰਪੇਸ਼ ਹਨ। ਹਾਲ ਹੀ ਵਿੱਚ ਸੂਬੇ ਭਰ ਦੀਆਂ ਅਨਾਜ ਮੰਡੀਆਂ ਦੀਆਂ ਰਿਪੋਰਟਾਂ ਇਸ ਖ਼ਾਮੀ ਨੂੰ ਉਜਾਗਰ ਕਰਦੀਆਂ ਹਨ। ਫ਼ਸਲਾਂ ਵੇਚਣ ਲਈ ਲਾਜ਼ਮੀ ਕੀਤੇ ਗਏ ਪੋਰਟਲ ਈ-ਖ਼ਰੀਦ ਅਤੇ ਮੇਰੀ ਫ਼ਸਲ ਮੇਰਾ ਬਿਓਰਾ (ਐਮ ਐਫ ਐਮ ਬੀ) ਦੇ ਗ਼ਲਤ ਡੇਟਾ ਅਤੇ ਢੁਕਵੀਂ ਪੜਤਾਲ ਦਾ ਨਾ ਹੋਣਾ ਸਿਸਟਮ ਦੀ ਅਸਫਲਤਾ ਨੂੰ ਦਰਸਾਉਂਦਾ ਹੈ। ਕੁਝ ਜ਼ਿਲ੍ਹਿਆਂ ਵਿੱਚ ਫ਼ਸਲ ਵੇਚਣ ਆਏ ਕਿਸਾਨਾਂ ਨੂੰ ਅਨਾਜ ਮੰਡੀ ਦਾ ਗੇਟ ਪਾਸ ਦੇਣ ਤੋਂ ਨਾਂਹ ਕਰ ਦਿੱਤੀ ਗਈ ਕਿਉਂਕਿ ਉਨ੍ਹਾਂ ਦਾ ਡੇਟਾ ਮੇਲ ਨਹੀਂ ਖਾਂਦਾ ਸੀ ਜਾਂ ਐਨ ਮੌਕੇ 'ਤੇ ਸਰਵਰ ਡਾਊਨ ਹੋ ਗਿਆ।ਇਸ ਦੇ ਪ੍ਰਕਿਰਿਆ ਦੇ ਫੌਰੀ ਅਤੇ ਗੰਭੀਰ ਨਤੀਜੇ ਸਾਹਮਣੇ ਆਏ ਹਨ। ਫ਼ਸਲ ਪੱਕ ਕੇ ਵੇਚਣ ਲਈ ਤਿਆਰ ਹੈ, ਪਰ ਕਿਸਾਨਾਂ ਨੂੰ ਅਨਾਜ ਮੰਡੀਆਂ ਵਿੱਚ ਦਾਖ਼ਲ ਨਹੀਂ ਹੋਣ ਦਿੱਤਾ ਜਾ ਰਿਹਾ। ਇਸ ਤੋਂ ਅੱਗੇ ਜ਼ਿਆਦਾਤਰ ਕਿਸਾਨ ਨਿੱਜੀ ਵਪਾਰੀਆਂ ਕੋਲ ਫ਼ਸਲ ਵੇਚਣ ਲਈ ਮਜਬੂਰ ਹਨ, ਜੋ ਫ਼ਸਲ ਨੂੰ ਐਮ ਐਸ ਪੀ ਨਾਲੋਂ ਘੱਟ ਭਾਅ 'ਤੇ ਖ਼ਰੀਦਣ, ਪਰ ਫੌਰੀ ਭੁਗਤਾਨ ਦੀ ਪੇਸ਼ਕਸ਼ ਕਰਦੇ ਹਨ। ਹਾਲਾਂਕਿ ਕੁਝ ਥਾਵਾਂ 'ਤੇ ਸਰਕਾਰੀ ਖ਼ਰੀਦ ਏਜੰਸੀਆਂ ਨੇ ਫ਼ਸਲ ਦਾ ਮਸਾਂ ਕੁਝ ਕੁ ਹਿੱਸਾ ਚੁੱਕਿਆ ਹੈ, ਜੋ ਫ਼ਸਲ ਖਰੀਦਣ ਦੇ ਵਾਅਦੇ ਅਤੇ ਖ਼ਰੀਦ ਪ੍ਰਬੰਧਾਂ ਦੀ ਤਿਆਰੀ ਵਿਚਲੇ ਪਾੜੇ ਨੂੰ ਉਜਾਗਰ ਕਰਦਾ ਹੈ। ਹਰਿਆਣਾ ਵਿੱਚ ਕਣਕ ਦੀ ਖ਼ਰੀਦ 80 ਲੱਖ ਟਨ ਤੋਂ ਘਟਾ ਕੇ 72 ਲੱਖ ਟਨ ਕਰਨ ਨਾਲ ਕਿਸਾਨਾਂ ਨੂੰ ਘੱਟੋ ਘੱਟ ਸਮਰਥਨ ਮੁੱਲ 'ਚ ਤਕਰੀਬਨ 2068 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਅਜਿਹੇ ਵਿੱਚ ਸਰਕਾਰੀ ਤੌਰ 'ਤੇ ਨਾ ਖਰੀਦੇ ਜਾਣ ਵਾਲੇ ਅਨਾਜ ਨੂੰ ਨਿੱਜੀ ਵਪਾਰੀ ਐਮ ਐਸ ਪੀ ਦੇ ਮੁਕਾਬਲੇ ਤਕਰੀਬਨ 400-500 ਰੁਪਏ ਘੱਟ ਭਾਅ 'ਤੇ ਖਰੀਦਦੇ ਹਨ। ਕਿਸਾਨਾਂ ਦੀ ਆਮਦਨ ਵਿੱਚ ਅਜਿਹੀ ਸੰਨ੍ਹ ਲੱਗਣ ਨਾਲ ਐਮ ਐਸ ਪੀ ਦਾ ਉਦੇਸ਼ ਕਮਜ਼ੋਰ ਹੁੰਦਾ ਹੈ।

ਬੇਸ਼ੱਕ ਖ਼ਰੀਦ ਪ੍ਰਕਿਰਿਆ ਨੂੰ ਡਿਜੀਟਲ ਬਣਾਉਣ ਲਈ ਇਹ ਤਰਕ ਦਿੱਤਾ ਜਾਂਦਾ ਹੈ ਕਿ ਸਿਸਟਮ ਨੂੰ ਪਾਰਦਰਸ਼ੀ ਅਤੇ ਤੇਜ਼ੀ ਨਾਲ ਕੰਮ ਕਰਨ ਦੇ ਸਮਰੱਥ ਬਣਾਇਆ ਜਾ ਰਿਹਾ ਹੈ, ਪਰ ਇਹ ਪ੍ਰਕਿਰਿਆ ਉਦੋਂ ਹੀ ਕਾਰਗਰ ਸਾਬਿਤ ਹੁੰਦੀ ਹੈ ਜਦੋਂ ਸਰਵਰ ਚੱਲਦਾ ਹੋਵੇ ਅਤੇ ਕਿਸਾਨਾਂ ਨੂੰ ਇਸ ਪ੍ਰਣਾਲੀ ਦੀ ਸਮਝ ਹੋਵੇ। ਇਸ ਪ੍ਰਕਿਰਿਆ ਤਹਿਤ ਛੋਟੇ, ਗ਼ਰੀਬ ਅਤੇ ਅਨਪੜ੍ਹ ਕਿਸਾਨਾਂ ਦਾ ਭਲਾ ਕਰਨ ਦਾ ਦਾਅਵਾ ਕੀਤਾ ਜਾਂਦਾ ਹੈ, ਪਰ ਇਹੋ ਲੋਕ ਇਸ ਦਾ ਲਾਭ ਉਠਾਉਣ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਤੋਂ ਮਾੜੀ ਗੱਲ ਇਹ ਹੈ ਕਿ ਇਸ ਵਿੱਚ ਕੋਈ 'ਬੈਕਅਪ ਸਿਸਟਮ' ਨਹੀਂ ਹੈ। ਪੋਰਟਲ ਫੇਲ੍ਹ ਹੋਣ 'ਤੇ ਖਰੀਦ ਪ੍ਰਕਿਰਿਆ ਰੁਕ ਜਾਂਦੀ ਹੈ।

ਜੇਕਰ ਐਮ ਐਸ ਪੀ ਦਾ ਉਦੇਸ਼ ਡਿਜੀਟਲ ਪ੍ਰਣਾਲੀਆਂ ਅਤੇ ਸੀਮਤ ਟੀਚਿਆਂ ਕਾਰਨ ਕਮਜ਼ੋਰ ਹੁੰਦਾ ਹੈ ਤਾਂ ਇਹ ਗਾਰੰਟੀ ਨਹੀਂ ਰਹਿ ਜਾਂਦੀ। ਤਕਨੀਕ ਨੂੰ ਕਿਸਾਨ ਦੀ ਫ਼ਸਲ ਅਨਾਜ ਮੰਡੀ ਤੱਕ ਲਿਜਾਣ ਲਈ ਸੁਖਾਲਾ ਕਰਨ ਦੇ ਮਕਸਦ ਵਾਸਤੇ ਬਣਾਉਣਾ ਚਾਹੀਦਾ ਹੈ ਨਾ ਕਿ ਖਰੀਦ ਵਿੱਚ ਅੜਿੱਕੇ ਪਾਉਣ ਲਈ।

## ਕੰਬਾਇਨਾਂ ਨਾਲ ਸ਼ਾਮ 7 ਤੋਂ ਅਗਲੀ ਸਵੇਰੇ 6 ਵਜੇ ਤੱਕ ਕਣਕ ਦੀ ਕਟਾਈ ਕਰਨ 'ਤੇ ਪਾਬੰਦੀ ਦੇ ਹੁਕਮ

**ਪਟਿਆਲਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਜ਼ਿਲ੍ਹਾ ਮੈਜਿਸਟਰੇਟ ਸਿਮਰਪ੍ਰੀਤ ਕੌਰ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹੇ ਵਿੱਚ ਸ਼ਾਮ 7.00 ਵਜੇ ਤੋਂ ਅਗਲੀ ਸਵੇਰ 6 .00 ਵਜੇ ਤੱਕ ਕੰਬਾਇਨਾਂ ਨਾਲ ਕਣਕ ਕੱਟਣ ਉਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਜਾਰੀ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਕਣਕ ਕੱਟਣ ਲਈ ਕੰਬਾਇਨਾਂ 24 ਘੰਟੇ ਕੰਮ ਕਰਦੀਆਂ ਹਨ। ਇਹ ਕੰਬਾਇਨਾਂ ਰਾਤ ਵੇਲੇ ਹਰੀ ਕਣਕ ਜਿਹੜੀ ਕਿ ਚੰਗੀ ਤਰ੍ਹਾਂ ਪੱਕੀ ਵੀ ਨਹੀਂ ਹੁੰਦੀ, ਭਾਵ ਕੱਚਾ ਦਾਣਾ ਕੱਟ ਦਿੰਦੀਆਂ ਹਨ। ਹਰੀ ਕੱਟੀ ਹੋਈ ਕਣਕ ਸੁੱਕਣ ਤੇ ਕਾਲੀ ਪੈ ਜਾਂਦੀ ਹੈ, ਸਵੇਰੇ ਜਲਦੀ ਕੰਬਾਇਨਾਂ ਚੱਲਣ ਨਾਲ ਨਮੀ ਵਾਲੇ ਝੋਨੇ ਦੀ ਮਿਕਦਾਰ ਬਹੁਤ ਜ਼ਿਆਦਾ ਹੋ ਜਾਂਦੀ ਹੈ। ਜਦੋਂ ਇਹ ਸਿੱਲੀ ਕਣਕ ਮੰਡੀਆਂ ਵਿੱਚ ਵਿਕਣ ਲਈ ਲਿਆਂਦੀ ਜਾਂਦੀ ਹੈ ਤਾਂ ਨਮੀ ਦੀ ਪ੍ਰਵਾਨਿਤ ਹੱਦ ਨਾਲੋਂ ਜ਼ਿਆਦਾ ਹੋਣ ਕਾਰਨ ਖਰੀਦ ਏਜੰਸੀਆਂ ਖਰੀਦ ਕਰਨ ਤੋਂ ਇਨਕਾਰ ਕਰ ਦਿੰਦੀਆਂ ਹਨ। ਸਿੱਟੇ ਵਜੋਂ ਮੰਡੀਆਂ ਵਿੱਚ ਅਣਵਿਕੀ ਕਣਕ ਦੇ ਅੰਬਾਰ ਜਮ੍ਹਾਂ ਹੋ ਜਾਂਦੇ ਹਨ। ਇਸ ਤੋਂ ਇਲਾਵਾ ਬਹੁਤ ਸਾਰੀਆਂ ਪੁਰਾਣੀਆਂ ਹੋ ਚੁੱਕੀਆਂ ਕੰਬਾਇਨਾਂ ਵੀ ਕਟਾਈ ਕਰਦੀਆਂ ਹਨ, ਜੋ ਕਣਕ ਦੀ ਕੁਆਲਿਟੀ ਨੂੰ ਪ੍ਰਭਾਵਿਤ ਕਰਦੀਆਂ ਹਨ। ਜਿਸ ਕਰਕੇ ਖਰੀਦ ਏਜੰਸੀਆਂ ਇਸ ਦੀ ਖਰੀਦ ਕਰਨ ਤੋਂ ਹਿਚਕਿਚਾਉਂਦੀਆਂ ਹਨ। ਕਣਕ ਸਮੇਂ ਸਿਰ ਨਾ ਵਿਕਣ ਕਾਰਨ ਕਿਸਾਨਾਂ ਵਿੱਚ ਰੋਸ ਪੈਦਾ ਹੁੰਦਾ ਹੈ। ਜਿਸ ਨਾਲ ਅਮਨ ਕਾਨੂੰਨ ਦੀ ਸਥਿਤੀ ਨੂੰ ਖਤਰਾ ਪੈਦਾ ਹੁੰਦਾ ਹੈ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਜ਼ਿਲ੍ਹਾ ਪਟਿਆਲਾ ਅੰਦਰ ਕਣਕ ਦੀ ਕਟਾਈ ਕਰਨ ਵਾਲੀਆਂ ਕੰਬਾਇਨਾਂ ਦੇ ਮਾਲਕਾਂ ਨੂੰ ਹਦਾਇਤ ਕੀਤੀ ਕਿ ਪਟਿਆਲਾ ਵਿਚ ਸ਼ਾਮ 7 ਬਜੇ ਤੋਂ ਅਗਲੀ ਸਵੇਰ 6 ਬਜੇ ਤਕ ਕੰਬਾਇਨਾਂ ਨਾਲ ਕਣਕ ਕੱਟਣ ਤੇ ਪਾਬੰਦੀ ਲਗਾਈ ਜਾਂਦੀ ਹੈ।

## ਮਹਿਲਾ ਕੈਸ਼ੀਅਰ ਨੇ ਫਰਜ਼ੀ ਬਿੱਲਾਂ ਰਾਹੀਂ ਹਜ਼ਾਰਾਂ ਅਮਰੀਕੀ ਡਾਲਰ ਕੀਤੇ ਗਾਇਬ

**ਲੁਧਿਆਣਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਦੇ ਪ੍ਰਮੁੱਖ ਵਪਾਰਕ ਖੇਤਰ ਘੁਮਾਰ ਮੰਡੀ ਵਿੱਚ ਸਥਿਤ ਇੱਕ ਮਨੀ ਐਕਸਚੇਂਜ ਦਫ਼ਤਰ ਵਿੱਚੋਂ ਲੱਖਾਂ ਰੁਪਏ ਦੀ ਕੀਮਤ ਦੇ ਅਮਰੀਕੀ ਡਾਲਰ ਚੋਰੀ ਹੋਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਚੋਰੀ ਦਾ ਦੋਸ਼ ਦਫ਼ਤਰ ਵਿੱਚ ਹੀ ਤਾਇਨਾਤ ਮਹਿਲਾ ਕੈਸ਼ੀਅਰ @ਤੇ ਲੱਗਿਆ ਹੈ। ਪੁਲਿਸ ਨੇ ਸ਼ਿਕਾਇਤ ਦੇ ਆਧਾਰ @ਤੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਘੁਮਾਰ ਮੰਡੀ ਦੇ @ਨਿਊ ਸ਼ੋਪਿੰਗ ਸੈਂਟਰ@ ਵਿੱਚ ਮਨੀ ਐਕਸਚੇਂਜ ਦਾ ਦਫ਼ਤਰ ਚਲਾਉਣ ਵਾਲੀ ਸਤਜੋਤ ਨਗਰ (ਧਾਂਦਰਾ ਰੋਡ) ਦੀ ਨਿਵਾਸੀ ਪ੍ਰਿਤਪਾਲ ਕੌਰ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਦਫ਼ਤਰ ਵਿੱਚ ਅੰਮ੍ਰਿਤਪ੍ਰੀਤ ਕੌਰ (ਵਾਸੀ ਗੋਂਦਵਾਲ, ਲੁਧਿਆਣਾ) ਬਤੌਰ ਕੈਸ਼ੀਅਰ ਕੰਮ ਕਰਦੀ ਸੀ।

ਚੋਰੀ ਦਾ ਅਨੋਖਾ ਤਰੀਕਾ ਸ਼ਿਕਾਇਤਕਰਤਾ ਅਨੁਸਾਰ, ਦਫ਼ਤਰ ਦੇ ਰਿਕਾਰਡ ਦੀ ਪੜਤਾਲ ਦੌਰਾਨ ਪਤਾ ਲੱਗਿਆ ਕਿ ਸਟਾਕ ਵਿੱਚੋਂ ਅਮਰੀਕੀ ਡਾਲਰ ਲਗਾਤਾਰ ਘੱਟ ਰਹੇ ਹਨ। ਜਦੋਂ ਡੂੰਘਾਈ ਨਾਲ ਜਾਂਚ ਕੀਤੀ ਗਈ ਤਾਂ ਸਾਹਮਣੇ ਆਇਆ ਕਿ: ਮਹਿਲਾ ਕੈਸ਼ੀਅਰ ਅੰਮ੍ਰਿਤਪ੍ਰੀਤ ਕੌਰ ਨੇ ਕਥਿਤ ਤੌਰ @ਤੇ 16,500 ਅਮਰੀਕੀ ਡਾਲਰ (ਲਗਭਗ 13.5 ਲੱਖ ਭਾਰਤੀ ਰੁਪਏ ਤੋਂ ਵੱਧ) ਖੁਰਦ-ਬੁਰਦ ਕੀਤੇ ਹਨ। ਮੁਲਜ਼ਮ ਮਹਿਲਾ ਨੇ ਵੱਖ-ਵੱਖ ਵਿਅਕਤੀਆਂ ਦੇ ਨਾਮ @ਤੇ ਫਰਜ਼ੀ ਬਿੱਲ ਕੱਟੇ ਅਤੇ ਉਨ੍ਹਾਂ ਦੇ ਬਦਲੇ ਡਾਲਰ ਆਪਣੇ ਕਬਜ਼ੇ ਵਿੱਚ ਕਰ ਲਏ। ਪੁਲਿਸ ਕਾਰਵਾਈ ਥਾਣਾ ਡਿਵੀਜ਼ਨ ਨੰਬਰ 8 ਦੀ ਪੁਲਿਸ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਅੰਮ੍ਰਿਤਪ੍ਰੀਤ ਕੌਰ ਦੇ ਖਿਲਾਫ਼ ਧੋਖਾਧੜੀ ਅਤੇ ਚੋਰੀ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਮੁਕਦਮਾ ਦਰਜ ਕਰ ਲਿਆ ਹੈ। ਜਾਂਚ ਅਧਿਕਾਰੀ ਅਸ਼ੀਸ਼ ਨੇ ਦੱਸਿਆ ਕਿ ਮੁਲਜ਼ਮ ਮਹਿਲਾ ਦੀ ਭਾਲ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਜਲਦ ਹੀ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਸਾਉਣੀ ਦੀਆਂ ਫਸਲਾਂ ਸਬੰਧੀ ਤਕਨੀਕੀ ਜਾਣਕਾਰੀ ਦੇਣਗੇ : ਬਲਕਾਰ ਸਿੰਘ

**ਜਲੰਧਰ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਖੇਤੀਬਾੜੀ ਅਫ਼ਸਰ ਡਾ.ਜਸਵਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਧਰਤੀ ਮਾਤਾ ਬਚਾਓ ਅਭਿਆਨ ਤਹਿਤ ਜਮੀਨ ਦੀ ਉਪਜਾਊ ਸ਼ਕਤੀ ਬਰਕਰਾਰ ਰੱਖਣ ਅਤੇ ਸਾਉਣੀ ਦੀਆਂ ਫਸਲਾਂ ਸਬੰਧੀ ਤਕਨੀਕੀ ਜਾਣਕਾਰੀ ਦੇਣ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ 10 ਅਪ੍ਰੈਲ 2026 ਨੂੰ ਜਿਲ੍ਹਾ ਜਲੰਧਰ ਦੇ ਪਿੰਡ ਤਾਜਪੁਰ ਵਿਖੇ ਜਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਅਤੇ ਖੇਤੀ ਪ੍ਰਦਰਸ਼ਨੀ ਲਗਾਈ ਜਾ ਰਹੀ ਹੈ।

ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਚਲਾਏ ਜਾ ਰਹੇ ਧਰਤੀ ਮਾਤਾ ਬਚਾਓ ਅਭਿਆਨ ਨੂੰ ਸਮਰਪਿਤ ਖੇਤੀ ਕੈਂਪ ਦੌਰਾਨ ਹਲਕਾ ਵਿਧਾਇਕ ਕਰਤਾਰਪੁਰ ਬਲਕਾਰ ਸਿੰਘ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਣਗੇ। ਉਨ੍ਹਾਂ ਅੱਗੇ ਦੱਸਿਆ ਕਿ ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਵਲੋਂ ਕੈਂਪ ਦਾ ਉਦਘਾਟਨ ਕੀਤਾ ਜਾਵੇਗਾ ਅਤੇ ਸੰਯੁਕਤ ਡਾਇਰੇਕਟਰ ਖੇਤੀਬਾੜੀ(ਇਨਪੁੱਟਸ) ਡਾ. ਗੁਰਨਾਮ ਸਿੰਘ ਵਲੋਂ ਕੈਂਪ ਦੀ ਪ੍ਰਧਾਨਗੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਕਿਸਾਨਾਂ ਨੂੰ ਸਾਓਣੀ ਦੀਆਂ ਫਸਲਾਂ ਸਬੰਧੀ ਤਕਨੀਕੀ ਜਾਣਕਾਰੀ ਦੇਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰ ਅਤੇ ਖੇਤੀਬਾੜੀ ਵਿਭਾਗ ਦੇ ਅਫਸਰ ਪਹੁੰਚ ਰਹੇ ਹਨ।

ਉਹਨਾਂ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਕਿ ਮਿਤੀ 10 ਅਪ੍ਰੈਲ ਨੂੰ ਪਿੰਡ ਤਾਜਪੁਰ ਵਿਖੇ ਲਗਾਏ ਜਾ ਰਹੇ ਜ਼ਿਲ੍ਹਾ ਪੱਧਰੀ ਕੈਂਪ ਵਿੱਚ ਵੱਡੀ ਗਿਣਤੀ ਵਿੱਚ ਸ਼ਿਰਕਤ ਕਰਕੇ ਖੇਤੀਬਾੜੀ ਮਾਹਿਰਾਂ ਦੇ ਸੁਝਾਵਾਂ ਅਨੁਸਾਰ ਖੇਤੀ ਨੂੰ ਲਾਹੇਵੰਦ ਧੰਦਾ ਬਣਾਕੇ ਸੂਬੇ ਦੀ ਆਰਥਿਕ ਪ੍ਰਗਤੀ ਵਿੱਚ ਵੱਡਮੁੱਲਾ ਯੋਗਦਾਨ ਪਾਉਣ।

## 16.8 ਕਿਲੋਗ੍ਰਾਮ ਹੈਰੋਇਨ ਬਰਾਮਦ; ਇੱਕ ਔਰਤ ਸਮੇਤ ਚਾਰ ਗ੍ਰਿਫ਼ਤਾਰ

**ਫਗਵਾੜਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਸਰਹੱਦ ਪਾਰੋਂ ਨਸ਼ਾ ਤਸਕਰੀ ਕਰਨ ਵਾਲੇ ਨੈੱਟਵਰਕਾਂ ਨੂੰ ਵੱਡਾ ਝਟਕਾ ਦਿੰਦਿਆਂ ਕਪੂਰਥਲਾ ਪੁਲਿਸ ਨੇ ਇੱਕ ਔਰਤ ਸਮੇਤ ਚਾਰ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਕੇ ਇੱਕ ਪਾਕਿਸਤਾਨ-ਸਮਰਥਿਤ ਨਸ਼ਾ ਤਸਕਰੀ ਮਾਡਿਊਲ ਦਾ ਪਰਦਾਫਾਸ਼ ਕੀਤਾ ਅਤੇ ਦੋਸ਼ੀਆਂ ਦੇ ਕਬਜ਼ੇ ਵਿੱਚੋਂ 16.8 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ9 ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਸੁਲਤਾਨਪੁਰ ਲੋਧੀ ਦੇ ਪੰਡੋਰੀ ਮੁਹੱਲਾ ਦੇ ਬਲਵਿੰਦਰ ਸਿੰਘ, ਅੰਮ੍ਰਿਤਸਰ ਦੇ ਗੋਹਲਵਾੜ ਦੀ ਸੁਮਨਪ੍ਰੀਤ ਕੌਰ; ਅੰਮ੍ਰਿਤਸਰ ਦੇ ਪਿੰਡ ਦਾਉਕੇ ਦੇ ਵਸਨੀਕ ਹਰਪਾਲ ਸਿੰਘ ਅਤੇ ਜਸਕਰਨਬੀਰ ਸਿੰਘ ਵਜੋਂ ਹੋਈ ਹੈ। ਹੈਰੋਇਨ ਦੀ ਬਰਾਮਦਗੀ ਤੋਂ ਇਲਾਵਾ ਪੁਲਿਸ ਟੀਮਾਂ ਨੇ ਉਨ੍ਹਾਂ ਦੀ ਸਲੇਟੀ ਰੰਗ ਦੀ ਮਾਰੂਤੀ ਬਲੀਨੋ ਕਾਰ ਵੀ ਜ਼ਬਤ ਕਕੀਤੀ ਹੈ ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਨਸ਼ੀਲੇ ਪਦਾਰਥਾਂ ਦੀ ਤਸਕਰੀ ਪਾਕਿਸਤਾਨ ਅਤੇ ਦੁਬਈ ਸਥਿਤ ਹੈਂਡਲਰਾਂ ਦੇ ਇਸ਼ਾਰੇ 'ਤੇ ਕੀਤੀ ਜਾ ਰਹੀ ਸੀ। ਉਨ੍ਹਾਂ ਕਿਹਾ ਕਿ ਇਹ ਖੇਪ ਅੰਮ੍ਰਿਤਸਰ ਸਰਹੱਦੀ ਖੇਤਰ ਤੋਂ ਲਿਆਂਦੀ ਗਈ ਸੀ ਅਤੇ ਇਸਦੀ ਡਿਲੀਵਰੀ ਚੰਡੀਗੜ੍ਹ ਵਿੱਚ ਕੀਤੀ ਜਾਣੀ ਸੀ।

ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅੱਗਲੇ ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਪੂਰੇ ਨੈੱਟਵਰਕ ਦਾ ਪਤਾ ਲਗਾਇਆ ਜਾ ਸਕੇ। ਉਨ੍ਹਾਂ ਅੱਗੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।

ਅਪ੍ਰੇਸ਼ਨ ਬਾਰੇ ਵੇਰਵੇ ਸਾਂਝੇ ਕਰਦੇ ਹੋਏ, ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਕਪੂਰਥਲਾ ਗੌਰਵ ਤੂਰਾ ਨੇ ਕਿਹਾ ਕਿ ਖੁਫੀਆ ਇਤਲਾਹ 'ਤੇ ਕਾਰਵਾਈ ਕਰਦੇ ਹੋਏ ਫਗਵਾੜਾ ਪੁਲਿਸ ਟੀਮਾਂ ਦੁਆਰਾ ਇਕ ਰਣਨੀਤਕ ਅਪ੍ਰੇਸ਼ਨ ਚਲਾਇਆ ਗਿਆ ।

ਐਸ. ਐਸ.ਪੀ. ਨੇ ਕਿਹਾ,÷ਜਦੋਂ ਪੁਲਿਸ ਨੇ ਸ਼ੱਕੀਆਂ ਦੀ ਬਲੇਨੋ ਕਾਰ ਨੂੰ ਰੋਕਿਆ ਤਾਂ ਮੁਲਜ਼ਮ ਨੇ ਪੁਲਿਸ ਪਾਰਟੀ ਨੂੰ ਗੱਡੀ ਚੜਾਉਣ ਦੀ ਕੋਸ਼ਿਸ਼ ਕਰਦਿਆਂ ਫਰਾਰ ਹੋਣ ਦਾ ਯਤਨ ਕੀਤਾ ।

ਤੇਜ਼ੀ ਨਾਲ ਪਿੱਛਾ ਕਰਨ ਤੋਂ ਬਾਅਦ, ਪੁਲਿਸ ਨੂੰ ਗੱਡੀ ਨੂੰ ਰੋਕਣ ਲਈ ਗੱਡੀ ਦੇ ਟਾਇਰਾਂ 'ਤੇ ਗੋਲੀਆਂ ਚਲਾਉਣੀਆਂ ਪਈਆਂ9' ਉਹਨਾਂ ਇਹ ਵੀ ਕਿਹਾ ਕਿ ਬਾਅਦ ਵਿਚ ਗੱਡੀ ਦੀ ਤਲਾਸ਼ੀ ਲੈਣ 'ਤੇ 16.8 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ।

ਇਸ ਸਬੰਧ ਵਿੱਚ ਐਫ ਆਈ ਆਰ ਨੰਬਰ 27 ਮਿਤੀ 27/4/26 ਨੂੰ ਪੁਲਿਸ ਸਟੇਸ਼ਨ ਸਦਰ ਫਗਵਾੜਾ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21ਸੀ ਅਤੇ ਬੀਐਨਐਸ ਦੀ ਧਾਰਾ 111 ਤਹਿਤ ਕੇਸ ਦਰਜ ਕੀਤਾ ਗਿਆ ਹੈ।

## ਸ਼ਹੀਦ ਊਧਮ ਸਿੰਘ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਹੁਸ਼ਿਆਰਪੁਰ ਵਿੱਚ ਬਣਾਇਆ ਜਾਵੇਗਾ : ਮੁੱਖ ਮੰਤਰੀ



**ਹੁਸ਼ਿਆਰਪੁਰ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਹੁਸ਼ਿਆਰਪੁਰ ਵਿੱਚ 516 ਕਰੋੜ ਰੁਪਏ ਦੇ ਵਿਕਾਸ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ, ਜਿਸ ਵਿੱਚ ਸ਼ਾਮ ਚੌਰਾਸੀ ਵਿਧਾਨ ਸਭਾ ਹਲਕੇ ਵਿੱਚ ਸਿਹਤ ਸੰਭਾਲ ਬੁਨਿਆਦੀ ਢਾਂਚੇ ਦਾ ਵੱਡੇ ਪੱਧਰ 'ਤੇ ਵਿਸਥਾਰ ਅਤੇ ਜ਼ਮੀਨੀ ਪੱਧਰ 'ਤੇ ਨਵੇਂ ਪ੍ਰੋਜੈਕਟ ਸ਼ਾਮਲ ਹਨ। ਰਾਜ ਪੱਧਰੀ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਸਟੇਟ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਦੋ ਸਾਲਾਂ ਦੇ ਅੰਦਰ ਪੂਰਾ ਹੋ ਜਾਵੇਗਾ, ਜਿੱਥੇ ਸਾਲਾਨਾ 100 ਐਮਬੀਬੀਐਸ ਡਾਕਟਰਾਂ ਨੂੰ ਸਿਖਲਾਈ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਓਪੀਡੀ, ਐਮਆਰਆਈ, ਸੀਟੀ ਸਕੈਨ ਅਤੇ ਵਿਸ਼ੇਸ਼ ਵਿਭਾਗਾਂ ਸਮੇਤ ਉੱਨਤ ਸਹੂਲਤਾਂ ਨਾਲ ਲੈਸ 300 ਬਿਸਤਰਿਆਂ ਵਾਲਾ ਹਸਪਤਾਲ ਵੀ ਬਣਾਇਆ ਜਾਵੇਗਾ।

ਜ਼ਮੀਨੀ ਪੱਧਰ 'ਤੇ ਸਿਹਤ ਸੰਭਾਲ ਨੂੰ ਮਜ਼ਬੂਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਾਮ ਚੌਰਾਸੀ ਵਿੱਚ 30 ਬਿਸਤਰਿਆਂ ਵਾਲੇ ਕਮਿਊਨਿਟੀ ਹੈਲਥ ਸੈਂਟਰ ਦਾ ਨੀਂਹ ਪੱਥਰ ਰੱਖਿਆ, ਜੋ ਆਧੁਨਿਕ ਆਪ੍ਰੇਸ਼ਨ ਥੀਏਟਰ, ਲੈਬ, ਐਕਸ-ਰੇ, ਟੀਕਾਕਰਨ ਅਤੇ ਜਣੇਪਾ ਸੰਭਾਲ ਸੇਵਾਵਾਂ ਨਾਲ ਲੈਸ ਹੈ, ਜਿਸ ਨਾਲ 40 ਤੋਂ ਵੱਧ ਪਿੰਡਾਂ ਨੂੰ ਲਾਭ ਹੋਵੇਗਾ। ਉਨ੍ਹਾਂ ਨੇ ਹਰ ਕੋਨੇ ਤੱਕ ਸਿਹਤ ਸੰਭਾਲ ਪਹੁੰਚ ਦੇ ਵਿਸਥਾਰ ਲਈ ਹਲਕੇ ਵਿੱਚ ਸੱਤ ਵਾਧੂ ਸਿਹਤ ਅਤੇ ਤੰਦਰੁਸਤੀ ਕੇਂਦਰਾਂ ਦਾ ਵੀ ਐਲਾਨ ਕੀਤਾ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੇ ਘਰਾਂ ਦੇ ਨੇੜੇ ਮਿਆਰੀ ਡਾਕਟਰੀ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ।

ਆਖਰੀ ਪੱਧਰ ਤੱਕ ਸਿਹਤ ਸੰਭਾਲ ਪ੍ਰਦਾਨ ਕਰਨ ਨੂੰ ਮਜ਼ਬੂਤ ਕਰਦੇ ਹੋਏ ਉਨ੍ਹਾਂ ਨੇ ਹਲਕੇ ਵਿੱਚ ਸੱਤ ਹੋਰ ਹੈਲਥ ਤੇ ਵੈਲਨੈੱਸ ਕੇਂਦਰਾਂ ਦੇ ਨਾਲ-ਨਾਲ 40 ਤੋਂ ਵੱਧ ਪਿੰਡਾਂ ਨੂੰ ਲਾਭ ਪਹੁੰਚਾਉਣ ਲਈ 9.18 ਕਰੋੜ ਰੁਪਏ ਦੇ ਕਮਿਊਨਿਟੀ ਹੈਲਥ ਸੈਂਟਰ ਦਾ ਨੀਂਹ ਪੱਥਰ ਵੀ ਰੱਖਿਆ। ਵਿਕਾਸ ਨੂੰ ਅੱਗੇ ਵਧਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 99 ਕਰੋੜ ਰੁਪਏ ਦੇ ਬਲਾਚੌਰ-ਗੜ੍ਹਸ਼ੰਕਰ-ਹੁਸ਼ਿਆਰਪੁਰ-ਦਸੂਹਾ ਸੜਕ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ, ਜੋ 105 ਕਿਲੋਮੀਟਰ ਲੰਬਾ ਕੋਰੀਡੋਰ ਹੈ, ਜੋ ਚੰਡੀਗੜ੍ਹ, ਪਠਾਨਕੋਟ ਅਤੇ ਜੰਮੂ-ਕਸ਼ਮੀਰ ਵਿਚਕਾਰ ਸੰਪਰਕ ਵਧਾਉਣ, ਜੰਮੂ ਅਤੇ ਦਿੱਲੀ ਵਿਚਕਾਰ ਯਾਤਰਾ ਦੇ ਸਮੇਂ ਨੂੰ ਘਟਾਉਣ ਅਤੇ ਆਨੰਦਪੁਰ ਸਾਹਿਬ, ਮਾਤਾ ਨੈਣਾ ਦੇਵੀ ਅਤੇ ਮਾਤਾ ਜਵਾਲਾ ਜੀ ਦੀ ਯਾਤਰਾ ਕਰਨ ਵਾਲੇ ਸ਼ਰਧਾਲੂਆਂ ਲਈ ਸੁਚਾਰੂ ਪਹੁੰਚ ਦੀ ਸਹੂਲਤ ਪ੍ਰਦਾਨ ਕਰੇਗਾ।

ਸ਼ਾਮ ਚੁਰਾਸੀ ਵਿਧਾਨ ਸਭਾ ਹਲਕੇ ਵਿੱਚ ਕਈ ਮਹੱਤਵਪੂਰਨ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਆਜ਼ਾਦੀ ਤੋਂ ਬਾਅਦ ਦੇ 70 ਸਾਲਾਂ ਤੋਂ ਵੱਧ ਸਮੇਂ ਤੱਕ ਰਵਾਇਤੀ ਵਿਰੋਧੀ ਪਾਰਟੀਆਂ ਨੇ ਸੂਬੇ ਨੂੰ ਬੇਰਹਿਮੀ ਨਾਲ ਲੁੱਟਿਆ ਹੈ। ਇਨ੍ਹਾਂ ਪਾਰਟੀਆਂ ਦੀਆਂ ਪਿਛਾਖੜੀ ਅਤੇ ਵੰਡਪਾਊ ਨੀਤੀਆਂ ਕਾਰਨ ਸੂਬਾ ਵਿਕਾਸ ਦੀ ਰਫ਼ਤਾਰ ਤੋਂ ਪਛੜ ਗਿਆ ਹੈ, ਜਿਸ ਕਾਰਨ ਲੋਕਾਂ ਨੂੰ ਨੁਕਸਾਨ ਝੱਲਣਾ ਪਿਆ ਸੀ। ਹਾਲਾਂਕਿ ਪਿਛਲੇ ਚਾਰ ਸਾਲਾਂ ਵਿੱਚ ਸੂਬੇ ਦਾ ਸੰਪੂਰਨ ਵਿਕਾਸ ਯਕੀਨੀ ਬਣਾਇਆ ਗਿਆ ਹੈ ਅਤੇ ਪਹਿਲੀ ਵਾਰ ਸੂਬਾ ਸਰਕਾਰ ਨੇ ਇੰਨੇ ਘੱਟ ਸਮੇਂ ਵਿੱਚ ਲੋਕਾਂ ਨਾਲ ਕੀਤੇ ਸਾਰੇ ਵਾਅਦੇ ਪੂਰੇ ਕੀਤੇ ਹਨ।

ਮੁੱਖ ਮੰਤਰੀ ਨੇ ਕਿਹਾ, ਇਹ ਬਹੁਤ ਮਾਣ ਅਤੇ ਸੰਤੁਸ਼ਟੀ ਦੀ ਗੱਲ ਹੈ ਕਿ ਸੂਬੇ ਦੇ ਵਿਕਾਸ ਨੂੰ ਸਹੀ ਰਾਹ ਤੇ ਪਾਇਆ ਗਿਆ ਹੈ ਅਤੇ ਹੁਣ ਪੰਜਾਬ ਸਰਕਾਰ ਹਰ ਲੰਘੇ ਦਿਨ ਨਾਲ ਆਪਣੀ ਰਫ਼ਤਾਰ ਵਧਾ ਰਹੀ ਹੈ। ਸੂਬਾ ਸਰਕਾਰ ਨੇ 70 ਸਾਲਾਂ ਦੇ ਪਾੜੇ ਨੂੰ ਭਰ ਦਿੱਤਾ ਹੈ ਅਤੇ ਹੁਣ ਰੰਗਲਾ ਪੰਜਾਬ ਬਣਾਉਣ ਲਈ ਠੋਸ ਯਤਨ ਕੀਤੇ ਜਾ ਰਹੇ ਹਨ। 'ਆਪ ਸਰਕਾਰ ਦੇਸ਼ ਦੀ ਪਹਿਲੀ ਸਰਕਾਰ ਹੈ, ਜਿਸ ਨੇ ਲੋਕਾਂ ਲਈ ਚੋਣ ਮਨੋਰਥ ਪੱਤਰ ਲਾਗੂ ਕੀਤਾ ਹੈ ਕਿਉਂਕਿ ਲੋਕਾਂ ਵੱਲੋਂ ਉਠਾਈਆਂ ਗਈਆਂ ਸਾਰੀਆਂ ਜਾਇਜ਼ ਮੰਗਾਂ ਨੂੰ ਅਮਲ ਵਿੱਚ ਲਿਆਂਦਾ ਜਾ ਰਿਹਾ ਹੈ।÷

ਵੱਡੀਆਂ ਵਿਕਾਸ ਪਹਿਲਕਦਮੀਆਂ ਨੂੰ ਉਜਾਗਰ ਕਰਦੇ ਹੋਏ ਉਨ੍ਹਾਂ ਅੱਗੇ ਕਿਹਾ, ਅੱਜ ਸ਼ਾਮ ਚੁਰਾਸੀ ਵਿਖੇ 385 ਕਰੋੜ ਰੁਪਏ ਦੇ ਵਿਕਾਸ ਕਾਰਜ ਸ਼ੁਰੂ ਕੀਤੇ ਗਏ ਹਨ, ਜੋ ਇਸ ਖੇਤਰ ਦੀ ਤਰੱਕੀ ਅਤੇ ਖੁਸ਼ਹਾਲੀ ਨੂੰ ਹੁਲਾਰਾ ਦੇਣਗੇ। ਉਨ੍ਹਾਂ ਅੱਗੇ ਕਿਹਾ, ਹੁਸ਼ਿਆਰਪੁਰ ਵਿਖੇ 268 ਕਰੋੜ ਰੁਪਏ ਦੀ ਲਾਗਤ ਨਾਲ ਮੈਡੀਕਲ ਕਾਲਜ ਅਤੇ 300 ਬਿਸਤਰਿਆਂ ਵਾਲਾ ਹਸਪਤਾਲ ਬਣੇਗਾ, ਜੋ ਆਮ ਲੋਕਾਂ ਲਈ ਵੱਡਾ ਤੋਹਫ਼ਾ ਹੋਵੇਗਾ। ਇਹ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਨਾਲ-ਨਾਲ ਸੂਬੇ ਨੂੰ ਡਾਕਟਰੀ ਸਿੱਖਿਆ ਦੇ ਕੇਂਦਰ ਵਜੋਂ ਉਭਾਰਨ ਵਿੱਚ ਬਹੁਤ ਮਦਦ ਕਰੇਗਾ।

ਵਿਰੋਧੀ ਪਾਰਟੀਆਂ ਤੇ ਨਿਸ਼ਾਨਾ ਸਾਧਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਵਿਰੋਧੀ ਪਾਰਟੀਆਂ ਮੈਨੂੰ ਬਦਨਾਮ ਕਰਨ ਲਈ ਸਾਜ਼ਿਸ਼ਾਂ ਰਚ ਰਹੀਆਂ ਹਨ ਕਿਉਂਕਿ ਉਹ ਸੂਬਾ ਸਰਕਾਰ ਵੱਲੋਂ ਜਨਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਤੋਂ ਈਰਖਾ ਕਰਦੀਆਂ ਹਨ।

## ਵਿਜੀਲੈਂਸ ਬਿਊਰੋ ਵੱਲੋਂ 20,000 ਰੁਪਏ ਰਿਸ਼ਵਤ ਮੰਗਣ ਦੇ ਦੋਸ਼ ਹੇਠ ਕੰਡਕਟਰ ਗ੍ਰਿਫ਼ਤਾਰ

**ਚੰਡੀਗੜ੍ਹ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਪੀ.ਆਰ.ਟੀ.ਸੀ. ਡਿਪੂ ਬਠਿੰਡਾ ਵਿਖੇ ਤਾਇਨਾਤ ਕੰਡਕਟਰ ਨਰਿੰਦਰ ਸਿੰਘ ਉਰਫ਼ ਲਾਡੀ ਨੂੰ 20,000 ਰੁਪਏ ਰਿਸ਼ਵਤ ਮੰਗਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਕਿਹਾ ਕਿ ਉਕਤ ਮੁਲਜ਼ਮ ਨੂੰ ਤਹਿਸੀਲ ਤਲਵੰਡੀ ਸਾਬੋ ਜ਼ਿਲ੍ਹਾ ਬਠਿੰਡਾ ਦੇ ਨਿਵਾਸੀ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਪੀਆਰਟੀਸੀ ਡਿਪੂ ਬਠਿੰਡਾ ਵਿੱਚ ਡਰਾਈਵਰ ਵਜੋਂ ਕੰਮ ਕਰਦਾ ਹੈ, ਜੋ ਆਪਣਾ ਬੱਸ ਰੂਟ ਬਦਲਣਾ ਚਾਹੁੰਦਾ ਸੀ। ਇਸ ਸਬੰਧ ਵਿੱਚ ਮੁਲਜ਼ਮ ਕੇਵਲ ਕ੍ਰਿਸ਼ਨ, ਫਿਟਰ ਇੰਚਾਰਜ ਬੱਸ ਸਟੈਂਡ ਗੋਨਿਆਣਾ ਅਤੇ ਕੰਡਕਟਰ ਨਰਿੰਦਰ ਸਿੰਘ ਉਰਫ਼ ਲਾਡੀ ਬੱਸ ਰੂਟ ਬਦਲਣ ਬਦਲੇ ਸ਼ਿਕਾਇਤਕਰਤਾ ਤੋਂ 20000 ਰੁਪਏ ਰਿਸ਼ਵਤ ਮੰਗੀ। ਸ਼ਿਕਾਇਤਕਰਤਾ ਨੇ ਰਿਸ਼ਵਤ ਮੰਗਣ ਦੀ ਪੂਰੀ ਗੱਲਬਾਤ ਰਿਕਾਰਡ ਕਰ ਲਈ।

ਸ਼ਿਕਾਇਤਕਰਤਾ ਦੇ ਕਹਿਣ ਅਨੁਸਾਰ ਉਹ ਕੋਈ ਰਿਸ਼ਵਤ ਨਹੀਂ ਦੇਣਾ ਚਾਹੁੰਦਾ ਸੀ, ਜਿਸ ਦੇ ਚਲਦਿਆਂ ਉਸਨੇ ਵਿਜੀਲੈਂਸ ਬਿਊਰੋ ਰੇਂਜ ਬਠਿੰਡਾ ਨਾਲ ਸੰਪਰਕ ਕੀਤਾ। ਉਸਦੀ ਸ਼ਿਕਾਇਤ 'ਤੇ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਇੱਕ ਜਾਲ ਵਿਛਾਇਆ ਜਿਸ ਦੌਰਾਨ ਦੋਸ਼ੀ ਕੰਡਕਟਰ ਨੂੰ ਉਸ ਸਮੇਂ ਗ੍ਰਿਫ਼ਤਾਰ ਕਰ ਲਿਆ ਗਿਆ, ਜਦੋਂ ਉਹ ਸ਼ਿਕਾਇਤਕਰਤਾ ਤੋਂ 20,000 ਰੁਪਏ ਰਿਸ਼ਵਤ ਮੰਗ ਰਿਹਾ ਸੀ।

ਇਸ ਸਬੰਧ ਵਿੱਚ ਇਨ੍ਹਾਂ ਮੁਲਜ਼ਮਾਂ ਵਿਰੁੱਧ ਵਿਜੀਲੈਂਸ ਬਿਊਰੋ ਦੇ ਪੁਲਿਸ ਥਾਣਾ ਬਠਿੰਡਾ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਸਹਿ-ਮੁਲਜ਼ਮ ਫਿਟਰ ਕੇਵਲ ਕ੍ਰਿਸ਼ਨ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਜਲ ਸਪਲਾਈ ਅਤੇ ਸੈਨੀਟੇਸ਼ਨ ਵਰਕਰ ਯੂਨੀਅਨ ਦੀ ਮੀਟਿੰਗ



**ਨਾਭਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲ ਸਪਲਾਈ ਅਤੇ ਸੈਨੀਟੇਸ਼ਨ ਵਰਕਰ ਯੂਨੀਅਨ ਪੰਜਾਬ ਰਜਿ26ਬਰਾਂਚ ਨਾਭਾ ਦੇ ਪ੍ਰਧਾਨ ਗੁਰਵਿੰਦਰ ਸਿੰਘ ਦੋਦਾ ਅਤੇ ਜ਼ਿਲ ?ਾ ਪਟਿਆਲਾ ਪ੍ਰਧਾਨ ਹਰਦੇਵ ਸਿੰਘ ਮਹੱਲੇਵਾਲ ਦੀ ਅਗਵਾਈ ਹੇਠ ਨਾਭਾ ਜਲ ਸਪਲਾਈ ਦਫਤਰ ਦਲਦੀ ਵਿਖੇ ਸੂਬਾ ਪ੍ਰਧਾਨ ਦਰਸਬੀਰ ਸਿੰਘ ਹੁਸ਼ਿਆਰਪੁਰ ਨੂੰ ਬਿਨਾਂ ਕਾਰਨ ਪ੍ਰਸ਼ਾਸਨ ਵੱਲੋਂ ਰੈਸਟ ਕਰਨ ਸਬੰਧੀ ਧਰਨਾ ਦਿੱਤਾ ਗਿਆ ਇਸ ਸਮੇਂ ਜਥੇਬੰਦੀ ਦੇ ਝੰਡੇ ਲੈ ਕੇ ਦਫਤਰ ਵਿੱਚ ਬਣੀ ਟੈਂਕੀ ਤੇ ਚੜ੍ਹ ਕੇ ਵਰਕਰਾਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ ਉਹਨਾਂ ਨੇ ਪੰਜਾਬ ਸਰਕਾਰ ਅਤੇ ਭਗਵੰਤ ਮਾਨ ਸਰਕਾਰ ਦੇ ਮੁਰਦਾਬਾਦ ਦੇ ਨਾਅਰੇ ਵੀ ਲਗਾਈ ਉਹਨਾਂ ਨੇ ਰੋਸ ਜਾਹਿਰ ਕਰਦਿਆਂ ਕਿਹਾ ਕਿ ਬਿਨਾਂ ਕਿਸੇ ਸੰਘਰਸ਼ ਦੇ ਕਾਰਨ ਜਥੇਬੰਦੀ ਦੇ ਸੂਬਾ ਪ੍ਰਧਾਨ ਨੂੰ ਹੁਸ਼ਿਆਰਪੁਰ ਦੇ ਪ੍ਰਸ਼ਾਸਨ ਨੇ ਅਰੈਸਟ ਕੀਤਾ ਹੈ ਜਦੋਂ ਕਿ ਜਥੇਬੰਦੀ ਨੂੰ ਪਹਿਲਾਂ ਹੀ 10 ਅਪ੍ਰੈਲ ਦੀ ਸਬ ਕਮੇਟੀ ਦੀ ਮੀਟਿੰਗ ਮਿਲੀ ਹੋਈ ਸੀ ਜਥੇਬੰਦੀ ਦੀ ਤਤਕਾਲ ਕਾਰਨ ਪੂਰੇ ਪੰਜਾਬ ਵਿੱਚ ਵੱਖ ਵੱਖ ਦਫ਼ਤਰਾਂ ਵਿੱਚ ਪੰਜਾਬ ਸਰਕਾਰ ਦੇ ਵਿਰੁੱਧ ਰੋਸ ਪ੍ਰਦਰਸ਼ਨ ਕੀਤੇ ਗਏ ਉਹਨਾਂ ਕਿਹਾ ਕਿ ਜੇਕਰ ਆਉਣ ਵਾਲੇ ਸਮੇਂ ਦਾਰਾਂ ਨੂੰ ਉਹਨਾਂ ਨੂੰ ਮੀਟਿੰਗ ਕਰਨ ਕਰਕੇ ਹੈਰਾਸਮੈਂਟ ਕੀਤਾ ਜਾਂ ਲਾਰੇ ਲੱਪੇ ਲਾਉਣ ਦਾ ਯਤਨ ਕੀਤਾ ਤਾਂ ਆਉਣ ਵਾਲੇ ਸਮੇਂ ਵਿੱਚ ਹੋਰ ਤਿੱਖੇ ਸੰਘਰਸ਼ ਹੋਣਗੇ ਇਸ ਸਮੇਂ ਵਰਕਰਾਂ ਨੇ ਟੈਂਕੀ ਤੇ ਚੜ੍ਹ ਕੇ ਪੰਜਾਬ ਸਰਕਾਰ ਨੂੰ ਕੱਚੇ ਵਰਕਰਾਂ ਨੂੰ ਲਮਕਾਉਣ ਸਬੰਧੀ ਲਾਰੇ ਲਾਉਣ ਕਰਕੇ ਲਾਮ ਤਾਂ ਪਾਈਆਂ ਤੇ ਭਗਵੰਤ ਮਾਨ ਸਰਕਾਰ ਨੂੰ ਯਾਦ ਕਰਵਾਇਆ ਕਿ ਉਸ ਨੂੰ ਕੰਧ ਤੇ ਲਿਖਿਆ ਪੜ ਲੈਣਾ ਚਾਹੀਦਾ ਹੈ ਜੇਕਰ ਉਹਨਾਂ ਦੀਆਂ ਮੰਗਾਂ ਦਾ ਸਮੇਂ ਤੇ ਨਿਪਟਾਰਾ ਨਾ ਕੀਤਾ ਤਾਂ ਇਸ ਤੋਂ ਵੀ ਤਿੱਖੇ ਸੰਘਰਸ਼ ਕੀਤੇ ਜਾਣਗੇ ਜਿਸ ਦੀ ਜਿੰਮੇਵਾਰੀ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਹੋਵੇਗਾਇਸ ਮੌਕੇ ਸੂਬਾ ਆਗੂ ਹਰਜਿੰਦਰ ਸਿੰਘਪਟਿਆਲਾ ਪ੍ਰੈਸ ਸਕੱਤਰ ਦਵਿੰਦਰ ਸਿੰਘ ਨਾਭਾ ਵਰਿੰਦਰ ਕੁਮਾਰ ਢਿੰਗੀਆਦ ਵੱਡੀ ਗਿਣਤੀ ਵਿੱਚ ਵਰਕਰ ਅਤੇ ਆਗੂ ਹਾਜ਼ਰ ਸਨ ਮੇਰੀਆਂ ਰਿਪੋਰਟਾਂ ਮੁਤਾਬਕ ਪੂਰੇ ਪੰਜਾਬ ਵਿੱਚ ਵੱਖ-ਵੱਖ ਜਲ ਸਪਲਾਈ ਦਫਤਰਾਂ ਵਿੱਚ ਹੋਏ ਸੰਘਰਸ਼ ਤੋਂ ਬਾਅਦ ਜਥੇਬੰਦੀ ਦੇ ਦਬਾਅ ਸਦਕਾ ਪ੍ਰਧਾਨ ਦਸਬੀਰ ਸਿੰਘ ਨੂੰ ਰਿਹਾ ਕਰ ਦਿੱਤਾ ਗਿਆ ਹੈ ਪਰਪਰ ਲੋਕਾਂ ਵਿੱਚ ਇਹ ਚਰਚਾ ਹੈ ਬਿਨਾਂ ਕਾਰਨਪ੍ਰਧਾਨ ਨੂੰ ਰੈਸਟ ਕਰਕੇ ਸਰਕਾਰ ਅਤੇ ਪ੍ਰਸ਼ਾਸਨ ਨੇ ਆਪਣੇ ਸਿਰ ਵਿੱਚ ਬਿਨਾਂ ਮਤਲਬ ਦੀ ਸਵਾਹ ਪਾਉਣ ਦਾ ਯਤਨ ਕੀਤਾ ਹੈ ਜਿਸ ਤੋਂ ਅੱਗੇ ਸਰਕਾਰ ਅਤੇ ਜਿੰਮੇਵਾਰ ਅਧਿਕਾਰੀਆਂ ਨੂੰ ਸੋਚਣਾ ਚਾਹੀਦਾ ਹੈ

## ਸ਼ਾਨਦਾਰ ਚਾਰ ਸਾਲ, ਭਗਵੰਤ ਮਾਨ ਦੇ ਨਾਲ ਤਹਿਤ ਪਿੰਡ ਖਾਨਪੁਰ ਵਿੱਚ ਵਿਸ਼ੇਸ਼ ਮੀਟਿੰਗ



**ਸਮਾਣਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਣਾ ਹਲਕੇ ਦੇ ਪਿੰਡ ਖਾਨਪੁਰ ਵਿਖੇ ਸ਼ਾਨਦਾਰ ਚਾਰ ਸਾਲ, ਭਗਵੰਤ ਮਾਨ ਦੇ ਨਾਲ ਮੁਹਿੰਮ ਤਹਿਤ ਇੱਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਇਲਾਕੇ ਦੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਭਾਗ ਲਿਆ।

ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਵਿਧਾਇਕ ਚੇਤਨ ਸਿੰਘ ਜੋੜਾਮਾਜਰਾ ਨੇ ਪੰਜਾਬ ਸਰਕਾਰ ਦੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਕੀਤੇ ਗਏ ਕੰਮਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।ਵਿਧਾਇਕ ਜੋੜਾਮਾਜਰਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਇਮਾਨਦਾਰੀ ਅਤੇ ਪਾਰਦਰਸ਼ਤਾ ਨਾਲ ਕੰਮ ਕੀਤਾ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਨੇ ਸਿੱਖਿਆ, ਸਿਹਤ, ਬਿਜਲੀ ਅਤੇ ਬੁਨਿਆਦੀ ਢਾਂਚੇ ਦੇ ਖੇਤਰ ਵਿੱਚ ਵੱਡੇ ਪੱਧਰ 'ਤੇ ਸੁਧਾਰ ਕੀਤੇ ਹਨ ਅਤੇ ਆਮ ਲੋਕਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ।

ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਦਾ ਮੁੱਖ ਲੱਖ ਲੋਕਾਂ ਨੂੰ ਭਰੋਸੇਯੋਗ ਅਤੇ ਸੁਵਿਧਾਜਨਕ ਸੇਵਾਵਾਂ ਮੁਹੱਈਆ ਕਰਵਾਉਣਾ ਹੈ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਦੀ ਪ੍ਰਗਤੀ ਜਾਰੀ ਰਹੇਗੀ।

ਇਸ ਮੌਕੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਗੁਰਦੇਵ ਸਿੰਘ ਟਿਵਾਣਾ, ਬਲਾਕ ਸੰਮਤੀ ਮੈਂਬਰ ਮਨਜੀਤ ਸਿੰਘ ਦਾਨੀਪੁਰ, ਜਸਵੀਰ ਸਿੰਘ ਕੁਤਬਨਪੁਰ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਵੀ ਹਾਜ਼ਰ ਰਹੀਆਂ। ਪਿੰਡ ਵਾਸੀਆਂ ਨੇ ਵੀ ਮੀਟਿੰਗ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਸਰਕਾਰ ਦੀਆਂ ਨੀਤੀਆਂ ਬਾਰੇ ਆਪਣੀ ਰਾਏ ਦਿੱਤੀ। ਮੀਟਿੰਗ ਦੇ ਅੰਤ 'ਤੇ ਆਗੂਆਂ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਸਰਕਾਰ ਦੀਆਂ ਲੋਕ-ਹਿਤੈਸ਼ੀ ਨੀਤੀਆਂ ਦਾ ਲਾਭ ਲੈਣ ਅਤੇ ਵਿਕਾਸ ਕਾਰਜਾਂ ਵਿੱਚ ਸਹਿਯੋਗ ਦੇਣ।

## ਅਗਰਵਾਲ ਧਰਮਸ਼ਾਲਾ ਚੋਣਾਂ ਦੇ ਚੱਲਦਿਆਂ ਰਿਸ਼ੂ ਸਿੰਗਲਾ ਚੋਣ ਮੈਦਾਨ ਚ ਨਿੱਤਰੇ



**ਸਮਾਣਾ, 11 ਅਪ੍ਰੈਲ-**
**-ਕੌਮੀ ਪੱਤ੍ਰਿਕਾ ਬਿਊਰੋ-**

ਅਗਰਵਾਲ ਧਰਮਸ਼ਾਲਾ ਅਤੇ ਸਕੂਲ ਪ੍ਰਬੰਧਕ ਕਮੇਟੀ ਦੀਆਂ ਆਉਣ ਵਾਲੀਆਂ ਚੋਣਾਂ ਲਈ ਰਿਸ਼ੂ ਸਿੰਗਲਾ ਕਰਹਾਲੀ ਸਵਾਮੀ ਦਯਾਨੰਦ ਸਰਸਵਤੀ ਜ਼ੋਨ $ ਤੋਂ ਮੈਂਬਰੀ ਲਈ ਉਮੀਦਵਾਰ ਵਜੋਂ ਮੈਦਾਨ ਵਿੱਚ ਉਤਰੇ ਹਨ।ਰਿਸ਼ੂ ਸਿੰਗਲਾ ਨੂੰ ਇਕ ਨਰਮ ਦਿਲ, ਮਿਲਣਸਾਰ ਅਤੇ ਹਰ ਕਿਸੇ ਦੇ ਦੁੱਖ-ਸੁੱਖ ਵਿੱਚ ਸਾਥ ਦੇਣ ਵਾਲੇ ਇਨਸਾਨ ਵਜੋਂ ਜਾਣਿਆ ਜਾਂਦਾ ਹੈ। ਉਹ ਸਮਾਜ ਸੇਵਾ ਅਤੇ ਮਾਨਵਤਾ ਭਲਾਈ ਦੇ ਕੰਮਾਂ ਵਿੱਚ ਹਮੇਸ਼ਾਂ ਅੱਗੇ ਰਹਿੰਦੇ ਹਨ। ਇਸ ਤੋਂ ਪਹਿਲਾਂ ਵੀ ਸੰਸਥਾ ਚ ਬਤੌਰ ਉੱਪ ਪ੍ਰਧਾਨ ਸੇਵਾਵਾਂ ਨਿਭਾਅ ਚੁੱਕੇ ਹਨ। ਉਨ੍ਹਾਂ ਨੇ ਜ਼ੋਨ ਦੇ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਉਨ੍ਹਾਂ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਬਹੁਮਤ ਨਾਲ ਜਿਤਾਉਣ ਅਤੇ ਉਨ੍ਹਾਂ ਲੋਕਾਂ ਨੂੰ ਭਰੋਸਾ ਦਿੱਤਾ ਕਿ ਉਹ ਸਭ ਦੇ ਵਿਸ਼ਵਾਸ 'ਤੇ ਖਰੇ ਉਤਰਨਗੇ।

## ਫੂਡ ਸੇਫਟੀ ਟੀਮ ਤਰਨ ਤਾਰਨ ਵੱਲੋਂ ਭੋਜਨ ਸੁਰੱਖਿਆ ਪੰਦਰਵਾੜੇ ਦੀ ਸ਼ੁਰੂਆਤ

**ਤਰਨਤਾਰਨ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਕਮਿਸ਼ਨਰ ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਕੰਵਲ ਪ੍ਰੀਤ ਬਰਾੜ ਦੇ ਨਿਰਦੇਸ਼ਾਂ ਅਨੁਸਾਰ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਸਿਵਲ ਅਤੇ ਸਿਵਲ ਸਰਜਨ ਡਾ. ਗੁਰਪ੍ਰੀਤ ਸਿੰਘ ਰਾਏ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਸਿਹਤ ਅਫ਼ਸਰ ਡਾ. ਸੁਖਬੀਰ ਕੌਰ ਦੀ ਅਗਵਾਈ ਵਿਚ ਫੂਡ ਸੇਫਟੀ ਟੀਮ ਤਰਨਤਾਰਨ ਨੇ ਭੋਜਨ ਸੁਰੱਖਿਆ ਪੰਦਰਵਾੜਾ (7 ਤੋਂ 21 ਅਪ੍ਰੈਲ 2026 ਤੱਕ) ਮਨਾਉਣ ਦੀ ਸ਼ੁਰੂਆਤ ਕੀਤੀ।

ਇਸ ਤਹਿਤ ਸਥਾਨਕ ਮਾਝਾ ਪਬਲਿਕ ਸਕੂਲ ਵਿਚ ਆਲ ਵੂਮੈਨ ਐਨ.ਜੀ.ਓ ਇਨਰਵੀਲ ਕਲੱਬ ਤਰਨ ਤਾਰਨ ਸਾਹਿਬ ਦੇ ਮੈਂਬਰਾਂ ਨਾਲ ਇਕ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਗਈ।

ਇਸ ਦੌਰਾਨ ਜ਼ਿਲ੍ਹਾ ਸਿਹਤ ਅਫ਼ਸਰ ਵੱਲੋਂ ਬੱਚਿਆਂ ਨੂੰ ਸੁਰੱਖਿਅਤ ਭੋਜਨ ਅਤੇ ਸਿਹਤਮੰਦ ਜੀਵਨ ਸ਼ੈਲੀ ਬਾਰੇ ਜਾਗਰੂਕ ਕੀਤਾ ਗਿਆ।

ਇਸ ਮੌਕੇ ਛੋਟੇ ਬੱਚਿਆਂ ਨੇ ਵੀ ਸਿਹਤਮੰਦ ਭੋਜਨ ਅਤੇ ਸਫ਼ਾਈ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਮਾਝਾ ਪਬਲਿਕ ਸਕੂਲ ਦੇ ਪ੍ਰਿੰਸੀਪਲ ਡਾ. ਰਮਨ ਦੂਆ ਨੇ ਵਿਦਿਆਰਥੀਆਂ ਨੂੰ ਅੱਜ ਪ੍ਰਾਪਤ ਗਿਆਨ ਮਾਪਿਆਂ ਅਤੇ ਭੈਣਾਂ-ਭਰਾਵਾਂ ਨਾਲ ਸਾਂਝਾ ਕਰਨ ਲਈ ਉਤਸ਼ਾਹਿਤ ਕੀਤਾ।

ਇਸੇ ਤਹਿਤ ਫੂਡ ਸੇਫਟੀ ਔਨ ਵ੍ਹੀਲਜ਼ ਟੀਮ ਵੱਲੋਂ ਸਿਵਲ ਹਸਪਤਾਲ ਤਰਨ ਤਾਰਨ ਵਿਖੇ ਨਰਸਿੰਗ ਕਾਲਜ ਦੇ ਵਿਦਿਆਰਥੀਆਂ ਲਈ ਇਕ ਹੋਰ ਜਾਗਰੂਕਤਾ ਕੈਂਪ ਲਗਾਇਆ ਗਿਆ ਅਤੇ ਸਿਵਲ ਸਰਜਨ ਤਰਨਤਾਰਨ ਦੀ ਮੌਜੂਦਗੀ ਵਿਚ ਜ਼ਿਲ੍ਹਾ ਸਿਹਤ ਅਫ਼ਸਰ ਡਾ. ਸੁਖਬੀਰ ਕੌਰ ਵੱਲੋਂ ਵਿਦਿਆਰਥੀਆਂ ਨੂੰ ਬਾਜਰੇ ਦੇ ਲਾਭਾਂ ਅਤੇ ਵਿਸ਼ਵ ਸਿਹਤ ਦਿਵਸ 2026 ਦੇ ਥੀਮ ਬਾਰੇ ਜਾਣੂ ਕਰਵਾਇਆ ਗਿਆ।

ਡੀ.ਐਫ.ਪੀ.ਓ ਡਾ. ਭਾਰਤੀ ਧਵਨ, ਡਾ. ਰਣਦੀਪ ਅਤੇ ਡਾ. ਰਾਘਵ, ਮਹਾਂਮਾਰੀ ਵਿਗਿਆਨੀ ਡਾ. ਅਸ਼ਵਿਨ, ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਸੁਖਵੰਤ ਸਿੰਘ ਸਿੱਧੂ ਅਤੇ ਆਰੂਸ਼ ਭੱਲਾ ਬੀ.ਸੀ.ਸੀ ਕੋਆਰਡੀਨੇਟਰ ਵੱਲੋਂ ਮੌਜੂਦ ਸਾਰਿਆਂ ਨੂੰ ਐਫ.ਐਸ.ਡਬਲਯੂ ਦੇ ਤਿੰਨ ਹਿੱਸਿਆਂ ਬਾਰੇ ਜਾਣੂ ਕਰਵਾਇਆ ਗਿਆ।

## ਡੀਡੀਆਈ ਸਕੂਲ ਦਾ ਸਥਾਪਨਾ ਦਿਵਸ ਧੂਮਧਾਮ ਨਾਲ ਮਨਾਇਆ



**ਅੰਮ੍ਰਿਤਸਰ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਫਤਿਹਗੜ੍ਹ ਚੂੜੀਆਂ ਰੋਡ 'ਤ ' ਸਥਿਤ ਡੀਡੀਆਈ ਸਕੂਲ ਵੱਲੋਂ ਪ੍ਰਿੰਸੀਪਲ ਸ਼ਬਨਮ ਸ਼ਰਮਾ ਦੀ ਪ੍ਰਧਾਨਗੀ ਹੇਠ ਆਪਣਾ ਸਥਾਪਨਾ ਦਿਵਸ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ।

ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਦੇ ਮੈਂਬਰ ਅਜੀਤ ਸਿੰਘ ਤੁਲੀ, ਜਜਬੀਰ ਸਿੰਘ ਵਾਲੀਆ, ਸੁਰੇਂਦਰ ਵਸ਼ਿਸ਼ਠ ਅਤੇ ਨਰਿੰਦਰ ਸ਼ਰਮਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।

ਸਮਾਗਮ ਦੀ ਸ਼ੁਰੂਆਤ ਸਕੂਲ ਦੇ ਵਿਹੜੇ ਵਿੱਚ ਹਵਨ ਯਜਨ ਨਾਲ ਹੋਈ, ਜਿਸ ਦੌਰਾਨ ਵੈਦਿਕ ਮੰਤਰਾਂ ਦੇ ਜਾਪ ਨਾਲ ਭੇਟਾਂ ਅਰਪਿਤ ਕੀਤੀਆਂ ਗਈਆਂ ਅਤੇ ਸਕੂਲ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ।

ਇਸ ਤੋਂ ਬਾਅਦ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਸ਼੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕੀਤਾ ਗਿਆ, ਜਿਸ ਨਾਲ ਸਾਰਾ ਮਾਹੌਲ ਆਧਿਆਤਮਿਕ ਰੰਗ ਵਿੱਚ ਰੰਗਿਆ ਗਿਆ।

ਇਸ ਮੌਕੇ ਵਾਈਸ ਪ੍ਰਿੰਸੀਪਲ ਰਮਾ ਸ਼ਰਮਾ, ਸਿਮਰਨ ਕੌਰ, ਮੋਨਿਕਾ ਸ਼ਰਮਾ ਸਮੇਤ ਹੋਰ ਅਧਿਆਪਕ ਅਤੇ ਵਿਦਿਆਰਥੀ ਵੀ ਹਾਜ਼ਰ ਸਨ। ਸਮਾਗਮ ਦੇ ਅੰਤ 'ਤੇ ਪ੍ਰਿੰਸੀਪਲ ਸ਼ਬਨਮ ਸ਼ਰਮਾ ਨੇ ਸਾਰੇ ਮਹਿਮਾਨਾਂ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ।

# ਸੁਣ ਨੀ ਕੁੜੀਏ ਮਛਲੀ ਵਾਲੀਏ

ਸੁਰਿੰਦਰ ਕੌਰ



ਲੋਕ-ਕਾਵਿ ਹਰਮਨ ਪਿਆਰਾ ਸਾਹਿਤ ਹੁੰਦਾ ਹੈ। ਕਿਸੇ ਵੀ ਦੇਸ਼, ਸੂਬੇ ਦੇ ਜੀਵਨ ਦੀ ਅਸਲੀ ਝਲਕ ਉਥੋਂ ਦੇ ਲੋਕ-ਕਾਵਿ ਵਿਚ ਦੇਖਣ ਨੂੰ ਮਿਲਦੀ ਹੈ। ਜ਼ਿੰਦਗੀ ਦਾ ਸ਼ਾਇਦ ਹੀ ਅਜਿਹਾ ਕੋਈ ਪੱਖ ਹੋਵੇ ਜੋ ਲੋਕ ਗੀਤਾਂ ਵਿਚ ਦ੍ਰਿਸ਼ਟੀਗੋਚਰ ਨਾ ਹੋਇਆ ਹੋਵੇ। ਪੰਜਾਬੀ ਲੋਕ ਗੀਤ ਵੀ ਸਦੀਆਂ ਪੁਰਾਣੇ ਸਮਾਜਿਕ ਅਤੇ ਮਾਨਸਿਕ ਸਰੋਕਾਰਾਂ, ਕਾਰਾਂ-ਵਿਹਾਰਾਂ, ਖ਼ੁਸ਼ੀਆਂ-ਗਮੀਆਂ ਅਤੇ ਰਿਸ਼ਤੇ ਨਾਤਿਆਂ ਵਿਚਲੇ ਕੌੜੇ-ਮਿੱਠੇ ਅਨੁਭਵਾਂ ਅਤੇ ਮਨਾਂ ਦੇ ਵਲਵਲਿਆਂ ਨੂੰ ਸਾਂਭੀ ਬੈਠਾ ਹੈ। ਲੋਕ ਕਾਵਿ ਵਿਚ ਮੁੱਖ ਤੌਰ ਤੇ ਘੋੜੀਆਂ, ਸੁਹਾਗ, ਹੇਅਰੇ, ਸਿੱਠਣੀਆਂ, ਦੋਹੇ, ਢੋਲਾ, ਟੱਪੇ-ਬੋਲੀਆਂ, ਮਾਹੀਆ ਲੰਮੇ ਗੌਣ ਆਦਿ ਸ਼ਾਮਲ ਹਨ। ਇਨ੍ਹਾਂ ਲੋਕ ਗੀਤਾਂ ਵਿਚ ਖ਼ੁਸ਼ੀ-ਗ਼ਮੀ, ਦੁੱਖ-ਦਰਦ, ਵਿਛੋੜੇ-ਮਿਲਾਪ, ਹਾਸੇ-ਠੱਠੇ ਦਾ ਜ਼ਿਕਰ ਮਿਲਦਾ ਹੈ ਜੇ ਧਿਆਨ ਦਿੱਤਾ ਜਾਵੇ ਤਾਂ ਬਹੁਤੇ ਲੋਕ-ਗੀਤਾਂ ਵਿਚ ਮੱਤਾਂ-ਸੁਮੱਤਾਂ ਜਾਂ ਸਿਆਣਪਾਂ ਦਾ ਜ਼ਿਕਰ ਆਇਆ ਹੈ ਜੋ ਸਾਡੇ ਜੀਵਨ ਵਿਚ ਬਹੁਤੇ ਥਾਂ ਕੰਮ ਆਉਣ ਵਾਲੀਆਂ ਗੱਲਾਂ ਹੁੰਦੀਆਂ ਹਨ।

ਪੁਰਾਣੇ ਸਮੇਂ ਵਿਚ ਸਾਡਾ ਜੀਵਨ ਬਹੁਤ ਸਾਦਾ ਸੀ। ਵਿਆਹੀਆਂ ਧੀਆਂ ਭੈਣਾਂ ਵੀ ਪੇਕੇ ਘਰ ਆ ਕੇ ਹਾਰ ਸ਼ਿੰਗਾਰ ਨਹੀਂ ਕਰਦੀਆਂ ਸਨ ਕਿਉਂ ਕਿ ਉਹ ਆਪਣੇ ਮਾਪਿਆਂ ਅਤੇ ਹੋਰ ਰਿਸ਼ਤੇਦਾਰਾਂ ਦੀ ਸੰਗ ਮੰਨਦੀਆਂ ਸੀ। ਜੇ ਕੋਈ ਕੁਆਰੀ ਕੁੜੀ ਮਾੜਾ ਮੋਟਾ ਸੁਰਮਾ-ਕਜਲਾ ਪਾ ਲੈਂਦੀ ਤਾਂ ਉਹ ਵੀ ਚੰਗਾ ਨਹੀਂ ਸਮਝਿਆ ਜਾਂਦਾ ਸੀ। ਇਸ ਦਾ ਜ਼ਿਕਰ ਇਕ ਬੋਲੀ ਵਿਚ ਇਉਂ ਮਿਲਦਾ ਹੈ :

*ਮੈਂ ਤਾਂ ਅੱਖਾਂ ਵਿਚ ਪਾ ਲਿਆ ਸੁਰਮਾ*
*ਉਪਰੋਂ ਆ ਗਿਆ ਤਾਇਆ*
*ਰੋ-ਰੋ ਨਿਕਲ ਗਿਆ*
*ਬੜੇ ਸ਼ੌਕ ਨਾਲ ਪਾਇਆ ਸੁਰਮਾ....*

ਇਸੇ ਪ੍ਰਕਾਰ ਇਕ ਬੋਲੀ ਵਿਚ ਜਵਾਨ ਜਹਾਨ ਕੁੜੀਆਂ ਨੂੰ ਖੂਹ ਟੋਭੇ ਜਾਂ ਹੋਰ ਥਾਵਾਂ ਤੇ ਨਾਂ ਜਾਣ ਦੀਆਂ ਸਿਆਣਪਾਂ ਦਿੱਤੀਆਂ ਗਈਆਂ ਹਨ।

*ਸੁਣ ਨੀ ਕੁੜੀਏ ਮਛਲੀ ਵਾਲੀਏ*
*ਮਛਲੀ ਨਾ ਚਮਕਾਈਏ*
*ਖੂਹ ਟੋਭੇ ਤੇ ਚਰਚਾ ਹੁੰਦੀ*
*ਚਰਚਾ ਨਾ ਕਰਵਾਈਏ*
*ਆਪਣੇ ਮਾਪਿਆਂ ਦੀ*
*ਫੁੱਲ ਵਰਗੀ ਰੱਖ ਜਾਈਏ...*

ਪੰਜਾਬੀ ਦੇ ਬਹੁਤੇ ਲੋਕ ਗੀਤਾਂ ਦੀਆਂ ਸਿਰਜਕ ਔਰਤਾਂ ਹੀ ਰਹੀਆਂ ਹਨ ਕਿਉਂ ਕਿ ਮਰਦ ਦੇ ਮੁਕਾਬਲੇ ਔਰਤਾਂ ਦੇ ਹਿੱਸੇ ਵਿਚ ਜ਼ਿਆਦਾ ਦੁੱਖ-ਦਰਦ ਆਇਆ ਹੈ। ਇਕ ਲੜਕੀ ਆਪਣੇ ਮਨ ਦੀ ਗੱਲ ਸਿੱਧੀ ਸ਼ਪੱਸਟ ਨਹੀਂ ਕਹਿ ਸਕਦੀ ਇਸ ਕਰਕੇ ਉਹ ਆਪਣੇ ਮਨ ਦੇ ਚਾਅ, ਵਲਵਲੇ, ਸੱਧਰਾਂ ਨੂੰ ਲੋਕ ਗੀਤਾਂ ਵਿਚ ਪੇਸ਼ ਕਰਦੀ ਹੈ :

*ਦੇਈਂ ਵੇ ਬਾਬਲਾ ਉਸ ਘਰੇ*
*ਜਿਥੇ ਸੱਸ ਭਲੀ ਪ੍ਰਧਾਨ*
*ਸਹੁਰਾ ਸਰਦਾਰ ਹੋਵੇ*
*ਡਾਹ ਬਹਿੰਦਾ ਪੀੜ੍ਹਾ ਸਾਹਮਣੇ*
*ਮੱਥੇ ਕਦੀ ਨਾ ਵੱਟ ਹੋਵੇ*
*ਬਾਬਲ ਤੇਰਾ ਪੁੰਨ ਹੋਵੇ...*

ਇਸ ਪ੍ਰਕਾਰ ਇਕ ਬੋਲੀ ਵਿਚ ਕੁੜੀਆਂ ਨੂੰ ਪਿੰਡ ਦੇ ਮੁੰਡਿਆਂ ਤੋਂ ਵੀ ਸਾਵਧਾਨ ਕੀਤਾ ਗਿਆ ਹੈ ਕਿਉਂ ਕਿ ਇਸ ਗੱਲ ਦੀ ਸਾਰੇ ਪਿੰਡ ਵਿਚ ਚਰਚਾ ਹੋਣ ਲੱਗ ਪੈਂਦੀ ਹੈ :

*ਸੁਣ ਨੀ ਕੁੜੀਏ ਕੈਂਠੀ ਵਾਲੀਏ*
*ਕੈਂਠੀ ਨਾ ਚਮਕਾਈਏ*
*ਵਿਚ ਦਰਵਾਜ਼ੇ ਚਰਚਾ ਹੁੰਦੀ*
*ਚਰਚਾ ਨਾ ਕਰਵਾਈਏ*
*ਪਿੰਡ ਦੇ ਮੁੰਡਿਆਂ ਤੋਂ*
*ਪਾ ਨੀਵੀਂ ਲੰਘ ਜਾਈਏ...*

ਲੋਕ ਕਾਵਿ ਵਿਚ ਸਿਰਫ਼ ਲੜਕੀਆਂ ਨੂੰ ਹੀ ਨਹੀਂ ਸਗੋਂ ਮਰਦਾਂ ਅਤੇ ਮੁੰਡਿਆਂ ਨੂੰ ਕਈ ਪ੍ਰਕਾਰ ਦੀਆਂ ਮੱਤਾਂ-ਸੁਮੱਤਾਂ ਦਿੱਤੀਆਂ ਗਈਆਂ ਹਨਔਰਤ ਦੀ ਤ੍ਰਾਸਦੀ ਹੈ ਕਿ ਉਸ ਦਾ ਵਿਆਹ ਬਹੁਤੀ ਵਾਰ ਮਨਪਸੰਦ ਵਰ ਨਾਲ ਨਹੀਂ ਹੁੰਦਾ। ਲੋਕ ਕਾਵਿ ਵਿਚ ਵੀ ਅਣਜੋੜ ਵਰਾਂ ਦਾ ਬਹੁਤ ਜ਼ਿਕਰ ਆਇਆ ਹੈ ਆਪਣੇ ਬਾਬਲ ਦੇ ਬੋਲ ਪੁਗਾਦਿਆਂ ਕਈ ਵਾਰ ਧੀ ਦੇ ਹੋਠਾਂ ਤੇ ਸ਼ਿਕਵਾ ਆ ਹੀ ਜਾਂਦਾ ਹੈ।

ਸਾਡੇ ਸੱਭਿਆਚਾਰ ਵਿਚ ਵੱਡੀ ਭਰਜਾਈ ਨੂੰ ਮਾਂ ਦਾ ਦਰਜਾ ਦਿੱਤਾ ਜਾਂਦਾ ਹੈ ਅਤੇ ਭਰਜਾਈ ਵੀ ਦਿਉਰ ਨੂੰ ਪੁੱਤਾਂ ਵਾਂਗ ਪਿਆਰ ਕਰਦੀ ਹੈ। ਦਿਉਰ ਦੇ ਵਿਆਹ ਤੋਂ ਬਾਅਦ ਇਸ ਰਿਸ਼ਤੇ ਵਿਚ ਕਈ ਵਾਰ ਨੋਕ ਝੋਕ ਵੀ ਦੇਖਣ ਨੂੰ ਮਿਲਦੀ ਹੈ ਜਿਸ ਨੂੰ ਸਿਆਣਪ ਨਾਲ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ :

*ਲਿਆ ਦਿਉਰਾ*
*ਤੈਨੂੰ ਅੱਡ ਕਰ ਦੇਵਾਂ*
*ਦੇ ਕੇ ਸੇਰ ਕੁ ਆਟਾ*
*ਵੇ ਨਿੱਤ ਕੌਣ ਲੜੇ*
*ਕੌਣ ਪੁਟਾਵੇ ਝਾਟਾ...*

ਜੇ ਜੇਠ ਛੋਟੀ ਭਰਜਾਈ 'ਤੇ ਬੁਰੀ ਨਜ਼ਰ ਰੱਖਦਾ ਹੈ ਤਾਂ ਜੇਠ ਨੂੰ ਵੀ ਫਿੱਟ ਲਾਹਣਤ ਪਾਈ ਜਾਂਦੀ ਤੇ ਉਸ ਨੂੰ ਵੀ ਸੁਮੱਤ ਦੇਣ ਵਾਲੀ ਗੱਲ ਆਖੀ ਜਾਂਦੀ ਹੈ ਉਹ ਕਹਿੰਦੀ ਹੈ :

*ਵੇ ਜੇਠਾ ਤੇਰੀ ਦੇਹ ਫਿੱਟ ਜਾਏ*
*ਛੋਟੀ ਭੈਣ ਵਰਗੀ ਭਰਜਾਈ...*

ਇਸੇ ਤਰ੍ਹਾਂ ਇਕ ਲੰਮੇ ਗੌਣ ਵਿਚ ਇਕ ਮੁਟਿਆਰ ਆਪਣੇ ਪ੍ਰੇਮੀ ਨੂੰ ਵੀ ਸੁਮੱਤਾਂ ਦਿੰਦੀ ਹੋਈ ਕਹਿੰਦੀ ਹੈ ਕਿ ਉਹ ਸਮਾਜਿਕ ਮਾਣ-ਮਰਿਆਦਾ ਨੂੰ ਪਹਿਲ ਦੇਵੇ ਅਤੇ ਟੌਹਰ ਕੱਢ ਕੇ ਵਾਰ-ਵਾਰ ਉਸ ਦੀ ਗਲੀ ਵਿਚ ਗੇੜੇ ਨਾ ਮਾਰੇ :

*ਸੋਹਣਾ ਜਿਹਾ ਚੀਰਾ ਪਹਿਨ ਕੇ*
*ਸਾਡੀ ਗਲੀਓ ਨਾ ਆਈਂ*
*ਵੇ ਬੀਬਾ, ਵਿਹੜੇ ਪੈਰ ਨਾ ਪਾਈਂ ਵੇ...*

ਪੁਰਾਣੇ ਜ਼ਮਾਨੇ ਦੇ ਲੋਕਾਂ ਵਿਚ ਸ਼ਹਿਣਸ਼ੀਲਤਾ, ਸਬਰ ਸੰਤੋਖ ਅਤੇ ਅਣਪੱਤ ਸੀ। ਛੋਟੀ ਮੋਟੀ ਗੱਲ ਤੋਂ ਪਰਿਵਾਰ ਨਹੀਂ ਸੀ ਟੁੱਟਦੇ। ਜੇ ਕਈ ਵਾਰ ਪਤੀ-ਪਤਨੀ ਦੀ ਲੜਾਈ ਹੋ ਜਾਂਦੀ ਤਾਂ ਅੱਜ ਵਾਂਗ ਤਲਾਕ ਨਹੀਂ ਸੀ ਹੁੰਦਾ ਪੰਚਾਇਤ ਜਾਂ ਪੁਲਿਸ ਤਕ ਕਦੇ ਗੱਲ ਨਾ ਪੁੱਜਦੀ। ਕੋਰਟ ਕਚਿਹਰੀ ਤਾਂ ਸਗੋਂ ਦੂਰ ਦੀ ਗੱਲ ਮਾਪੇ ਧੀ ਨੂੰ ਮੱਤਾਂ ਦੇ ਕੇ ਤੋਰਦੇ :

*ਡੁੱਲਿਆ ਬੇਰਾਂ ਦਾ ਕੁਝ ਨਹੀਂ ਵਿਗੜਿਆ*
*ਤੂੰ ਚੁੱਕ ਝੋਲੀ ਵਿਚ ਪਾ ਲੈ*
*ਆਸੇ ਪਾਸੇ ਮਿੱਟੀ ਨਾ ਲੱਗ ਜੇ*
*ਝਾੜ ਪੂੰਝ ਕੇ ਖਾ ਲੈ*
*ਲੜ ਛੱਡ ਪੇਕਿਆਂ ਦਾ*
*ਮੋਹ ਸਹੁਰਿਆਂ ਨਾਲ ਪਾ ਲੈ....*

ਉਸ ਸਮੇਂ ਵੀ ਘਰ-ਪਰਿਵਾਰਾਂ ਵਿਚ ਛੋਟੇ ਮੋਟੇ ਝਗੜੇ ਹੁੰਦੇ ਸਨ ਪਰ ਅੱਜ ਵਾਂਗੂ ਕੋਈ ਖ਼ੁਦਕੁਸ਼ੀਆਂ ਨਹੀਂ ਸੀ ਕਰਦਾ। ਮੂੰਹ ਪਾੜ ਕੇ ਦਾਜ ਨਹੀਂ ਸੀ ਮੰਗਦਾ ਅਤੇ ਨਾ ਹੀ ਦਾਜ ਲਈ ਨੂੰਹਾਂ ਸਾੜੀਆਂ-ਮਾਰੀਆਂ ਜਾਂਦੀਆਂ ਸਨ ਸਗੋਂ ਇਨ੍ਹਾਂ ਮੱਤਾਂ-ਸੁਮੱਤਾਂ ਰਾਹੀਂ ਘਰ ਪਰਿਵਾਰ ਵਿਚ ਸੁੱਖ-ਸ਼ਾਂਤੀ ਰੱਖੀ ਜਾਂਦੀ ਸੀ। ਇਸ ਪ੍ਰਕਾਰ ਇਹ ਮੱਤਾਂ-ਸੁਮੱਤਾਂ ਪੰਜਾਬੀ ਲੋਕ ਕਾਵਿ ਵਿਚ ਅੰਗੂਠੀ ਵਿਚ ਜੜੇ ਹੋਏ ਕੀਮਤੀ ਹੀਰਿਆਂ ਦੀ ਤਰ੍ਹਾਂ ਹਨ। •

96536-50200

---

**ਸਿਹਰਾਬੰਦੀ ਦੀ ਰਸਮ ਪੰਜਾਬੀ ਸੱਭਿਆਚਾਰ ਦੇ ਰੀਤੀ ਰਿਵਾਜਾਂ ਦੀ ਅਹਿਮ ਰਸਮ ਹੈ ਜਿਸ ਨੂੰ ਅਦਾ ਕਰਨਾ ਅਤਿ ਜ਼ਰੂਰੀ ਹੁੰਦਾ ਹੈ। ਪੁਰਾਣੇ ਸਮਿਆਂ ਵਿਚ ਇਸ ਰਸਮ ਨੂੰ ਬਹੁਤ ਹੀ ਚਾਵਾਂ ਨਾਲ ਘੋੜੀਆਂ ਗਾ ਕੇ ਨਿਭਾਇਆ ਜਾਂਦਾ ਸੀ।**



# ਵਿਆਹ ਦੀ ਅਹਿਮ ਰਸਮ ਸਿਹਰਾਬੰਦੀ

ਪ੍ਰੋ. ਬੇਅੰਤ ਸਿੰਘ ਬਾਜਵਾ

ਪੰਜਾਬੀ ਸੱਭਿਆਚਾਰ ਦੇ ਰੀਤੀ-ਰਿਵਾਜ ਵਿੱਚੋਂ ਇਕ ਅਹਿਮ ਰਸਮ ਸਿਹਰਾਬੰਦੀ ਮੰਨੀ ਜਾਂਦੀ ਹੈ। ਇਸ ਰਸਮ ਬਿਨਾਂ ਵਿਆਹ ਅਧੂਰਾ ਮੰਨਿਆ ਜਾਂਦਾ ਹੈ ਕਿਉਂਕਿ ਇਹ ਰਸਮ ਪੁਰਾਤਨ ਸਮਿਆਂ ਤੋਂ ਚੱਲੀ ਆ ਰਹੀ ਹੈ। ਵਿਆਹ ਵੇਲੇ ਮੁੰਡੇ ਦੇ ਘੋੜੀ ਚੜ੍ਹਨ ਤੋਂ ਪਹਿਲਾਂ ਉਸ ਨੂੰ ਸਿਹਰਾ ਸਜਾਇਆ ਜਾਂਦਾ ਹੈ। ਸਿਹਰਾ ਬੰਨ੍ਹਣ ਦੀ ਰਸਮ ਬਹੁਤ ਪੁਰਾਣੀ ਹੈ ਅਤੇ ਇਹ ਅੱਜ ਵੀ ਪ੍ਰਚੱਲਿਤ ਹੈ। ਨਹਾਈ-ਧੋਈ ਦੀ ਰਸਮ ਕਰਨ ਤੋਂ ਮੁੰਡੇ ਨੂੰ ਸਿਹਰਾ ਬੰਨ੍ਹਣ ਦੀ ਰਸਮ ਅਦਾ ਕੀਤੀ ਜਾਂਦੀ ਹੈ। ਜਿਸ ਨੂੰ ਉਸ ਦੀ ਭੈਣ ਨਿਭਾਉਂਦੀ ਹੈ। ਪੁਰਾਤਨ ਸਮਿਆਂ ਵਿਚ ਮੁੰਡੇ ਦੇ ਪਰਿਵਾਰ ਵੱਲੋਂ ਸਿਹਰਾਬੰਦੀ ਦਾ ਗੀਤ ਲਿਖ ਕੇ ਉਸ ਨੂੰ ਛਪਾਇਆ ਜਾਂਦਾ ਸੀ ਤੇ ਜਿਸ ਦਿਨ ਇਹ ਰਸਮ ਹੁੰਦੀ ਤਾਂ ਉਸ ਗੀਤ ਨੂੰ ਗਾਇਆ ਜਾਂਦਾ।

ਜਦ ਸਿਹਰਾ ਸਿਰ 'ਤੇ ਸਜਦਾ ਏ
ਕੁਦਰਤ ਕੋਈ ਤਾਣਾ ਤਣਦੀ ਏ।
ਇਕ ਦਿਲ ਦਾ ਰਾਜਾ ਬਣ ਜਾਂਦਾ
ਇਕ ਦਿਲ ਦੀ ਰਾਣੀ ਬਣਦੀ ਏ।
ਅਣਡਿੱਠੀ ਮੁਹੱਬਤ ਫੁੱਟ ਪੈਂਦੀ
ਵਗ ਪੈਣ ਫ਼ੁਹਾਰੇ ਪਿਆਰਾਂ ਦੇ।

ਸਿਹਰਾਬੰਦੀ ਗੀਤ ਵਿਚ ਮੁੰਡੇ ਦੀ ਸਾਰੀਆਂ ਰਿਸ਼ਤੇਦਾਰੀਆਂ ਨੂੰ ਸ਼ਾਮਲ ਕੀਤਾ ਜਾਂਦਾ ਸੀ। ਅੱਜ ਵੀ ਬੜੇ ਚਾਵਾਂ ਨਾਲ ਭੈਣ ਆਪਣੀ ਵੀਰ ਦੇ ਸਿਰ 'ਤੇ ਸਿਹਰਾ ਸਜਾਉਂਦੀ ਹੈ ਅਤੇ ਭੂਆ ਰਲ ਮਿਲ ਕੇ ਘੋੜੀਆਂ ਗਾਉਂਦੀਆਂ ਹਨ। ਇਸ ਰਸਮ ਮੌਕੇ ਵਿਆਹ ਵਾਲੇ ਮੁੰਡੇ ਦੀ ਭਾਬੀ ਉਸ ਨੂੰ ਸੁਰਮਾ ਪਾਉਂਦੀ ਹੈ। ਸੁਰਮਾ ਪਵਾਈ ਦਾ ਮੁੰਡੇ ਵੱਲੋਂ ਲਾਗ ਦਿੱਤਾ ਜਾਂਦਾ ਹੈ। ਸਿਹਰਾ ਬੰਨ੍ਹਾਈ ਦਾ ਮੁੰਡਾ ਆਪਣੀ ਭੈਣ ਨੂੰ ਲਾਗ ਦਿੰਦਾ ਹੈ। ਸੁਰਮਾ ਪਾਉਣ ਦੀ ਰਸਮ ਵੇਲੇ ਭਾਬੀ ਨਾਲ ਨਾਲ ਗੀਤ ਗਾਉਂਦੀ ਹੈ :

ਪਹਿਲੀ ਸਲਾਈ ਰਸ ਭਰੀ ਦਿਉਰਾ,
ਦੂਜੀ ਤਿੱਲੇ ਦੀ ਤਾਰ।
ਤੀਜੀ ਸਲਾਈ ਤਾਂ ਪਾਵਾਂ
ਜੇ ਮੋਹਰਾਂ ਦੇਵੇਂ ਵੇ,
ਮੈਂ ਸੱਚ ਆਖਦੀ, ਚਾਰ।

ਮੁੰਡੇ ਦੇ ਸਿਹਰਾ ਬੰਨ੍ਹਣ ਤੋਂ ਬਾਅਦ ਲਾੜੇ ਦੇ ਸਰਬਾਲ੍ਹੇ ਨੂੰ ਵੀ ਸ਼ਗਨ ਦੇ ਤੌਰ 'ਤੇ ਖੰਭਣੀ ਬੰਨ੍ਹੀ ਜਾਂਦੀ ਹੈ। ਸਿਹਰਾਬੰਦੀ ਦੀ ਰਸਮ ਪੰਜਾਬੀ ਸੱਭਿਆਚਾਰ ਦੇ ਰੀਤੀ ਰਿਵਾਜਾਂ ਦੀ ਅਹਿਮ ਰਸਮ ਹੈ। ਜਿਸ ਨੂੰ ਅਦਾ ਕਰਨਾ ਅਤਿ ਜ਼ਰੂਰੀ ਹੁੰਦਾ ਹੈ। ਪੁਰਾਣੇ ਸਮਿਆਂ ਵਿਚ ਇਸ ਰਸਮ ਨੂੰ ਬਹੁਤ ਹੀ ਚਾਵਾਂ ਨਾਲ ਘੋੜੀਆਂ ਗਾ ਕੇ ਨਿਭਾਇਆ ਜਾਂਦਾ ਸੀ। ਸਿਹਰਾ ਤੇ ਮੋਤੀ ਅਤੇ ਸਿਤਾਰੇ ਲੱਗੇ ਹੁੰਦੇ ਸਨ। ਸਿਹਰਾ ਬੰਨ੍ਹ ਕੇ ਘਰ ਵਿਚ ਇਕੱਤਰ ਜ਼ਨਾਨੀਆਂ ਵਿਆਹ ਵਾਲੇ ਮੁੰਡੇ ਤੇ ਫੁਲਕਾਰੀ ਜਾਂ ਬਾਗ਼ ਤਾਣ ਕੇ ਘੋੜੀ ਤਕ ਲੈ ਕੇ ਜਾਂਦੀਆਂ ਹਨ। ਆਨੰਦ ਕਾਰਜ ਦੀ ਰਸਮ ਵੇਲੇ ਮੁੰਡੇ ਦੇ ਜੀਜੇ ਵੱਲੋਂ ਸਿਹਰਾ ਉਤਾਰਿਆ ਜਾਂਦਾ ਹੈ। ਅੱਜ ਦੇ ਸਮੇਂ ਵਿਚ ਇਹ ਰਸਮ ਹੁੰਦੀ ਜ਼ਰੂਰ ਹੈ ਪਰ ਰਸਮ ਸਮੇਂ ਰਿਸ਼ਤੇਦਾਰਾਂ, ਆਂਢੀਆਂ- ਗੁਆਂਢੀਆਂ ਵਿਚ ਕੋਈ ਖ਼ਾਸ ਚਾਅ ਉਤਸ਼ਾਹ ਨਹੀਂ ਵੇਖਿਆ ਜਾਂਦਾ। ਅਜੋਕੇ ਵਿਆਹਾਂ ਵਿਚ ਪੱਛਮੀ ਸੱਭਿਆਚਾਰ ਤੇ ਬਣਾਉਟੀ ਚਮਕ ਦਮਕ ਨੇ ਪੰਜਾਬੀ ਸੱਭਿਆਚਾਰ ਦੀਆਂ ਰਸਮਾਂ ਵਿੱਚੋਂ ਕਈ ਰਸਮਾਂ ਨੂੰ ਲੋਪ ਕਰ ਦਿੱਤਾ ਹੈ। ਨਵੀਂ ਪੀੜ੍ਹੀ ਨੇ ਪੱਛਮੀ ਕਲਚਰ ਨੂੰ ਪੰਜਾਬੀ ਰਸਮਾਂ ਵਿਚ ਸ਼ਾਮਲ ਕਰ ਦਿੱਤਾ ਹੈ। ਇਸ ਲਈ ਜੋ ਖ਼ੁਸ਼ੀ ਇਸ ਰਸਮ ਨੂੰ ਪੁਰਾਤਨ ਸਮਿਆਂ ਵਿਚ ਨਿਭਾਉਣ ਵੇਲੇ ਆਉਂਦੀ ਸੀ। ਉਹ ਹੁਣ ਨਹੀਂ ਆਉਂਦੀ। ਅੱਜ ਤੋਂ ਕਰੀਬ ਪੱਚੀ-ਤੀਹ ਸਾਲ ਪਹਿਲਾਂ ਇਸ ਰਸਮ ਨੂੰ ਕਰਨ ਸਮੇਂ ਜੋ ਹਾਵ ਭਾਵ ਹੁੰਦੇ ਸਨ, ਉਹ ਅੱਜ ਕਿਧਰੇ ਨਜ਼ਰ ਨਹੀਂ ਆਉਂਦੇ। •

70878-00168

### ਅਜੋਕੇ ਵਿਆਹ

*ਅਜੋਕੇ ਸਮੇਂ ਵਿਚ ਇਹ ਰਸਮ ਹੁੰਦੀ ਜ਼ਰੂਰ ਹਨ ਪਰ ਰਸਮ ਸਮੇਂ ਰਿਸ਼ਤੇਦਾਰਾਂ, ਆਂਢੀਆਂ-ਗੁਆਂਢੀਆਂ 'ਚ ਕੋਈ ਖ਼ਾਸ ਚਾਅ ਉਤਸ਼ਾਹ ਨਹੀਂ ਵੇਖਿਆ ਜਾਂਦਾ। ਅੱਜ ਦੇ ਵਿਆਹਾਂ ਵਿਚ ਪੱਛਮੀ ਸੱਭਿਆਚਾਰ ਤੇ ਬਣਾਉਟੀ ਚਮਕ ਦਮਕ ਨੇ ਪੰਜਾਬੀ ਸੱਭਿਆਚਾਰ ਦੀਆਂ ਰਸਮਾਂ ਵਿੱਚੋਂ ਕਈ ਰਸਮਾਂ ਨੂੰ ਲੋਪ ਕਰ ਦਿੱਤਾ ਹੈ। ਨਵੀਂ ਪੀੜ੍ਹੀ ਨੇ ਪੱਛਮੀ ਕਲਚਰ ਨੂੰ ਪੰਜਾਬੀ ਰਸਮਾਂ ਵਿਚ ਸ਼ਾਮਲ ਕਰ ਦਿੱਤਾ ਹੈ।*

---

# ਪਿਆਰ ਦਾ ਸੁਨੇਹਾ ਦਿੰਦੀ ਹੈ ਹੋਲੀ

ਹਰਕ੍ਰਿਸ਼ਨ ਸ਼ਰਮਾ



ਧਰਤੀ 'ਤੇ ਮਨੁੱਖ ਜਨਮ ਲੈਂਦਾ ਹੈ ਤੇ ਵੱਡਾ ਹੁੰਦਾ ਹੁੰਦਾ ਰੰਗ ਬਿਰੰਗੀ ਦੁਨੀਆਂ ਦੇਖਦਾ ਹੈ। ਵੱਡੇ ਹੁੰਦਿਆਂ ਹੁੰਦਿਆਂ ਅਲੱਗ-ਅਲੱਗ ਤਰ੍ਹਾਂ ਦੀ ਜ਼ਿੰਦਗੀ 'ਚ ਆਏ ਉਤਰਾਅ ਚੜ੍ਹਾਅ ਉਸ ਦੀ ਸੋਚ ਨੂੰ ਬਦਲਦੇ ਹੋਏ ਜੀਵਣ ਦੇ ਰੰਗ ਬਦਲ ਦਿੰਦੇ ਹਨ। ਸੁੱਖ 'ਚ ਆਦਮੀ ਖ਼ੁਸ਼, ਦੁੱਖ 'ਚ ਦੁਖੀ ਹੁੰਦਾ ਹੈ। ਹੋਲੀ ਦੇ ਰੰਗ ਬਿਰੰਗੇ ਗੁਲਾਲਾਂ ਨਾਲ ਜਿਹੜੀ ਹੋਲੀ ਖੇਡੀ ਜਾਂਦੀ ਹੈ, ਉਸ 'ਚ ਵੀ ਅਲੱਗ-ਅਲੱਗ ਤਰ੍ਹਾਂ ਦੇ ਰੰਗ ਵੇਖਣ ਨੂੰ ਮਿਲਦੇ ਹਨ। ਏਕਤਾ, ਭਾਈਵਾਲਤਾ, ਸਾਂਝ, ਪਿਆਰ, ਕੁਰਬਾਨੀ ਅਨੇਕ ਸਰੋਕਾਰਾਂ ਦਾ ਪ੍ਰਗਟਾਵਾ ਇਹ ਤਿਉਹਾਰ ਕਰਦੇ ਹਨ। ਹੋਲੀ ਵੀ ਅਜਿਹਾ ਤਿਉਹਾਰ ਹੈ ਜਿਸ ਵਿਚ ਮਾਨਵੀ ਏਕਤਾ ਤੇ ਸਾਂਝਾਂ ਦੇ ਅਮੁੱਕ ਅਤੇ ਨਿਰੰਤਰ ਵਹਿਣ ਵਗਦੇ ਹੋਏ ਪ੍ਰਤੀਤ ਹੁੰਦੇ ਹਨ।

ਮਹਾਂਭਾਰਤ ਦੇ ਸਮਿਆਂ ਤੋਂ ਵੀ ਪਹਿਲਾਂ ਹੋਲੀ ਖੇਡੀ ਜਾਣ ਲੱਗ ਪਈ ਸੀ। ਦਰਅਸਲ ਹੋਲੀ ਦੇ ਤਿਉਹਾਰ ਨਾਲ ਕਈ ਮਿੱਥ ਕਥਾਵਾਂ ਤੇ ਇਤਿਹਾਸਕ ਘਟਨਾਵਾਂ ਜੁੜੀਆਂ ਹੋਈਆਂ ਹਨ। ਇਸ ਦਾ ਸਭ ਤੋਂ ਪੁਰਾਣਾ ਪਿਛੋਕੜ ਹੋਲਿਕਾ ਹੈ। ਕਹਿੰਦੇ ਹਨ ਕਿ ਹੋਲਿਕਾ ਪ੍ਰਹਿਲਾਦ ਦੀ ਭੂਆ ਸੀ ਤੇ ਉਸ ਨੂੰ ਵਰ ਸੀ ਕਿ ਉਹ ਅੱਗ ਵਿਚ ਨਹੀਂ ਸੜ ਸਕੇਗੀ। ਜਦੋਂ ਹੋਲਿਕਾ ਨੇ ਆਪਣੇ ਭਰਾ ਹਰਨਾਖਸ਼ ਦਾ ਪੱਖ ਲੈਂਦਿਆਂ ਪ੍ਰਹਿਲਾਦ ਨੂੰ ਸਾੜ ਕੇ ਸੁਆਹ ਕਰਨ ਦੀ ਹਾਮੀ ਭਰੀ ਤਾਂ ਉਹ ਨਿਯਮਤ ਸਮੇਂ 'ਤੇ ਪ੍ਰਹਿਲਾਦ ਨੂੰ ਝੋਲੀ ਵਿਚ ਲੈ ਕੇ ਬੈਠ ਗਈ ਅਤੇ ਉਨ੍ਹਾਂ ਨੂੰ ਅੱਗ ਲਗਾ ਦਿੱਤੀ ਗਈ। ਪ੍ਰਹਿਲਾਦ ਦਾ ਵਾਲ ਵੀ ਵਿੰਗਾ ਨਾ ਹੋਇਆ ਪਰ ਹੋਲਿਕਾ ਸੜ ਕੇ ਸੁਆਹ ਹੋ ਗਈ। ਇਸੇ ਤਰ੍ਹਾਂ ਹੋਲਿਕਾ ਦੇ ਸੜਨ ਦੀ ਖ਼ੁਸ਼ੀ ਵਿਚ ਹੋਲੀ ਦਾ ਤਿਉਹਾਰ ਮਨਾਇਆ ਜਾਣ ਲੱਗਿਆ। ਇਸ ਦੇ ਬਿਨ੍ਹਾਂ ਇਹ ਵੀ ਕਥਾ ਪ੍ਰਚਲਿਤ ਹੈ, ਭਗਵਾਨ ਸ਼ਿਵ ਦੇ ਕ੍ਰੋਧ ਵਿਚ ਆ ਕੇ ਕਾਮਦੇਵ ਨੂੰ ਜਲਾ ਕੇ ਰਾਕ ਕਰ ਦਿੱਤਾ ਸੀ। ਸ਼ਿਵ ਦੇ ਸ਼ਰਧਾਲੂ ਹੋਲੀ ਵਾਲੇ ਦਿਨ ਭੰਗ ਦੇ ਪਕੌੜੇ ਤੇ ਭੰਗ ਦੀ ਠੰਡਿਆਈ ਦਾ ਸੇਵਨ ਕਰਕੇ ਭਗਵਾਨ ਸ਼ਿਵ ਦੀ ਅਰਾਧਨਾ ਕਰਦੇ ਹਨ।

ਮੁਗ਼ਲ ਕਾਲ ਦੇ ਇਤਿਹਾਸ ਵਿਚ ਵੀ ਹੋਲੀ ਮਨਾਏ ਜਾਣ ਦੇ ਕਈ ਕਿੱਸੇ ਸਾਹਮਣੇ ਆਉਂਦੇ ਹਨ, ਜਿਨ੍ਹਾਂ ਵਿਚ ਬਾਦਸ਼ਾਹ ਅਕਬਰ ਵੱਲੋਂ ਆਪਣੀ ਰਾਣੀ ਯੋਧਾਬਾਈ ਨਾਲ ਅਤੇ ਜਹਾਂਗੀਰ ਦਾ ਨੂਰਜਹਾਂ ਦੇ ਨਾਲ ਹੋਲੀ ਖੇਡਣ ਦਾ ਵਰਨਣ ਮਿਲਦਾ ਹੈ। ਅਲਵਰ ਦੇ ਅਜਾਇਬ ਘਰ ਵਿਚ ਇਕ ਅਜਿਹਾ ਹੀ ਚਿੱਤਰ ਲਗਾਇਆ ਗਿਆ ਹੈ ਜਿਸ ਵਿਚ ਜਹਾਂਗੀਰ ਨੂੰ ਹੋਲੀ ਖੇਡਦੇ ਹੋਏ ਵਿਖਾਇਆ ਗਿਆ ਹੈ। ਸ਼ਾਹਜਹਾਂ ਦੇ ਸਮੇਂ ਤਕ ਹੋਲੀ ਖੇਡਣ ਦਾ ਮਗ਼ਲੀਆ ਅੰਦਾਜ਼ ਹੀ ਬਦਲ ਗਿਆ ਸੀ। ਇਤਿਹਾਸ ਵਿਚ ਵਰਣਨ ਹੈ ਕਿ ਸ਼ਾਹਜਹਾਂ ਦੇ ਜ਼ਮਾਨੇ ਵਿਚ ਹੋਲੀ ਨੂੰ ਈਦ-ਏ-ਗ਼ੁਲਾਬੀ ਜਾਂ ਆਬ-ਏ-ਪਾਸ਼ੀ (ਰੰਗਾ ਦੀ ਬੋਛਾਰ) ਕਿਹਾ ਜਾਂਦਾ ਸੀ। ਅੰਤਮ ਮੁਗ਼ਲ ਬਾਦਸ਼ਾਹ ਬਹਾਦਰ ਜ਼ਫ਼ਰ ਬਾਰੇ ਪ੍ਰਸਿੱਧ ਹੈ ਕਿ ਹੋਲੀ 'ਤੇ ਉਹ ਦੇ ਮੰਤਰੀ ਉਨ੍ਹਾਂ ਨੂੰ ਰੰਗ ਲਗਾਉਣ ਜਾਇਆ ਕਰਦੇ ਸਨ।

ਇਨ੍ਹਾਂ ਮਿੱਥ ਕਥਾਵਾਂ ਅਤੇ ਇਤਿਹਾਸਕ ਦੇ ਪ੍ਰਚਲਿਤ ਹੋਣ ਦੇ ਚੱਲਦਿਆਂ ਹੋਲੀ ਦਾ ਤਿਉਹਾਰ, ਜੋ ਰੰਗਾਂ ਦਾ ਤਿਉਹਾਰ ਹੈ, ਜਿਹੜਾ ਖ਼ੁਸ਼ੀ-ਖ਼ੁਸ਼ੀ ਮਨਾਇਆ ਜਾਂਦਾ ਹੈ। ਰੰਗਾਂ ਦਾ ਤਿਉਹਾਰ ਕਿਹਾ ਜਾਣ ਵਾਲਾ ਇਹ ਤਿਉਹਾਰ ਦੋ ਦਿਨ ਮਨਾਇਆ ਜਾਂਦਾ ਹੈ। ਪਹਿਲੇ ਦਿਨ 'ਹੋਲਿਕਾ ਜਲਾਈ' ਜਾਂਦੀ ਹੈ, ਜਿਸ ਨੂੰ 'ਹੋਲਿਕਾ ਦਹਿਨ' ਵੀ ਕਹਿੰਦੇ ਹਨ। ਦੂਜੇ ਦਿਨ ਲੋਕ ਇਕ ਦੂਜੇ 'ਤੇ ਰੰਗ, ਗੁਲਾਲ ਆਦਿ ਸੁੱਟਦੇ ਹਨ, ਢੋਲ ਵਜਾ ਕੇ ਹੋਲੀ ਦੇ ਗੀਤ ਗਾਏ ਜਾਂਦੇ ਹਨ ਤੇ ਘਰ-ਘਰ ਜਾ ਕੇ ਲੋਕਾਂ ਨੂੰ ਰੰਗ ਲਗਾਇਆ ਜਾਂਦਾ ਹੈ। ਇਹ ਤਿਉਹਾਰ ਲੋਕਾਂ ਨੂੰ ਇਕ ਦੂਜੇ ਨਾਲ ਜੋੜਦਾ ਹੈ। ਖ਼ੁਸ਼ੀ ਇਕ ਦੂਜੇ ਨਾਲ ਸਾਂਝੀ ਕਰਦਾ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਹੋਲੀ ਦੇ ਦਿਨ ਲੋਕ ਪੁਰਾਣੀ ਕੜਵਾਹਟ ਨੂੰ ਭੁੱਲ ਕੇ ਗਲ਼ੇ ਮਿਲਦੇ ਹਨ ਤੇ ਫਿਰ ਤੋਂ ਦੋਸਤ ਬਣ ਜਾਂਦੇ ਹਨ। ਪੀਲਾ, ਹਰਾ, ਲਾਲ, ਨੀਲਾ ਤੇ ਹੋਰ ਰੰਗਾਂ ਦੇ ਕਈ ਰੰਗਾਂ ਨਾਲ ਇਹ ਤਿਉਹਾਰ ਰੰਗ ਬਿਰੰਗਾ ਤੇ ਸੁੰਦਰ ਜਾਪਣ ਲੱਗ ਜਾਂਦਾ ਹੈ। ਇਸ ਦੀ ਖ਼ੁਸ਼ੀ ਹਰ ਕੋਈ ਮਾਣ ਲੈਂਦਾ ਹੈ।

ਜਿੱਥੇ ਖ਼ੁਸ਼ੀਆਂ ਖੇੜਿਆਂ ਦੇ ਇਸ ਤਿਉਹਾਰ 'ਚ ਖ਼ੁਸ਼ੀ ਦਾ ਸੁਮੇਲ ਦਿਖਦਾ ਹੈ ਤੇ ਜ਼ਿੰਦਗੀ ਨੂੰ ਇਹ ਖ਼ੁਸ਼ੀਆਂ ਨਾਲ ਭਰ ਦਿੰਦੀ ਹੈ, ਉੱਥੇ ਹੀ ਮਨੁੱਖ ਦੀ ਸਹੇੜੀ ਖ਼ੂਨ ਦੀ ਹੋਲੀ ਅਜਿਹੀ ਖ਼ੁਸ਼ੀਆਂ ਖੇੜਿਆਂ ਨਾਲ ਭਰੀ ਜ਼ਿੰਦਗੀ ਦੇ ਰੰਗ ਢੰਗ ਨੂੰ ਬਦਲ ਕੇ ਰੱਖ ਦਿੰਦੀ ਹੈ। ਕਈਆਂ ਦੇ ਘਰ ਬਰਬਾਦ ਕਰ ਦਿੰਦੀ ਹੈ, ਕਈਆਂ ਮਾਵਾਂ ਦੇ ਪੁੱਤ, ਧੀਆਂ ਦੇ ਬਾਬਲ, ਪਤਨੀਆਂ ਦੇ ਸੁਹਾਗ ਖੋਹ ਲੈਂਦੀ ਹੈ। •

95019-83111

### ਗੁਲਾਲ

*ਰੰਗਾਂ ਦੀ ਹੋਲੀ ਇਕਜੁਟ ਹੋ ਕੇ ਖੇਡੋ ਤੇ 'ਜ਼ਿੰਦਗੀ ਜ਼ਿੰਦਾਬਾਦ' ਦੀ ਗੱਲ ਕਰੋ। ਅਮਨ ਦਾ ਸੁਨੇਹਾ ਦਿਉ। ਜੰਗਾਂ ਨਾਲ ਸਿਰਫ਼ ਖ਼ੂਨ ਦੀ ਹੋਲੀ ਹੀ ਖੇਡੀ ਜਾ ਸਕਦੀ ਹੈ। ਜ਼ਿੰਦਗੀ ਦੇ ਰੰਗ ਸੁੱਖਾਂ ਤੋਂ ਦੁੱਖਾਂ 'ਚ ਬਦਲ ਜਾਂਦੇ ਹਨ ਪਰ ਅਜਿਹੇ ਰੰਗਾਂ ਦੀ ਅਵਾਮ ਨੂੰ ਜ਼ਰੂਰਤ ਨਹੀਂ। ਅਵਾਮ ਦੀ ਜ਼ਰੂਰਤ ਹੈ, ਇਕ ਦੂਜੇ ਨਾਲ ਪਿਆਰ ਮੁਹੱਬਤ ਕਰਨ ਵਾਲੇ ਲਾਲ ਗੁਲਾਲ ਦੀ। ਇਸ ਗੁਲਾਲ ਇਨਸਾਨੀਅਤ ਤਾਂ ਸਿੱਖਾਉਂਦਾ ਹੈ ਇਸ ਦੇ ਨਾਲ ਨਾਲ ਆਪਸੀ ਸਬੰਧਾਂ ਨੂੰ ਵੀ ਮਜ਼ਬੂਤ ਕਰਦਾ ਹੈ।*

---

# ਧੀਆਂ ਦੇ ਬਣੋ ਮਾਰਗ ਦਰਸ਼ਕ

**ਔਰਤ ਜਿੱਥੇ ਜਗਤ ਜਣਨੀ ਹੈ ਉੱਥੇ ਘਰ ਸਮਾਜ ਤੇ ਪਰਿਵਾਰ ਦੀ ਹੋਂਦ ਵੀ ਇਸ ਸਦਕਾ ਹੀ ਹੈ। ਇਸ ਤੋਂ ਬਿਨਾਂ ਘਰ, ਘਰ ਨਹੀਂ ਮਕਾਨ ਬਣ ਕੇ ਰਹਿ ਜਾਂਦਾ ਹੈ, ਸੁੰਨਾ-ਸੁੰਨਾ। ਉਹ ਮਾਂ, ਬੇਟੀ, ਪਤਨੀ ਅਤੇ ਦੋਸਤ ਦੇ ਰੂਪ ਵਿਚ ਸਾਡੇ ਸਾਹਮਣੇ ਆਉਂਦੀ ਹੈ।**

ਡਾ. ਜਗਦੀਸ਼ ਕੌਰ ਵਾਡੀਆ

ਸਦੀਆਂ ਗ਼ੁਲਾਮੀ ਦੇ ਜੂਲੇ ਹੇਠਾਂ ਰਹਿ ਕੇ ਸਮਾਜ ਸੁਧਾਰਕਾਂ ਦੇ ਯਤਨਾਂ ਸਦਕਾ ਜਦੋਂ ਔਰਤ ਨੂੰ ਥੋੜ੍ਹੀ ਜਿਹੀ ਚਮਕ ਦੀ ਕਿਰਨ ਨਜ਼ਰੀ ਪਈ ਤਾਂ ਉਹਦੇ ਅੰਦਰ ਦੀ ਔਰਤ ਨੇ ਕਰਵੱਟ ਬਦਲੀ ਉਸ ਨੂੰ ਆਪਣੇ ਹੱਕਾਂ ਦੀ ਸੋਝੀ ਆਉਣੀ ਸ਼ੁਰੂ ਹੋਈ। ਵਿੱਦਿਆ ਦੇ ਗਿਆਨ, ਪ੍ਰਚਾਰ ਤੇ ਪ੍ਰਸਾਰ ਨੇ ਉਸ ਦੀਆਂ ਦੱਬੀਆਂ ਇੱਛਾਵਾਂ ਤੇ ਭਾਵਨਾਵਾਂ ਨੂੰ ਜਾਗਰਿਤ ਕੀਤਾ। ਔਰਤ ਸੁਚੇਤ ਹੋਈ, ਆਪਣੀ ਹੋਂਦ ਪ੍ਰਤੀ, ਸਮਾਜ ਵਿਚ ਆਪਣੇ ਸਥਾਨ ਪ੍ਰਤੀ, ਮਰਦ ਦੇ ਬਰਾਬਰ ਮੋਢੇ ਨਾਲ ਮੋਢਾ ਜੋੜ ਕੇ ਮਿਹਨਤ ਕਰਨ ਤੇ ਸਮਾਜ ਵਿਚ ਆਪਣਾ ਸਥਾਨ ਸਥਾਪਤ ਕਰਨ ਪ੍ਰਤੀ। ਭਾਵੇਂ ਜਗੀਰਦਾਰੀ ਸੋਚ ਤੇ ਪਿਛਾਂਹ ਖਿੱਚੂ ਵਿਚਾਰਧਾਰਾ ਨੂੰ ਇਹ ਗੱਲ ਕਬੂਲ ਨਹੀਂ ਸੀ ਪਰ ਸਮੇਂ ਨੇ ਕਰਵਟ ਲੈਣੀ ਸੀ। ਔਰਤ ਦੀ ਹੋਣੀ ਨੂੰ ਬਦਲਣਾ ਸੀ। ਵਿੱਦਿਆ, ਗੁਰੂਆਂ-ਪੀਰਾਂ ਦੇ ਯਤਨਾਂ ਨੇ ਉਸ ਨੂੰ ਅਹਿਸਾਸ ਕਰਵਾ ਹੀ ਦਿੱਤਾ ਕਿ ਉਹ ਜਿੱਥੇ ਜਗਤ ਜਣਨੀ ਹੈ। ਉੱਥੇ ਘਰ ਸਮਾਜ ਤੇ ਪਰਿਵਾਰ ਦੀ ਹੋਂਦ ਵੀ ਉਸੇ ਸਦਕਾ ਹੈ। ਉਸ ਤੋਂ ਬਿਨਾਂ ਘਰ, ਘਰ ਨਹੀਂ ਮਕਾਨ ਬਣ ਕੇ ਰਹਿ ਜਾਂਦਾ ਹੈ, ਸੁੰਨਾ-ਸੁੰਨਾ।

### ਬਰਾਬਰ ਦੀ ਭਾਈਵਾਲ

ਪਰਿਵਾਰਕ ਵਾਧੇ ਲਈ ਮਰਦ ਦੇ ਬਰਾਬਰ ਦੀ ਭਾਈਵਾਲ ਹੈ, ਫਿਰ ਉਹ ਵਿਚਾਰੀ ਕਿਵੇਂ ਹੋਈ ਸਮੇਂ ਦੇ ਨਾਲ ਨਾਲ ਸਮਾਜ ਤੇ ਕਾਨੂੰਨ ਨੇ ਉਸ ਦੇ ਹਉਕੇ ਵਿਚ ਆਵਾਜ਼ ਉਠਾਈ। ਕਾਨੂੰਨ ਹੱਕ ਹਾਸਲ ਕਰਨ ਵਿਚ ਸਾਲਾ ਆਪਣੇ ਘਰ ਸਹਾਈ ਹੋਇਆ। ਇਕ ਪਾਸੇ ਵੋਟ ਪਾਉਣ ਦਾ ਅਧਿਕਾਰ ਮਿਲਿਆ ਤਾਂ ਦੂਜੇ ਪਾਸੇ ਸਮਾਜ ਵਿਚ ਉਚੇਰਾ ਸਥਾਨ ਤੇ ਮਾਣ ਸਨਮਾਨ ਵੀ ਮਿਲਣ ਲੱਗਾ। ਉਸ ਨੇ ਉੱਚੇ ਅਹੁਦਿਆਂ ਤੇ ਰੁਤਬਾ ਹਾਸਲ ਕਰਨ ਵਾਲਾ ਕਦਮ ਪੁੱਟੇ। ਭਾਵੇਂ ਇਹ ਮਿਸਾਲਾਂ ਗੋਹੜੇ ਵਿੱਚੋਂ ਪੂਣੀ ਛੋਹਣ ਦੇ ਬਰਾਬਰ ਸਨ ਪਰ ਨਵੇਕਲੇ ਯਤਨਾਂ ਨੇ ਉਸ ਦਾ ਰਾਹ ਰੁਸ਼ਨਾਉਣ ਵੱਲ ਦਾ ਦਰ ਖੋਲ੍ਹਿਆ। ਬਿਨਾਂ ਸ਼ੱਕ ਅੱਜ ਕਾਨੂੰਨ ਉਸ ਦੇ ਨਾਲ ਹੈ ਹੱਕ ਰਾਖਵੇਂ ਹੋ ਗਏ ਹਨ। ਧੀਆਂ ਨੂੰ ਗਰਭ ਵਿਚ ਮਾਰਨ ਵਿਰੁੱਧ ਬਗ਼ਾਵਤ ਦੀ ਲਹਿਰ ਅਜਿਹੀ ਉੱਠ ਖੜ੍ਹੀ ਹੋਈ ਹੈ।

### ਹੱਕਾਂ ਤੋਂ ਵਾਂਝਾ

ਬੇਟੀ ਪੜ੍ਹਾਓ ਬੇਟੀ ਬਚਾਓ ਦਾ ਨਾਰਾ ਬੁਲੰਦ ਹੋ ਰਿਹਾ ਹੈ ਪਰ ਅੱਜ ਵੀ ਔਰਤ ਦਾ ਇਕ ਵੱਡਾ ਵਰਗ ਹੱਕਾਂ ਤੋਂ ਵਾਂਝਾ ਹੈ। ਅਨਪੜ੍ਹਤਾ ਹੈ ਗ਼ਰੀਬੀ ਹੈ। ਉਹ ਮਰਦ ਦੀ ਵਧੀਕੀ ਦਾ ਸ਼ਿਕਾਰ ਹੋ ਰਹੀ ਹੈ। ਸਰਕਾਰਾਂ ਦੇ ਬੁੱਧੀਮਾਨ ਵਰਗ ਇਸ ਪ੍ਰਤੀ ਸੁਚੇਤ ਹੈ ਤੇ ਔਰਤ ਦੀ ਸੁਰੱਖਿਅਤਾ ਵੱਲ ਕਦਮ ਚੁੱਕੇ ਜਾ ਰਹੇ ਹਨ ਪਰ ਅੱਜ ਇੱਥੇ ਮੈਂ ਗੱਲ ਕਹਿ ਰਹੀ ਹਾਂ। ਉਸ ਵਰਗ ਦੀ ਔਰਤ ਵੀ ਜੋ ਮਰਦ ਦੇ ਬਰਾਬਰ ਖੜ੍ਹੀ ਹੱਕਾਂ ਨੂੰ ਮਾਣ ਰਹੀ ਹੈ ਹੱਕ ਤਾਂ ਸਾਰਿਆਂ ਨੂੰ ਚਾਹੀਦੇ ਹਨ ਪਰ ਕਦੇ ਔਰਤ ਨੇ ਇਸ ਵਰਗ ਨੇ ਕਦੀ ਇਹ ਸੋਚਿਆ ਕਿ ਉਸ ਦੇ ਕੁਝ ਫ਼ਰਜ਼ ਵੀ ਹਨ। ਪਰਿਵਾਰ ਪ੍ਰਤੀ, ਸਮਾਜ ਪ੍ਰਤੀ ਤੇ ਦੇਸ਼ ਪ੍ਰਤੀ। ਮੇਰੇ ਦੇਖਣ ਵਿਚ ਅਜਿਹੇ ਕਈ ਕੇਸ ਆਏ ਹਨ ਕਿ ਪੜ੍ਹੀਆਂ ਲਿਖੀਆਂ ਲੜਕੀਆਂ ਆਪਣੇ ਫ਼ਰਜ਼ਾਂ ਤੋਂ ਬੇਮੁੱਖ ਹੋ ਰਹੀਆਂ ਹਨ ਸਕੂਲ ਕਾਲਜ ਜਾ ਕੇ ਲੜਕੀ ਸਮਝਦੀ ਹੈ ਕਿ ਉਸ ਦੀ ਇਹੀ ਜ਼ਿੰਦਗੀ ਹੈ ਪਰ ਜਦੋਂ ਅਸਲ ਜ਼ਿੰਦਗੀ ਤਲਖ਼ ਹਕੀਕਤਾਂ ਵਾਲੀ ਜ਼ਿੰਦਗੀ ਉਸ ਦੇ ਸਾਹਮਣੇ ਹੁੰਦੀ ਹੈ ਤਾਂ ਉਸ ਨੂੰ ਪਰਿਵਾਰਕ ਜ਼ਿੰਮੇਵਾਰੀਆਂ ਦਾ ਅਹਿਸਾਸ ਨਹੀਂ। ਘਰ ਦੇ ਕੰਮਕਾਜ ਨੂੰ ਹੱਥ ਲਾ ਕੇ ਰਾਜ਼ੀ ਨਹੀਂ। ਕਾਲਜ ਤੋਂ ਘਰ ਤੇ ਫਿਰ ਮੋਬਾਈਲ ਨਾਲ ਮੌਜ਼ ਮਸਤੀ ਅਨਪੜ੍ਹ ਮਾਪੇ ਜਾਂ ਨੌਕਰੀ ਪੇਸ਼ਾ ਮਾਪੇ ਧੀਆਂ ਦੀਆਂ ਗੱਲਾਂ ਵਿਚ ਆ ਜਾਂਦੇ ਹਨ ਤੇ ਘਰ ਦੇ ਕੰਮ ਕਾਜ ਤੋਂ ਮੁਕਤ ਰੱਖਦੇ ਹਨ।

### ਸਹਿਣਸ਼ੀਲਤਾ ਦੀ ਕਮੀ

ਪਰਿਵਾਰਕ ਗੱਡੀ ਨੂੰ ਸਹੀ ਲੀਹਾਂ 'ਤੇ ਚਲਾਉਣਾ ਤੋਂ ਅਸਮਰੱਥ ਮਾਪਿਆ ਵਿਚ ਸਬਰ ਸੰਤੋਖ ਤੇ ਸਹਿਣਸ਼ੀਲਤਾ ਦੀ ਕਮੀ ਹੁੰਦੀ ਹੈ ਜੋ ਇਕ ਲੜਕੀ ਦਾ ਕਹਿਣਾ ਹੈ ਜੇ ਕਿਸਮਤ ਨਾਲ ਸਾਰਾ ਪਰਿਵਾਰ ਵੱਲੋਂ ਸਹਿਯੋਗ ਮਿਲ ਜਾਏ ਤਾਂ ਠੀਕ ਨਹੀਂ ਤਾਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅੱਜ ਕੱਲ੍ਹ ਕੋਰਟ ਕਚਹਿਰੀ ਵਿਚ ਅਨੇਕਾਂ ਜਿਹੇ ਕੇਸਾ ਆ ਰਹੇ ਹਨ ਜਿਨ੍ਹਾਂ ਵਿਚ ਵਿਆਹ ਉਪਰੋਤਕ ਲੜਕੀਆਂ ਸਹੁਰੇ ਪਰਿਵਾਰ ਤੋਂ ਵੱਖ ਰਹਿਣਾ ਪਸੰਦ ਕਰਦੀਆਂ ਹਨ ਤੇ ਜੇ ਲੜਕੇ ਇਸ ਲਈ ਰਾਜ਼ੀ ਨਾ ਹੋਣ ਤਾਂ ਨੌਬਤ ਤਲਾਕ ਤਕ ਆ ਜਾਂਦੀ ਹੈ। ਕਿਸੇ ਨੇ ਠੀਕ ਹੀ ਕਿਹਾ ਹੈ ਕਿ ਤਾਕਤ ਤੇ ਪੈਸਾ ਜ਼ਿੰਦਗੀ ਦੇ ਫਲ਼ ਹਨ ਪਰ ਪਰਿਵਾਰ ਤੇ ਦੋਸਤ ਮਿੱਤਰ ਜ਼ਿੰਦਗੀ ਦੀਆਂ ਜੜ੍ਹਾਂ ਹਨ। ਫਲ਼ ਤੋਂ ਬਿਨਾਂ ਜੀਵਨ ਸੰਭਵ ਹੈ ਪਰ ਜੜ੍ਹ ਤੋਂ ਬਿਨਾਂ ਨਹੀਂ। ਇਹ ਵੱਖ ਰਹਿਣ ਦੀ ਸੋਚ ਸਿਰਫ਼ ਜ਼ਿੰਮੇਵਾਰੀਆਂ ਤੋਂ ਭੱਜਣ ਤੇ ਆਜ਼ਾਦ ਰਹਿਣ ਸਦਕਾ ਹੀ ਹੋ ਰਹੀ ਹੈ।

### ਆਮਦਨ ਦਾ ਸਾਧਨ

ਕਈ ਕੇਸਾਂ ਵਿਚ ਸਹੁਰਿਆਂ ਵੱਲੋਂ ਬੱਚਿਆਂ ਨਾਲ ਐਡਜਸਟ ਨਾ ਕਰਨਾ ਵੀ ਇਕ ਕਾਰਨ ਹੋ ਸਕਦਾ ਹੈ ਜਿਸ ਕਾਰਨ ਪਰਿਵਾਰ ਖਿੰਡ ਜਾਂਦਾ ਹੈ। ਜਿਹੜੇ ਕਾਨੂੰਨ ਲੜਕੀਆਂ ਦੇ ਹੱਕਾਂ ਵਿਚ ਬਣੇ ਹਨ ਉਹ ਉਨ੍ਹਾਂ ਦੇ ਭਵਿੱਖ ਨੂੰ ਸ਼ਖ਼ਸੀਅਤ ਰੱਖਣ ਲਈ ਹਨ ਨਾ ਕਿ ਆਜ਼ਾਦ ਜੀਵਨ ਬਸਰ ਕਰਨ ਲਈ ਕੁਝ ਕੇਸਾਂ ਵਿਚ ਤਾਂ ਲੜਕੀਆਂ ਨੇ ਤਲਾਕ ਲੈਣ ਨੂੰ ਆਮਦਨ ਦਾ ਇਕ ਸਾਧਨ ਹੀ ਬਣਾ ਲਿਆ ਹੈ ਜੋ ਕਿਸੇ ਹੱਦ ਤਕ ਨਾਜ਼ਾਇਜ ਵੀ ਹੈ। ਵੋਮਨ ਸੈੱਲ ਵਿਚ ਸੇਵਾ ਨਿਭਾਉਂਦੇ ਹੋਏ ਕਈ ਤਲਖ਼ ਹਕੀਕਤਾਂ ਮੇਰੇ ਸਾਹਮਣੇ ਆਈਆਂ। ਲੜਕੀਆਂ ਦੀ ਹਮੇਸਾ ਇੱਛਾ ਹੁੰਦੀ ਹੈ ਕਿ ਤਲਾਕ ਬਾਹਰੋਂ ਬਾਹਰ ਸਮਝੌਤਾ ਹੋ ਜਾਏ ਤੇ ਮਨ ਮਰਜ਼ੀ ਦੀ ਰਕਮ ਮਿਲ ਜਾਏ ਜੋ ਲੜਕੇ ਦੀ ਵਿੱਤ ਤੋਂ ਬਾਹਰ ਹੁੰਦੀ ਹੈ। ਕਈ ਮਾਪੇ ਸਾਮਾਨ ਦੀ ਲੰਬੀ ਲਿਸਟ ਲੈ ਆਉਂਦੇ ਹਨ ਜੋ ਚੀਜ਼ਾਂ ਵਰਤੋਂ ਵਿਚ ਆ ਚੁੱਕੀਆਂ ਹੁੰਦੀਆਂ ਹਨ। ਅਜਿਹੀਆਂ ਸੌਦੇਬਾਜ਼ੀਆਂ ਸਮਾਜ ਦੇ ਪਰਿਵਾਰ ਦੀ ਇੱਕਜੁਟਤਾ ਤੇ ਸਹਿਜ ਹੋਂਦ ਲਈ ਨੁਕਸਾਨਦਾਇਕ ਸਾਬਤ ਹੁੰਦੀ ਹੈ।

ਮਾਪਿਆਂ ਨੂੰ ਵੀ ਸੋਝੀ ਹੋਣੀ ਚਾਹੀਦੀ ਹੈ ਕਿ ਜਿਹੜੀ ਧੀ ਇਕ ਪਰਿਵਾਰ ਵਿਚ ਐਡਜਸਟ ਨਹੀਂ ਕਰ ਸਕੀ ਉਹ ਹੋਰ ਕਿਤੇ ਕਰੇਗੀ। ਸਮਾਜ ਦੇ ਸਾਹਮਣੇ ਇਹ ਇਕ ਵੱਡੀ ਸਮੱਸਿਆ ਖੜ੍ਹੀ ਹੋ ਰਹੀ ਹੈ ਕਿ ਜਲਦਬਾਜ਼ੀ ਵਿਚ ਚੁੱਕੇ ਕਦਮ ਪਰਿਵਾਰਾਂ ਨੂੰ ਤੋੜ ਰਹੇ ਹਨ।

### ਸਹੁਰਿਆਂ ਵੱਲੋਂ ਦੁਖੀ

ਤਾੜੀ ਕਦੇ ਵੀ ਇਕ ਹੱਥ ਨਾਲ ਨਹੀਂ ਵੱਜਦੀ ਜੋ ਲੜਕੀ ਸਹੁਰਿਆਂ ਵੱਲੋਂ ਦੁਖੀ ਹੁੰਦੀ ਹੁੰਦੀਆਂ ਹਨ ਤਾਂ ਦੂਜੇ ਪਾਸੇ ਖ਼ਬਰਾਂ ਇਹ ਵੀ ਪੜ੍ਹਨ ਨੂੰ ਮਿਲੀਆਂ ਹਨ ਕਿ ਸਹੁਰਿਆਂ ਤੋਂ ਦੁਖੀ ਲੜਕੇ ਨੇ ਜ਼ਹਿਰ ਨਿਗਲ ਕੇ ਆਤਮਹੱਤਿਆ ਕਰ ਲਈ ਜਾਂ ਨੂੰਹ ਵੱਲੋਂ ਸਤਾਏ ਬਜ਼ੁਰਗ



### ਤਲਾਕ

ਅਕਸਰ ਇਹ ਵੀ ਦੇਖਣ ਵਿਚ ਆਇਆ ਹੈ ਕਿ ਪਹਿਲਾਂ ਤਾਂ ਮਾਪੇ ਵਿਦੇਸ਼ੀ ਮੁੰਡਿਆਂ ਨਾਲ ਧੀਆਂ ਵਿਆਹ ਦਿੰਦੇ ਹਨ ਕਿ ਉਨ੍ਹਾਂ ਦਾ ਸਾਰਾ ਪਰਿਵਾਰ ਬਾਹਰ ਸੈੱਟ ਹੋ ਜਾਵੇਗਾ ਪਰ ਜੇ ਇਹ ਤਮੰਨਾ ਪੂਰੀ ਨਾ ਹੋਵੇ ਤਾਂ ਮਾਪੇ ਤਲਾਕ ਦਿਵਾ ਕੇ ਚੰਗੀ ਚੋਖੀ ਰਕਮ ਦੀ ਮੰਗ ਕਰਦੇ ਹਨ ਤਾਂ ਕਿ ਧੀ ਦੇ ਭਵਿੱਖ ਤੋਂ ਇਲਾਵਾ ਉਨ੍ਹਾਂ ਦਾ ਭਵਿੱਖ ਵੀ ਸੁਰੱਖਿਅਤ ਹੋ ਜਾਵੇ। ਇਸ ਧੋਖੇਬਾਜ਼ੀ ਵਿਚ ਧੀ ਦਾ ਘਰ ਬਰਬਾਦ ਹੋ ਜਾਂਦਾ ਹੈ। ਮਾਪਿਆਂ ਦੀ ਅਜਿਹੀ ਸੋਚ ਨੂੰ ਨੱਥ ਪਾਉਣੀ ਜ਼ਰੂਰੀ ਹੈ। ਜਿੱਥੇ ਵੀ ਧੀ ਨਾਲ ਵਧੀਕੀ ਹੁੰਦੀ ਹੈ ਉੱਥੇ ਜ਼ਰੂਰ ਆਪਣੇ ਹੱਕ ਲਈ ਕਾਨੂੰਨ ਦੀ ਮਦਦ ਲੈਣੀ ਚਾਹੀਦਾ ਹੈ। ਦੂਸਰੇ ਪਾਸੇ ਸਹੁਰੇ ਵੀ ਇਹ ਚਾਹੁੰਦੇ ਹਨ ਕਿ ਨੂੰਹ ਉਨ੍ਹਾਂ ਕੋਲ ਰਹਿ ਕੇ ਸੇਵਾ ਕਰੇ। ਪੁੱਤਰ ਵਿਦੇਸ਼ ਤੋਂ ਪੈਸੇ ਭੇਜਦਾ ਰਹੇ। ਇਹ ਸੋਚ ਵੀ ਗ਼ਲਤ ਹੈ। ਅਜਿਹੀ ਸਥਿਤੀ ਵਿਚ ਲੜਕੀ ਕਾਨੂੰਨ ਆਪਣਾ ਹੱਕ ਲੈ ਸਕਦੀ ਹੈ ।

ਮਾਪਿਆਂ ਨੇ ਜਾਨ ਦੇ ਦਿੱਤੀ ਜਾਂ ਬਿਰਧ ਆਸ਼ਰਮ ਵਿਚ ਜਾਣ ਲਈ ਮਜਬੂਰ ਹੋਏ। ਕੁਆਰੇ ਮੁੰਡਿਆਂ ਦੇ ਮਾਪੇ ਕਦੇ ਬਿਰਧ ਆਸ਼ਰਮ ਜਾਂਦੇ ਨਹੀਂ ਦੇਖੇ ਗਏ ਫਿਰ ਵਿਆਹੇ ਮੁੰਡਿਆਂ ਦੇ ਹੀ ਕਿਉਂ ? ਜੇ ਕਿਸੇ ਹੱਦ ਤੱਕ ਬਜ਼ੁਰਗ ਵੀ ਕਸੂਰਵਾਰ ਹਨ ਇਸ ਤੋਂ ਬਾਅਦ ਜ਼ਿੰਮੇਵਾਰ ਹੈ ਉਹ ਧੀ ਜਿਸ ਨੂੰ ਮਾਪਿਆਂ ਵੱਲੋਂ ਅਜਿਹੇ ਸੰਸਕਾਰ ਹੀ ਨਹੀਂ ਦਿੱਤੇ ਗਏ ਕਿ ਪਤੀ ਦੇ ਮਾਪੇ ਵੀ ਉਸ ਦੇ ਆਪਣੇ ਮਾਪਿਆਂ ਜਿਹੇ ਹੁੰਦੇ ਹਨ ਉਨ੍ਹਾਂ ਦਾ ਸਤਿਕਾਰ ਕਰੋ ਪਿਆਰ ਦਿਉ। ਛੋਟੀਆਂ ਮੋਟੀਆਂ ਗੱਲਾਂ ਨੂੰ ਨਜ਼ਰ-ਅੰਦਾਜ਼ ਕਰੋ। ਰਿਸ਼ਤੇ ਨਾਤੇ ਆਸ-ਪਾਸ ਜਾਂ ਫ਼ੇਲ ਹੋਣ ਲਈ ਕੋਈ ਇਮਤਿਹਾਨ ਨਹੀਂ ਤੇ ਨਾ ਹੀ ਕੋਈ ਜਿੱਤਣ ਦਾ ਜਾਂ ਹਾਰਨ ਲਈ ਕੰਪੀਟੀਸ਼ਨ ਹੈ। ਸਗੋਂ ਇਹ ਅਹਿਸਾਸ ਹੈ ਜਿਸ ਵਿਚ ਤੁਸੀਂ ਕਿਸੇ ਦਾ ਆਪਣੇ ਤੋਂ ਵੀ ਵਧ ਧਿਆਨ ਰੱਖਦੇ ਹੋ। ਜੇ ਲੜਕੀ ਚਾਹੁੰਦੀ ਹੈ ਕਿ ਉਸ ਦੇ ਮਾਪਿਆਂ ਦਾ ਮਾਣ ਸਨਮਾਨ ਹੋਵੇ ਤਾਂ ਉਸ ਨੂੰ ਸਹੁਰਿਆਂ ਨਾਲ ਕਰਨਾ ਚਾਹੀਦਾ ਹੈ। ਅਸੀਂ ਬਜ਼ੁਰਗਾਂ ਦੀ ਸੋਚ ਨਹੀਂ ਬਦਲ ਸਕਦੇ ਹਾਂ, ਆਪਣੇ ਆਪ ਨੂੰ ਹਾਲਤ ਮੁਤਾਬਿਕ ਜ਼ਰੂਰ ਢਾਲ ਸਕਦੇ ਹਾਂ।

### ਸਲਾਹ

ਧੀਆਂ ਭੈਣਾਂ ਨੂੰ ਮੇਰੀ ਤਾਂ ਇਹੀ ਸਲਾਹ ਹੈ ਕਿ ਬੱਚਿਓ ਆਪਣੀ ਸੂਝ ਬੂਝ ਤੋਂ ਕੰਮ ਲਓ ਬਜ਼ੁਰਗਾਂ ਦੀ ਨੇਕ ਸਲਾਹ ਲਓ ਜੋ ਪਰਿਵਾਰ ਨੂੰ ਜੋੜ ਕੇ ਰੱਖਦੇ ਹਨ ਸਹਿਣਸ਼ੀਲਤਾ ਤੇ ਐਡਜਸਟ ਕਰਨ ਦੀ ਸਮਰੱਥਾ ਪੈਦਾ ਕਰੋ। ਮਾਪਿਆਂ ਤੇ ਸਹੁਰਿਆਂ ਦਾ ਮਾਣ-ਸਨਮਾਨ ਕਰੋ ਅਤੇ ਜਿੱਥੋਂ ਤਕ ਹੋ ਸਕੇ ਪਰਿਵਾਰ ਨੂੰ ਟੁੱਟਣ ਤੋਂ ਬਚਾਓ ਤਾਂ ਕਿ ਤੁਸੀਂ ਸੁਖੀ ਤੇ ਖ਼ੁਸ਼ਹਾਲ ਜੀਵਨ ਬਸਰ ਕਰ ਸਕੋ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇਕ ਮਿਸਾਲ ਬਣੋ। ਮਾਪਿਆਂ ਲਈ ਵੀ ਨੇਕ ਸਲਾਹ ਹੈ ਕਿ ਧੀਆਂ ਨੂੰ ਚੰਗੇ ਸੰਸਕਾਰ ਦੇ ਫ਼ਰਜ਼ਾਂ ਪ੍ਰਤੀ ਸੁਚੇਤ ਕਰੋ ਤੇ ਸਹੀ ਮਾਰਗ ਦਰਸ਼ਨ ਕਰੋ ਦੋਹਾਂ ਪਰਿਵਾਰਾਂ ਦੇ ਮਾਪੇ ਹੀ ਹਨ ਜੋ ਉਨ੍ਹਾਂ ਨੂੰ ਸਹੀ ਸਲਾਹ ਵਿਖਾ ਕੇ ਖ਼ੁਸ਼ਹਾਲ ਜੀਵਨ ਲਈ ਸਹਾਈ ਹੋ ਸਕਦੇ ਹਨ। •

98555 84298

# ਕੇਵਲ ਬ੍ਰਹਮਗਿਆਨ ਹੀ ਨਸ਼ੇ ਦੇ ਖਾਤਮੇ ਵਿੱਚ ਮਦਦਗਾਰ ਹੈ: ਸਾਧਵੀ ਕਾਲਿੰਦੀ ਭਾਰਤੀ



ਪਟਿਆਲਾ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵਲੋਂ ਵੀਰ ਹਕੀਕਤ ਰਾਏ ਮੈਦਾਨ ਵਿਖੇ ਸ਼੍ਰੀ ਮਦਭਾਗਵਤ ਕਥਾ ਗਿਆਨ ਯੱਗ ਦਾ ਆਯੋਜਨ ਕੀਤਾ ਜਾ ਰਿਹਾ ਹੈ। ਜਿਸ ਦੇ ਛੇਵੇਂ ਦਿਨ ਦੀ ਸ਼ੁਰੂਆਤ ਸ੍ਰੀ ਕਮਲ ਅਗਰਵਾਲ, ਸੌਰਭ ਜੈਨ, ਸਤਪਾਲ ਗੋਇਲ, ਵਿਕਾਸ ਗੋਇਲ, ਅਸ਼ਵਨੀ ਗੋਇਲ, ਹਰੀਸ਼ ਕਾਂਸਲ, ਰਾਜਕੁਮਾਰ ਰਾਣਾ, ਘਨਸ਼ਿਆਮ ਕਾਂਸਲ, ਡੀਆਈਜੀ ਮਨਦੀਪ ਸਿੰਘ ਸਿੱਧੂ, ਧੀਰਜ ਗੋਗੀਆ, ਕੁੰਦਨ ਗੋਗੀਆ ਨੇ ਜਯੋਤੀ ਜਲਾ ਕੇ ਕੀਤੀ। ਪ੍ਰਮਾਤਮਾ ਦੀਆਂ ਦਿਵਯ ਲੀਲਾਵਾਂ ਅਤੇ ਉਨ੍ਹਾਂ ਪਿੱਛੇ ਛੁਪੇ ਹੋਏ ਡੂੰਘੇ ਅਧਿਆਤਮਕ ਭੇਦਾਂ ਨੂੰ ਕਥਾ ਪ੍ਰਸੰਗ ਅਤੇ ਸੁਰੀਲੇ ਭਜਨ ਸੰਕੀਰਤਨ ਰਾਹੀਂ ਉਜਾਗਰ ਕੀਤਾ ਜਾ ਰਿਹਾ ਹੈ। ਸ਼੍ਰੀ ਆਸ਼ੂਤੋਸ਼ ਮਹਾਰਾਜ ਜੀ ਦੀ ਸ਼ਿਸ਼ ਸਾਧਵੀ ਕਾਲਿੰਦੀ ਭਾਰਤੀ ਜੀ ਨੇ ਕਿਹਾ ਕਿ ਆਰਥਿਕ ਮੰਦੀ, ਬੇਰੁਜ਼ਗਾਰੀ, ਲਗਾਤਾਰ ਤਣਾਅ ਅਤੇ ਦਬਾਅ ਅਤੇ ਲਗਾਤਾਰ ਵੱਧ ਰਹੇ ਮੁਕਾਬਲੇ ਨੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੇ ਭਿਆਨਕ ਸਾਮਰਾਜ ਵਿੱਚ ਭਟਕਾਇਆ ਹੋਇਆ ਹੈ। ਆਜ਼ਾਦ ਦੇਸ਼ ਦਾ ਵਸਨੀਕ ਹੋਣ ਦੇ ਬਾਵਜੂਦ ਉਹ ਨਸ਼ੇ ਦੀ ਲਪੇਟ ਵਿਚ ਆ ਕੇ ਜ਼ਿੰਦਗੀ ਬਸਰ ਕਰ ਰਿਹਾ ਹੈ। ਜਿਸ ਨੌਜਵਾਨ ਦੀ ਮਦਦ ਨਾਲ ਕੋਈ ਦੇਸ਼ ਆਪਣੇ ਸੁਨਹਿਰੇ ਭਵਿੱਖ ਦੀਆਂ ਕਿਰਨਾਂ ਦੇਖ ਸਕਦਾ ਹੈ, ਅੱਜ ਉਸ ਦੇ ਦੇਸ਼ ਦੇ ਭਵਿੱਖ 'ਤੇ ਸਵਾਲੀਆ ਨਿਸ਼ਾਨ ਬਣ ਗਿਆ ਹੈ। ਦੇਸ਼ ਵਿੱਚ ਸਮਾਜ ਵਿਰੋਧੀ ਅਨਸਰ ਪਹਿਲਾਂ ਹੀ ਲੁਕੇ ਹੋਏ ਹਨ ਕਿਉਂਕਿ ਭਾਰਤ ਵਿੱਚ ਪੂਰੀ ਦੁਨੀਆ ਵਿੱਚ ਸਭ ਤੋਂ ਵੱਧ ਨੌਜਵਾਨ ਹਨ। ਨਸ਼ੇ ਉਨ੍ਹਾਂ ਦੇ ਘਰਾਂ ਵਿੱਚ ਦਾਖਲ ਹੋ ਕੇ ਉਨ੍ਹਾਂ ਦੀ ਖੁਸ਼ਹਾਲ ਜ਼ਿੰਦਗੀ ਨੂੰ ਲੁੱਟ ਰਹੇ ਹਨ। ਸਿੱਟੇ ਵਜੋਂ ਪਰਿਵਾਰਕ ਅਤੇ ਨੈਤਿਕ ਕਦਰਾਂ-ਕੀਮਤਾਂ ਸਵਾਰਥ ਦੀ ਚਿਖਾ 'ਤੇ ਤਬਾਹ ਹੋ ਰਹੀਆਂ ਹਨ। ਨਸ਼ਿਆਂ ਦੇ ਕਾਰੋਬਾਰ ਨੂੰ ਸਰਪ੍ਰਸਤੀ ਦੇਣ ਵਾਲੇ ਇਹ ਨਹੀਂ ਸਮਝਦੇ ਕਿ ਉਹ ਥੋੜ੍ਹੇ ਜਿਹੇ ਪੈਸਿਆਂ ਦੀ ਖ਼ਾਤਰ ਆਪਣੇ ਦੇਸ਼ ਨੂੰ ਕਿਸ ਖੱਡ ਵਿੱਚ ਧੱਕ ਰਹੇ ਹਨ। ਅਫੀਮ, ਸਮੈਕ, ਹਸ਼ੀਸ਼, ਗਾਂਜਾ, ਕੋਕੀਨ ਆਦਿ ਵੇਚਣ ਵਾਲੇ ਵਪਾਰੀ ਭਾਰਤ ਦੇ ਹਰ ਸ਼ਹਿਰ ਵਿੱਚ ਸਰਗਰਮ ਹਨ। ਵੱਡੇ ਸ਼ਹਿਰਾਂ ਦੀਆਂ ਦਵਾਈਆਂ ਦੀਆਂ ਮੰਡੀਆਂ ਵਿੱਚ ਕਰੋੜਾਂ ਰੁਪਏ ਦੀਆਂ ਦਵਾਈਆਂ ਦਾ ਕਾਰੋਬਾਰ ਹੁੰਦਾ ਹੈ। ਕਈ ਛਾਪੇ ਮਾਰਨ ਦੇ ਬਾਵਜੂਦ ਇਸ ਧੰਦੇ ਨੂੰ ਠੱਲ੍ਹ ਨਹੀਂ ਪੈ ਰਹੀ ਅਤੇ ਨਸ਼ਿਆਂ ਦਾ ਇਹ ਰਾਖਸ਼ ਭਿਆਨਕ ਰੂਪ ਧਾਰਨ ਕਰਕੇ ਦੇਸ਼ ਦੀ ਜਵਾਨੀ ਨੂੰ ਖੋਖਲਾ ਕਰ ਰਿਹਾ ਹੈ। ਦੇਸ਼ ਦੇ ਕਰੀਬ 73 ਮਿਲੀਅਨ ਲੋਕ ਨਸ਼ੇ ਦੇ ਆਦੀ ਹੋ ਚੁੱਕੇ ਹਨ, ਜਿਨ੍ਹਾਂ ਵਿੱਚੋਂ 24 ਫੀਸਦੀ ਦੀ ਉਮਰ 18 ਸਾਲ ਤੋਂ ਘੱਟ ਹੈ। ਇਹ ਉਹ ਨੌਜਵਾਨ ਸ਼ਕਤੀ ਹੈ ਜਿਸ ਦੇ ਬਲਬੂਤੇ ਅਸੀਂ 2045 ਤੱਕ ਵਿਸ਼ਵ ਮਹਾਂਸ਼ਕਤੀ ਬਣਨ ਦਾ ਸੁਪਨਾ ਦੇਖ ਰਹੇ ਹਾਂ, ਜੋ ਅੱਜ ਨਸ਼ਿਆਂ ਦੇ ਕੰਡਿਆਲੇ ਰਾਹ 'ਤੇ ਭਟਕ ਰਹੀ ਹੈ। ਜਵਾਨੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਤੁਹਾਡੇ ਕੋਲ ਤਰੱਕੀ ਕਰਨ ਦੀ ਕਿੰਨੀ ਯੋਗਤਾ ਹੈ। ਹਾਰੇ ਹੋਏ ਦਿਲ ਨਾਲ ਕੋਈ ਜਵਾਨ ਨਹੀਂ ਹੁੰਦਾ।

ਜਵਾਨੀ ਉਹ ਹੈ ਜੋ ਆਪਣੀ ਤੇਜ਼ ਰਫ਼ਤਾਰ ਨਾਲ ਸਮੱਸਿਆਵਾਂ ਦੀਆਂ ਡਿੱਗੀਆਂ ਸਿਖਰਾਂ ਨੂੰ ਕੱਟਦੀ ਹੈ ਅਤੇ ਅਸਮਾਨਤਾਵਾਂ ਦੇ ਵੱਡੇ ਤਣੇ ਨੂੰ ਉਖਾੜ ਦਿੰਦੀ ਹੈ। ਜੇਕਰ ਕਿਸੇ ਦੇਸ਼ 'ਤੇ ਸੰਕਟ ਦੇ ਬੱਦਲ ਛਾਏ ਹੁੰਦੇ ਹਨ ਤਾਂ ਨੌਜਵਾਨ ਬਹਾਦਰੀ ਨੇ ਇਕ ਕਰੜੇ ਪ੍ਰਬੰਧਕ ਬਣ ਕੇ ਇਸ ਨੂੰ ਹੱਲ ਕੀਤਾ ਹੈ।

ਸਾਧਵੀ ਜੀ ਨੇ ਕਿਹਾ ਕਿ ਸਮਾਜ ਦੀ ਹਰ ਸਮੱਸਿਆ ਮਨ ਦੇ ਪੱਧਰ 'ਤੇ ਪੈਦਾ ਹੁੰਦੀ ਹੈ ਅਤੇ ਇਸ ਦਾ ਹੱਲ ਵੀ ਮਨ ਦੇ ਪੱਧਰ 'ਤੇ ਹੀ ਹੋਣਾ ਚਾਹੀਦਾ ਹੈ। ਜਦੋਂ ਤੱਕ ਮਨੁੱਖੀ ਮਨ ਨੂੰ ਕਾਬੂ ਕਰਨ ਲਈ ਕੋਈ ਵਿਧੀ ਪ੍ਰਦਾਨ ਨਹੀਂ ਕੀਤੀ ਜਾਂਦੀ, ਸਮਾਜ ਵਿੱਚ ਭਿਆਨਕ ਬੁਰਾਈਆਂ ਅਤੇ ਬਿਮਾਰੀਆਂ ਪੈਦਾ ਹੁੰਦੀਆਂ ਰਹਿੰਦੀਆਂ ਹਨ। ਇਸ ਮਨ ਨੂੰ ਕਾਬੂ ਕਰਨ ਲਈ ਅਧਿਆਤਮਿਕ ਗਿਆਨ ਦੀ ਪੂਰਨ ਲੋੜ ਹੈ। ਜਿਸ ਕਾਰਨ ਵਿਵੇਕ ਦੀ ਸ਼ਕਤੀ ਜਾਗਦੀ ਹੈ। ਤਦ ਹੀ ਮਨੁੱਖ ਆਪਣੇ ਮਨ ਵਿੱਚ ਪੈਦਾ ਹੋਣ ਵਾਲੀ ਵਿਕਾਰਾਂ ਅਤੇ ਇੱਛਾਵਾਂ ਨੂੰ ਕਾਬੂ ਕਰ ਸਕਦਾ ਹੈ।

ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਵੱਲੋਂ ਨਸ਼ੇ ਦੇ ਇਲਾਜ ਲਈ ਇਲਾਜ ਦੇ ਸਾਧਨ ਜਾਂ ਤਰੀਕੇ ਲਾਗੂ ਕੀਤੇ ਗਏ ਹਨ, ਪਰ ਇਹ ਕਿੰਨੇ ਕੁ ਕਾਰਗਰ ਸਾਬਤ ਹੋ ਰਹੇ ਹਨ, ਇਹ ਕਿਸੇ ਤੋਂ ਲੁਕਿਆ ਨਹੀਂ ਹੈ।

ਭਾਰਤ ਦਾ ਡਰੱਗ ਰਿਕਾਰਡ ਦੱਸਦਾ ਹੈ ਕਿ ਇਲਾਜ ਦੇ ਬਾਵਜੂਦ 80 ਫੀਸਦੀ ਨਸ਼ੇੜੀ ਮੁੜ ਤੋਂ ਨਸ਼ੇੜੀ ਬਣ ਜਾਂਦੇ ਹਨ। ਇਲਾਜ ਦੀ ਪ੍ਰਕਿਰਿਆ ਵਿੱਚੋਂ ਲੰਘਣ ਤੋਂ ਬਾਅਦ, ਉਨ੍ਹਾਂ ਦਾ ਸਰੀਰ ਨਸ਼ਾ ਮੁਕਤ ਹੋ ਜਾਂਦਾ ਹੈ ਪਰ ਨਸ਼ਾ ਮਨ ਤੋਂ ਦੂਰ ਨਹੀਂ ਹੁੰਦਾ।

ਇਨ੍ਹਾਂ ਤਰੀਕਿਆਂ ਬਾਰੇ ਜੋ ਵੀ ਜਾਣਕਾਰੀ ਉਪਲਬਧ ਹੈ, ਉਸ ਨੂੰ ਅਧੂਰਾ ਨਹੀਂ ਕਿਹਾ ਜਾ ਸਕਦਾ।ਉਨ੍ਹਾਂ ਬਾਰੇ ਯੋਜਨਾਬੱਧ ਅਤੇ ਸਹੀ ਖੋਜ ਅਜੇ ਬਾਕੀ ਹੈ। ਸਮਾਜ ਵਿੱਚ ਫੈਲ ਰਹੀ ਨਸ਼ਿਆਂ ਦੀ ਸਮੱਸਿਆ ਨੂੰ ਰੋਕਣ ਅਤੇ ਲੋਕ-ਮਨਾਂ ਨੂੰ ਸਹੀ ਰਸਤਾ ਦਿਖਾਉਣ ਲਈ ਸੰਸਥਾਨ ਦੇ ਸੰਸਥਾਪਕ ਅਤੇ ਸੰਚਾਲਕ ਸ਼੍ਰੀ ਆਸ਼ੂਤੋਸ਼ ਮਹਾਰਾਜ ਜੀ ਨੇ 'ਬੋਧ' ਨਾਮਕ ਨਸ਼ਾ ਮੁਕਤੀ ਪ੍ਰੋਗਰਾਮ ਦੀ ਸਥਾਪਨਾ ਕੀਤੀ, ਜਿਸ ਤਹਿਤ ਬ੍ਰਹਮਗਿਆਨ ਦੀ ਅਥਾਹ ਵਿਧੀ ਰਾਹੀਂ ਹਜ਼ਾਰਾਂ ਲੋਕ ਨਸ਼ਾ ਮੁਕਤ ਹੋ ਚੁੱਕੇ ਹਨ। ਕਥਾ ਦੀ ਸਮਾਪਤੀ ਪ੍ਰਭੂ ਦੀ ਪਵਿੱਤਰ ਆਰਤੀ ਨਾਲ ਹੋਈ ਜਿਸ ਵਿਚ ਵਿਸ਼ੇਸ਼ ਤੌਰ 'ਤੇ ਰਾਕੇਸ਼ ਬੱਗਾ, ਚੇਤਨ ਸਿੰਘ, ਵਿਧਾਇਕ ਵਿਕਾਸ ਸ਼ਰਮਾ, ਸਮੀਰ ਅਰੋੜਾ, ਹਰਸ਼ਦੀਪ ਸਿੰਘ ਵਿਰਕ ਮਾਣਕ ਰਾਜ ਸਿੰਗਲ, ਸ਼ੀਸ਼ਪਾਲ ਮਿੱਤਲ, ਪ੍ਰਮੋਦ ਕੁਮਾਰ, ਕਾਨ ਸਿੰਘ ਰਾਜਪੂਤ, ਸੰਜੇ ਬਾਂਸਲ ਆਦਿ ਨੇ ਸ਼ਮੂਲੀਅਤ ਕੀਤੀ ।

# ਹੈਲਥ ਅਵੇਅਰਨੈਸ ਸੋਸਾਇਟੀ ਦੇ ਪ੍ਰਤੀਨਿਧੀਆਂ ਦਾ ਮਯੰਕ ਫਾਊਂਡੇਸ਼ਨ ਫਿਰੋਜ਼ਪੁਰ ਵੱਲੋਂ ਭਰਵਾਂ ਸੁਆਗਤ



ਪਟਿਆਲਾ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਹੈਲਥ ਅਵੇਅਰਨੈਸ ਸੋਸਾਇਟੀ ਬਾਰਾਦਰੀ ਗਾਰਡਨ ਰਜਿ: ਪਟਿਆਲਾ ਵੱਲੋਂ ਯੋਗਾ ਪਰਿਵਾਰ ਗਰੁੱਪ ਬਾਰਾਦਰੀ ਗਾਰਡਨਜ ਅਤੇ ਆਲ 24 ਫੋਰੇਂਡਜ਼ ਗਰੁੱਪਸ ਸਬੰਧਤ ਬਾਰਾਦਰੀ ਗਾਰਡਨਜ਼ ਪਟਿਆਲਾ ਦੇ ਪ੍ਰਤੀਨਿਧੀਆਂ ਨੇ ਫਿਰੋਜ਼ਪੁਰ ਦਾ ਅਵਲੋਕਨ ਦੌਰਾ ਕੀਤਾ। ਜਸਵੰਤ ਸਿੰਘ ਕੌਲੀ ਦੀ ਅਗਵਾਈ ਵਿੱਚ ਦੌਰਾ ਕੀਤਾ ਗਿਆ। ਫਿਰੋਜ਼ਪੁਰ ਦੀ ਨਾਮੀ ਸੰਸਥਾ ਮਯੰਕ ਫਾਊਂਡੇਸ਼ਨ ਦੇ ਸੰਸਥਾਪਕ ਪ੍ਰਦੀਪ ਸ਼ਰਮਾ, ਡਾ. ਗਜ਼ਲਪ੍ਰੀਤ ਸਿੰਘ ਸ਼ਹੀਦ ਦੇਸ਼ ਭਗਤ ਯੂਨੀਵਰਸਿਟੀ ਅਤੇ ਹਰਿੰਦਰ ਭੁੱਲਰ ਦੀ ਅਗਵਾਈ ਵਿੱਚ ਫਾਊਂਡੇਸ਼ਨ ਦੇ ਸਾਰਿਆਂ ਪ੍ਰਤੀਨਿਧੀਆਂ ਦਾ ਹਾਰਦਿਕ ਸਵਾਗਤ ਕੀਤਾ ਗਿਆ। ਇਹ ਇੱਕ ਆਤਮਿਕ ਤੌਰ ਤੇ ਉਤਸ਼ਾਹ ਪੂਰਣ ਭਰਪੂਰ ਅਤੇ ਸੰਜੀਦਗੀ ਭਰਿਆ ਖ਼ੁਸ਼ਗਵਾਰ ਮਾਹੌਲ ਸਿਰਜਿਆ ਗਿਆ। ਇਸ ਦੌਰਾਨ ਮਯੰਕ ਫਾਊਂਡੇਸ਼ਨ ਦੇ ਸਕੱਤਰ ਰਾਜੀਵ ਸੇਤੀਆ ਨੇ ਸੰਸਥਾ ਦੀ ਗਤੀਵਿਧੀਆਂ ਦਾ ਜ਼ਿਕਰ ਕੀਤਾ ਜੋ ਕਿ ਕਾਬਿਲੇ ਤਾਰੀਫ ਸੀ। ਇਸ ਉਪਰੰਤ ਜਸਵੰਤ ਸਿੰਘ ਕੌਲੀ ਪ੍ਰਧਾਨ ਹੈਲਥ ਅਵੇਅਰਨੈਸ ਸੁਸਾਇਟੀ ਬਾਰਾਂਦਰੀ ਗਾਰਡਨ ਰਜਿ: ਪਟਿਆਲਾ ਸੰਸਥਾ ਵੱਲੋਂ ਕੀਤੇ ਜਾਂਦੇ ਕੰਮਾਂ ਦਾ ਵੇਰਵਾ ਦਿੱਤਾ। ਜਿਸ ਵਿੱਚ ਸਿਹਤ ਜਾਗਰੂਕਤਾ ਸੈਮੀਨਾਰ, ਖੂਨਦਾਨ ਕੈਂਪ, ਰੰਗੋਲਾ ਯੋਗਾ ਕਲਾਸ, ਸਭਿਆਚਾਰਕ ਪ੍ਰੋਗਰਾਮ, ਪ੍ਰਯਾਵਰਣ ਦੀ ਸਾਂਭ ਸੰਭਾਲ, ਵਿਸ਼ਵ ਸ਼ਾਂਤੀ ਮੇਰਾ ਭਾਰਤ ਮਹਾਨ ਦਾ ਪ੍ਰਚਾਰ, ਆਦਿ ਕੀਤਾ ਜਾਂਦਾ ਹੈ ਬਾਰੇ ਚਾਨਣਾ ਪਾਇਆ। ਇਸ ਦੌਰਾਨ (ਐਨ.ਜੀ.ਓ.) ਸੰਸਥਾ ਵੱਲੋਂ ਜੀਵਨ ਸ਼ੈਲੀ, ਚੰਗੀ ਸਿਹਤ, ਪ੍ਰਯਾਵਰਣ ਦੀ ਸਾਂਭ ਸੰਭਾਲ, ਪ੍ਰਦੂਸ਼ਨ ਰਹਿਤ ਵਾਤਾਵਰਨ ਹਿੱਤ ਪੌਦੇ ਲਗਾਉਣ ਅਤੇ ਸਮਾਜ ਭਲਾਈ ਆਦਿ ਬਾਰੇ ਵਿਚਾਰ ਵਟਾਂਦਰਾ ਸਾਂਝਾ ਕੀਤਾ ਗਿਆ।

ਪਟਿਆਲਾ ਤੋਂ ਗਏ ਪ੍ਰਤੀਨਿਧਾਂ ਵਿਚੋਂ ਪ੍ਰਧਾਨ ਜਸਵੰਤ ਸਿੰਘ ਕੌਲੀ, ਤਾਰਾ ਸਿੰਘ ਭਮਰਾ ਜਨਰਲ ਸਕੱਤਰ, ਰਣਜੀਤ ਕੌਰ ਮੀਤ ਪ੍ਰਧਾਨ, ਇੰਦਰਜੀਤ ਕੌਰ ਪੀ.ਆਰ.ਓ., ਪੂਰਨ ਸਵਾਮੀ ਕਾਰਜਕਾਰੀ ਮੈਂਬਰ, ਹਰਿੰਦਰਪਾਲ ਸਿੰਘ ਸਹਾਇਕ ਡਾਇਰੈਕਟਰ ਬਾਗਬਾਨੀ ਵਿਭਾਗ, ਹਰਜੀਤ ਕੌਰ ਯੋਗਾ ਗਰੁੱਪ, ਜਸਵਿੰਦਰ ਕੌਰ, ਮਿਸਿਜ਼ ਸਿਕੰਦਰਪਾਲ ਸਿੰਘ, ਸੋਬਿਨ, ਜਸਪਾਲ ਸਿੰਘ, ਅਜੀਤ ਸਿੰਘ ਬਾਵਾ, ਹਰੀ ਚੰਦ ਬਾਂਸਲ, ਆਦਿ ਨੂੰ ਫਿਰੋਜ਼ਪੁਰ ਦੇ ਪ੍ਰਮੁੱਖ ਉਦਯੋਗਪਤੀ ਸਮੀਰ ਮਿੱਤਲ ਜੀ ਨੇ ਦੋਹਨੇ ਸੰਗਠਨਾਂ ਨੂੰ ਸਮਾਜਿਕ ਯਤਨਾ ਤੇ ਸਾਂਝਾ ਕੰਮ ਕਰਨ ਹਿੱਤ ਵਧਾਈ ਦਿੱਤੀ ਅਤੇ ਉਤਸ਼ਾਹਿਤ ਕੀਤਾ। ਅੰਤ ਵਿੱਚ ਮਯੰਕ ਫਾਊਂਡੇਸ਼ਨ ਵਲੋਂ ਪ੍ਰਤੀਨਿਧੀਆਂ ਨੂੰ ਯਾਦਗਾਰੀ ਚਿੰਨ ਭੇਂਟ ਕੀਤੇ ਗਏ। ਜਿਸ ਕਰਕੇ ਇਹ ਦੌਰਾ ਬੇਮਿਸਾਲ ਸਦਾ ਲਈ ਯਾਦਗਾਰੀ ਬਣ ਗਿਆ। ਜਸਵੰਤ ਸਿੰਘ ਕੌਲੀ ਪ੍ਰਧਾਨ ਨੇ ਸਾਰਿਆਂ ਦਾ ਬਹੁਤ–ਬਹੁਤ ਦਿਲੋਂ ਧੰਨਵਾਦ ਕੀਤਾ।

# ਡਾ. ਹਰੀਸ਼ ਕੁਮਾਰ ਨੇ ਪੰਜਾਬੀ ਯੂਨੀਵਰਸਿਟੀ ਦੇ ਖੇਡ ਵਿਗਿਆਨ ਵਿਭਾਗ ਵਿੱਚ ਬਤੌਰ ਮੁੱਖੀ ਚਾਰਜ ਸੰਭਾਲਿਆ



ਪਟਿਆਲਾ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਡਾ. ਹਰੀਸ਼ ਕੁਮਾਰ ਨੇ ਅੱਜ ਇਥੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੇਡ ਵਿਗਿਆਨ ਵਿਭਾਗ ਵਿੱਚ ਬਤੌਰ ਮੁੱਖੀ ਆਪਣੇ ਅਹੁਦਾ ਦਾ ਚਾਰਜ ਸੰਭਾਲਿਆ। ਦਸਿਆ ਜਾਂਦਾ ਹੈ ਕਿ ਡਾ. ਹਰੀਸ਼ ਕੁਮਾਰ ਨੇ ਸਾਲ 2001 ਵਿੱਚ ਸਪੋਰਟਸ ਬਾਇਓਮੈਕਨਿਕਸ ਤੋਂ ਪੀ.ਐਚ.ਡੀ ਦੀ ਡਿਗਰੀ ਹਾਸਿਲ ਕੀਤੀ। ਉਨ੍ਹਾਂ ਨੇ 40 ਤੋਂ ਵੱਧ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਪੇਪਰ ਪ੍ਰਕਾਸ਼ਿਤ ਕੀਤੇ ਹਨ। ਡਾ. ਹਰੀਸ਼ ਨੇ ਤਿੰਨ ਕਿਤਾਬਾਂ ਵੀ ਛਾਪੀਆਂ ਹਨ ਜੋ ਖੇਡ ਵਿਗਿਆਨ ਦੇ ਵੱਖ-ਵੱਖ ਮੁੱਦਿਆਂ ਨਾਲ ਸੰਬੰਧਿਤ ਹਨ, ਇਹਨਾਂ ਦੇ ਅੰਡਰ 13 ਪੀ.ਐਚ.ਡੀ ਤੇ ਤਿੰਨ ਐਮ ਫਿਲ ਦੇ ਵਿਦਿਆਰਥੀ ਡਿਗਰੀ ਹਾਸਿਲ ਕਰ ਚੁੱਕੇ ਹਨ ਤੇ ਨਾਲ ਹੀ ਚਾਰ ਪੀ.ਐਚ.ਡੀ ਸਕਾਲਰ ਪੀ.ਐਚ.ਡੀ ਕਰ ਰਹੇ ਹਨ। ਇਹਨਾਂ ਦੇ ਮੁੱਖੀ ਵਿਭਾਗ ਅਹੁਦਾ ਸੰਭਾਲਣ ਸਮੇਂ ਵਿਭਾਗ ਦੇ ਹੋਰ ਪ੍ਰੋਫੈਸਰ ਸਾਹਿਬਾਨ, ਡੀਨ ਫੈਕਲਟੀ ਪ੍ਰੋਫੈਸਰ ਮੈਡੀਸਨ ਪ੍ਰੋਫੈਸਰ ਪਰਮਵੀਰ ਸਿੰਘ, ਡਾਕਟਰ ਅਸ਼ੋਕ ਕੁਮਾਰ, ਪ੍ਰੋਫੈਸਰ ਅਜੀਤਾ, ਡਾ. ਅਨੁਰਾਧਾ ਲਹਿਰੀ, ਡਾ. ਅਮਰਜੀਤ ਕੌਰ, ਨੌਨ ਟੀਚਿੰਗ ਸਟਾਫ ਸਮੇਤ ਪਰਿਵਾਰ ਦੇ ਮੈਂਬਰ ਅਤੇ ਹੋਰ ਰਿਸਰਚ ਸਕਾਲਰ ਅਤੇ ਹੋਰ ਵਿਦਿਆਰਥੀ ਮੌਜੂਦ ਸਨ।

# ਬਸੰਤ ਰਿਤੂ ਕਲੱਬ ਨੇ ਕਰਵਾਏ ਅੱਖਾਂ ਦੇ ਉਪਰੇਸ਼ਨ

ਪਟਿਆਲਾ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਬਸੰਤ ਰਿਤੂ ਯੂਥ ਕਲੱਬ ਤ੍ਰਿਪੜੀ ਪਟਿਆਲਾ ਨੇ ਸ੍ਰੀ ਗੁਰੂ ਤੇਗ ਬਹਾਦਰ ਅੱਖਾਂ ਦੇ ਹਸਪਤਾਲ ਵਿਖੇ ਮਾਸਿਕ ਅੱਖਾਂ ਦਾ ਮੁਫ਼ਤ ਉਪਰੇਸ਼ਨ ਕੈਂਪ ਲਗਾਇਆ ਗਿਆ। ਇਸ ਦੀ ਪ੍ਰਧਾਨਗੀ ਸੰਤੋਸ਼ ਕੁਮਾਰ ਲਾਲਵਾਨੀ ਨੇ ਕੀਤੀ। ਕਲੱਬ ਦੇ ਪ੍ਰਧਾਨ ਇੰਜੀ: ਆਕਰਸ਼ ਸ਼ਰਮਾ ਨੇ ਦੱਸਿਆ ਕਿ ਇਸ ਕੈਂਪ ਵਿੱਚ ਡਾ. ਆਸ਼ਾ ਪ੍ਰਿਤਪਾਲ ਕੌਰ ਆਈ ਸਰਜਨ ਵਲੋਂ ਮਰੀਜਾਂ ਦਾ ਚੈਕਅੱਪ ਕੀਤਾ ਗਿਆ ਅਤੇ ਲੋੜਵੰਦ ਮਰੀਜਾਂ ਦੇ ਅੱਖਾਂ ਦੇ ਲੈਂਜ ਵਾਲੇ ਉਪਰੇਸ਼ਨ ਮੁਫ਼ਤ ਕੀਤੇ ਗਏ। ਕਲੱਬ ਦੇ ਸੰਸਥਾਪਕ ਰਾਜੇਸ਼ ਸ਼ਰਮਾ ਰਾਮਟੱਟਵਾਲੀ ਨੇ ਆਖਿਆ ਕਿ ਬਸੰਤ ਰਿਤੂ ਕਲੱਬ ਤ੍ਰਿਪੜੀ ਪਟਿਆਲਾ ਵੱਲੋਂ ਪਿਛਲੇ ਚਾਰ ਸਾਲਾਂ ਤੋਂ ਹਰ ਮਹੀਨੇ ਅੱਖਾਂ ਦਾ ਮੁਫ਼ਤ ਚੈਕਅੱਪ ਅਤੇ ਉਪਰੇਸ਼ਨ ਕੈਂਪ ਆਯੋਜਿਤ ਕੀਤਾ ਜਾਂਦਾ ਹੈ। ਜਿਸ ਵਿੱਚ ਚੈਕਅੱਪ ਕਰਨ ਤੋਂ ਬਾਅਦ ਜ਼ਰੂਰਤਮੰਦ ਮਰੀਜਾਂ ਦੇ ਅੱਖਾਂ ਦੇ ਲੈਂਜ ਵਾਲੇ ਉਪਰੇਸ਼ਨ ਮੁਫ਼ਤ ਕਰਨ ਉਪਰੰਤ ਉਹਨਾਂ ਨੂੰ ਦਵਾਈਆਂ ਅਤੇ ਐਨਕਾਂ ਵੀ ਦਿੱਤੀਆਂ ਜਾਂਦੀਆਂ ਹਨ। ਇਸ ਕੈਂਪ ਵਿੱਚ ਪੰਜਾਬ ਤੋਂ ਬਾਹਰ ਦੇ ਸੂਬਿਆਂ ਦੇ ਲੋਕ ਵੀ ਆ ਕੇ ਇਸ ਕੈਂਪ ਦਾ ਲਾਭ ਉਠਾਉਂਦੇ ਹਨ।

# ਪੰਜਾਬ ਵਿੱਚ ਰਿਕਾਰਡ ਨਿਵੇਸ਼: 60,256 ਕਰੋੜ ਦੇ ਪ੍ਰਸਤਾਵ, ਲੁਧਿਆਣਾ ਵਿੱਚ ਐਗਜ਼ੀਬਿਸ਼ਨ ਸੈਂਟਰ ਦੀ ਘੋਸ਼ਣਾ

ਲੁਧਿਆਣਾ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਉਦਯੋਗ ਤੇ ਵਪਾਰ ਮੰਤਰੀ ਸੰਜੀਵ ਅਰੋੜਾ ਨੇ ਦੱਸਿਆ ਕਿ ਸਾਲ 2025-26 ਦੌਰਾਨ ਰਾਜ ਵਿੱਚ 60,256 ਕਰੋੜ ਰੁਪਏ ਦੇ ਨਿਵੇਸ਼ ਪ੍ਰਸਤਾਵ (CAFs) ਦਰਜ ਹੋਏ ਹਨ, ਜੋ ਪੰਜਾਬ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਹਨ। ਇਸ ਨਾਲ ਕਰੀਬ 1.35 ਲੱਖ ਨੌਕਰੀਆਂ ਪੈਦਾ ਹੋਣ ਦੀ ਉਮੀਦ ਹੈ।

ਉਨ੍ਹਾਂ ਲੁਧਿਆਣਾ ਵਿੱਚ ਉਦਯੋਗਪਤੀਆਂ ਨਾਲ ਮੀਟਿੰਗ ਦੌਰਾਨ ਐਲਾਨ ਕੀਤਾ ਕਿ ਜਲੰਧਰ ਬਾਈਪਾਸ ਨੇੜੇ 10 ਏਕੜ ਵਿੱਚ ਐਗਜ਼ੀਬਿਸ਼ਨ ਸੈਂਟਰ ਬਣਾਇਆ ਜਾਵੇਗਾ। ਇਸ ਦਾ ਟੈਂਡਰ ਸੋਮਵਾਰ ਨੂੰ ਖੋਲ੍ਹਿਆ ਜਾਵੇਗਾ ਅਤੇ ਇੱਕ ਸਾਲ ਵਿੱਚ ਕੰਮ ਮੁਕੰਮਲ ਕੀਤਾ ਜਾਵੇਗਾ।

ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਉਦਯੋਗਿਕ ਵਿਕਾਸ ਲਈ ਅਨੁਕੂਲ ਮਾਹੌਲ ਪ੍ਰਦਾਨ ਕਰਨ ਲਈ ਵਚਨਬੱਧ ਹੈ ਅਤੇ ਅਗਲੇ ਸਾਲ ਲਈ 75,000 ਕਰੋੜ ਰੁਪਏ ਦੇ ਨਿਵੇਸ਼ ਦਾ ਲਕਸ਼ ਰੱਖਿਆ ਗਿਆ ਹੈ।

ਉਨ੍ਹਾਂ ਨਵੀਂ ਇੰਡਸਟਰੀਅਲ ਪਾਰਕ ਪਾਲਿਸੀ ਜਲਦ ਲਿਆਉਣ, ਜ਼ੀਰੋ ਲਿਕਵਿਡ ਡਿਸਚਾਰਜ ਅਪਣਾਉਣ ਵਾਲੀਆਂ ਉਦਯੋਗ ਇਕਾਈਆਂ ਨੂੰ ਵੱਡੇ ਪ੍ਰੋਤਸਾਹਨ ਅਤੇ ਪੌਡੀ ਸਟਰਾਅ ਬਾਇਲਰ ਪਲਾਂਟਾਂ ਲਈ ਵੀ ਸਹਾਇਤਾ ਦੇਣ ਦੀ ਗੱਲ ਕਹੀ।

ਇਸ ਦੇ ਨਾਲ ਹੀ, ਉਦਯੋਗਿਕ ਖੇਤਰਾਂ ਦੀ ਸੰਭਾਲ ਲਈ ਨਵੀਂ ਓਪਰੇਸ਼ਨ ਤੇ ਮੈਨੇਜਮੈਂਟ ਪਾਲਿਸੀ ਅਤੇ SPV ਦੀ ਘੋਸ਼ਣਾ ਕੀਤੀ ਗਈ ਹੈ। ਸੁਰੱਖਿਆ ਵਧਾਉਣ ਲਈ 29 ਨਵੀਆਂ PCR ਗੱਡੀਆਂ ਸ਼ਾਮਲ ਕੀਤੀਆਂ ਗਈਆਂ ਹਨ ਅਤੇ ਫੋਕਲ ਪਾਇੰਟਾਂ ਵਿੱਚ ਪੈਟਰੋਲਿੰਗ ਤੇਜ਼ ਕੀਤੀ ਜਾਵੇਗੀ।

ਮੰਤਰੀ ਨੇ ਕਿਹਾ ਕਿ ਸੂਬੇ ਭਰ ਵਿੱਚ ਸੜਕਾਂ ਦੀ ਰੀ-ਕਾਰਪੇਟਿੰਗ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ ਜੋ ਮਈ ਤੱਕ ਪੂਰਾ ਹੋ ਜਾਵੇਗਾ।

# ਮੁੱਖ ਮੰਤਰੀ ਸਹਾਇਤਾ ਕੇਂਦਰ ਵਿਖੇ ਬਣੇ ਨਵੇਂ ਆਮ ਆਦਮੀ ਕਲੀਨਿਕ ਦਾ ਸ਼ਹਿਰ ਵਾਸੀਆਂ ਨੂੰ ਹੋਇਆ ਵੱਡਾ ਲਾਭ



ਧੂਰੀ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਸਹਾਇਤਾ ਕੇਂਦਰ ਧੂਰੀ ਤੇ ਕ੍ਰਾਂਤੀ ਚੌਕ ਨੇੜੇ ਨਵੇਂ ਬਣੇ ਆਮ ਆਦਮੀ ਕਲੀਨਿਕ ਦਾ ਧੂਰੀ ਸ਼ਹਿਰ ਦੇ ਵਸਨੀਕਾਂ ਨੂੰ ਵੱਡਾ ਲਾਭ ਹੋ ਰਿਹਾ ਹੈ, ਜਿਥੇ ਰੋਜ਼ਾਨਾ ਸ਼ਹਿਰ ਵਾਸੀ ਆਪਣੇ ਟੈਸਟ ਕਰਵਾਉਣ ਅਤੇ ਬਿਮਾਰੀ ਦੀ ਦਵਾਈ ਲੈਣ ਲਈ ਪੁੱਜ ਰਹੇ ਹਨ।

ਇਸ ਆਮ ਆਦਮੀ ਕਲੀਨਿਕ ਵਿੱਚ ਲੋਕਾਂ ਨੂੰ 107 ਤਰ੍ਹਾਂ ਦੀਆਂ ਮੁਫ਼ਤ ਦਵਾਈਆਂ ਅਤੇ 47 ਕਿਸਮ ਦੇ ਡਾਇਗਨੋਸਟਿਕ ਟੈਸਟ ਮੁਹੱਈਆ ਕਰਵਾਏ ਜਾ ਰਹੇ ਹਨ, ਜਿਸ ਨਾਲ ਸ਼ਹਿਰ ਵਾਸੀਆਂ ਨੂੰ ਸਿਹਤ ਸੇਵਾਵਾਂ ਲਈ ਵੱਡੀ ਸਹੂਲਤ ਪ੍ਰਾਪਤ ਹੋਈ ਹੈ ਅਤੇ ਉਨ੍ਹਾਂ ਦੇ ਸਮੇਂ ਅਤੇ ਪੈਸੇ ਦੀ ਵੀ ਬਚਤ ਹੋ ਰਹੀ ਹੈ।

ਜ਼ਿਕਰਯੋਗ ਹੈ ਕਿ ਇਸ ਕਲੀਨਿਕ ਦਾ ਉਦਘਾਟਨ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਵੱਲੋਂ 28 ਮਾਰਚ ਨੂੰ ਵਰਚੁਅਲ ਤਰੀਕੇ ਨਾਲ ਕੀਤਾ ਗਿਆ ਸੀ।

ਆਮ ਆਦਮੀ ਕਲੀਨਿਕ ਵਿੱਚ ਤਾਇਨਾਤ ਡਾ. ਰੀਮਸ਼ਾ ਫਾਰੂਕੀ ਨੇ ਦੱਸਿਆ ਕਿ ਕਲੀਨਿਕ ਵਿੱਚ ਰੋਜ਼ਾਨਾ ਵੱਡੀ ਗਿਣਤੀ ਵਿੱਚ ਮਰੀਜ਼ ਪਹੁੰਚ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਮਰੀਜ਼ਾਂ ਨੂੰ ਲੋੜ ਅਨੁਸਾਰ ਟੈਸਟ ਅਤੇ ਇਲਾਜ ਮੁਹੱਈਆ ਕਰਵਾਇਆ ਜਾ ਰਿਹਾ ਹੈ ਅਤੇ ਸਾਰੇ ਮਰੀਜ਼ਾਂ ਨੂੰ ਗੁਣਵੱਤਾ ਯੁਕਤ ਸਿਹਤ ਸੇਵਾਵਾਂ ਦੇਣ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ।

ਉਨ੍ਹਾਂ ਨੇ ਹੋਰ ਦੱਸਿਆ ਕਿ ਆਮ ਆਦਮੀ ਕਲੀਨਿਕ ਲੋਕਾਂ ਨੂੰ ਉਨ੍ਹਾਂ ਦੇ ਘਰ ਦੇ ਨੇੜੇ ਹੀ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰ ਰਹੇ ਹਨ, ਜਿਸ ਨਾਲ ਸਰਕਾਰੀ ਸਿਹਤ ਪ੍ਰਣਾਲੀ 'ਤੇ ਲੋਕਾਂ ਦਾ ਭਰੋਸਾ ਹੋਰ ਮਜ਼ਬੂਤ ਹੋ ਰਿਹਾ ਹੈ।

# ਲੜਕੀਆਂ ਨੂੰ ਆਫ਼ਤ ਪ੍ਰਬੰਧਨ, ਸਾਇਬਰ, ਫਸਟ ਏਡ ਦੀ ਟ੍ਰੇਨਿੰਗਾਂ ਬਹੁਤ ਜ਼ਿਆਦਾ ਜ਼ਰੂਰੀ : ਡਾਕਟਰ ਸਵਿੰਦਰ ਸਿੰਘ ਰੇਖੀ




ਪਟਿਆਲਾ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਵਿਸ਼ਵ ਸਿਹਤ, ਸੁਰੱਖਿਆ, ਸਨਮਾਨ, ਖੁਸ਼ਹਾਲੀ ਦਿਵਸ਼ ਮੌਕੇ ਸਰਕਾਰੀ ਲੜਕੀਆਂ ਦੇ ਕਾਲਜ ਪਟਿਆਲਾ ਵਿਖੇ ਪ੍ਰਿੰਸੀਪਲ ਡਾਕਟਰ ਸਵਿੰਦਰ ਸਿੰਘ ਰੇਖੀ ਦੀ ਅਗਵਾਈ ਹੇਠ ਵਿਦਿਆਰਥਣਾਂ ਨੂੰ ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ, ਫਸਟ ਏਡ, ਸੀ ਪੀ ਆਰ ਆਵਾਜਾਈ ਅਤੇ ਸਾਈਬਰ ਸੁਰੱਖਿਆ ਆਦਿ ਸਬੰਧੀ ਟ੍ਰੇਨਿੰਗਾਂ ਕਰਵਾਈਆਂ। ਪ੍ਰਿੰਸੀਪਲ ਨੇ ਦੱਸਿਆ ਕਿ ਅਜ ਦੇ ਹਾਲਾਤਾਂ ਅਤੇ ਭਵਿੱਖ ਵਿੱਚ ਆਉਣ ਵਾਲੀਆਂ ਕੁਦਰਤੀ ਅਤੇ ਮਨੁੱਖੀ ਆਫਤਾਵਾਂ, ਜੰਗਾਂ ਘਰੇਲੂ, ਆਵਾਜਾਈ ਦੁਰਘਟਨਾਵਾਂ ਆਦਿ ਸਮੇਂ ਆਪਣੇ ਬਚਾਅ ਅਤੇ ਪੀੜਤਾਂ ਦੀ ਸਹਾਇਤਾ ਕਰਨ ਦੀ ਟ੍ਰੇਨਿੰਗਾਂ ਅਭਿਆਸ ਰਾਹੀਂ ਲੱਖਾਂ ਜ਼ਿੰਦਗੀਆਂ ਬਚਾਈਆਂ ਜਾ ਸਕਦੀਆਂ ਹਨ। ਇਸ ਲਈ ਕਾਲਜ ਦੇ ਐਨ ਐਸ ਐਸ ਯੂਨਿਟ ਵਲੋਂ ਇਹ ਟ੍ਰੇਨਿੰਗ ਪ੍ਰੋਗਰਾਮ ਕਰਵਾਏ ਜਾ ਰਹੇ ਹਨ। ਜਿਸ ਹਿੱਤ ਆਫਤ ਪ੍ਰਬੰਧਨ, ਫਸਟ ਏਡ, ਫਾਇਰ ਸੇਫਟੀ ਟ੍ਰੇਨਰ ਸ਼੍ਰੀ ਕਾਕਾ ਰਾਮ ਵਰਮਾ ਅਤੇ ਪੰਜਾਬ ਪੁਲਿਸ ਆਵਾਜਾਈ ਸਿੱਖਿਆ ਸੈਲ ਦੇ ਏ ਐਸ ਆਈ ਰਾਮ ਸਰਨ ਵਲੋਂ ਪ੍ਰੈਕਟਿਕਲ ਕਰਵਾਕੇ ਐਮਰਜੈਂਸੀ ਦੌਰਾਨ ਕੀਮਤੀ ਜਾਨਾਂ ਬਚਾਉਣ ਦੀ ਟ੍ਰੇਨਿੰਗ, ਅਭਿਆਸ ਵਿਦਿਆਰਥੀਆਂ ਰਾਹੀਂ ਕਰਵਾਏ ਗਏ। ਵਿਸ਼ੇਸ਼ ਤੌਰ ਤੇ ਅਜਿਹੇ ਹਾਲਾਤਾਂ ਵਿੱਚ ਜਦੋਂ ਇਨਸਾਨ ਦੀ ਮੌਤ ਦੋ ਚਾਰ ਮਿੰਟਾਂ ਵਿੱਚ ਹੋ ਸਕਦੀ ਜਿਵੇਂ ਸਾਹ, ਦਿਲ, ਦਿਮਾਗ ਦੀਆਂ ਕਿਰਿਆਵਾਂ ਬੰਦ ਹੋਣਾ, ਬਹੁਤ ਜ਼ਿਆਦਾ ਖ਼ੂਨ ਨਿਕਲਣਾ, ਗੈਸਾਂ, ਧੂੰਏਂ, ਪਾਣੀ, ਮੱਲਵੇ ਵਿਚ ਫਸੇ, ਹੋਏ ਇਨਸਾਨ ਦੀ ਜ਼ਿੰਦਗੀ ਬਚਾਉਣੀਆਂ ਹਨ। ਕੈਂਪ ਇੰਚਾਰਜ ਪ੍ਰੋਫੈਸਰ ਨਰਿੰਦਰ ਪਾਲ ਕੌਰ, ਪ੍ਰੋ ਸਾਕਸ਼ੀ, ਸੋਨੀਆ ਅਤੇ ਪ੍ਰੋਫੈਸਰ ਪੁਨੀਤ ਕੌਰ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਵਾਪਰ ਰਹੀਆਂ ਦੁਰਘਟਨਾਵਾਂ, ਹਾਦਸਿਆਂ, ਦਿਲ ਦੇ ਦੌਰੇ, ਕਾਰਡੀਅਕ ਅਰੈਸਟ, ਬੇਹੋਸ਼ੀ, ਸਦਮੇਂ ਗੈਸਾਂ ਅੱਗਾਂ, ਬਿਜਲੀ, ਪੈਟਰੋਲੀਅਮ ਘਟਨਾਵਾਂ ਰੋਕਣ ਅਤੇ ਜ਼ਿੰਦਗੀਆਂ ਬਚਾਉਣ ਲਈ ਇਸ ਤਰ੍ਹਾਂ ਦੀਆਂ ਟ੍ਰੇਨਿੰਗਾਂ, ਅਭਿਆਸ ਬਹੁਤ ਲਾਭਦਾਇਕ ਸਿੱਧ ਹੁੰਦੇ ਹਨ। ਉਨ੍ਹਾਂ ਨੇ ਕਿਹਾ ਕਿ ਅਨੇਕਾਂ ਦੇਸ਼ਾਂ ਵਿਖੇ ਇਹ ਜ਼ਿੰਦਗੀ ਬਚਾਉ ਟ੍ਰੇਨਿੰਗਾਂ ਤੋਂ ਬਿਨਾਂ ਨੌਜਵਾਨਾਂ ਨੂੰ ਦਾਖ਼ਲੇ ਅਤੇ ਨੌਕਰੀਆ ਨਹੀਂ ਮਿਲਦੀ।

# ਬਾਗ਼ਬਾਨੀ ਖੇਤਰ ਨੂੰ ਮਿਲੇਗੀ ਨਵੀਂ ਰਫ਼ਤਾਰ, ਮੋਹਿੰਦਰ ਭਗਤ ਵੱਲੋਂ ਵੱਡੇ ਪੱਧਰ 'ਤੇ ਫ਼ਲਦਾਰ ਬੂਟੇ ਤਿਆਰ ਕਰਨ ਦੇ ਹੁਕਮ



ਚੰਡੀਗੜ੍ਹ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਬਾਗ਼ਬਾਨੀ ਮੰਤਰੀ ਮੋਹਿੰਦਰ ਭਗਤ ਨੇ ਅੱਜ ਬਾਗ਼ਬਾਨੀ ਵਿਭਾਗ ਦੇ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਬਾਗ਼ਬਾਨੀ ਖੇਤਰ ਨੂੰ ਨਵੀਂ ਰਫ਼ਤਾਰ ਦੇਣ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਦੇ ਉਦੇਸ਼ ਨਾਲ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਫ਼ਲਦਾਰ ਬੂਟੇ ਵੱਡੇ ਪੱਧਰ 'ਤੇ ਤਿਆਰ ਕੀਤੇ ਜਾਣ। ਉਨ੍ਹਾ ਕਿਹਾ ਕਿ ਫ਼ਲਾਂ ਲਈ ਮਾਰਕੀਟ ਮੰਗ ਅਤੇ ਕਿਸਾਨਾਂ ਦੀ ਸਹੂਲਤ ਅਨੁਸਾਰ ਫ਼ਲਦਾਰ ਬੂਟਿਆਂ ਦੀ ਪਨੀਰੀ ਤਿਆਰ ਕੀਤੀ ਜਾਵੇ।

ਇਸ ਮੀਟਿੰਗ ਦੌਰਾਨ ਬਾਗ਼ਬਾਨੀ ਵਿਭਾਗ ਦੇ ਸਕੱਤਰ ਸ੍ਰੀ ਅਰਸ਼ਦੀਪ ਸਿੰਘ ਥਿੰਦ ਅਤੇ ਡਾਇਰੈਕਟਰ ਸ੍ਰੀ ਮਨੀਸ਼ ਕੁਮਾਰ ਵੱਲੋਂ ਵਿਭਾਗ ਦੇ ਵੱਖ ਵੱਖ ਪ੍ਰਾਜੈਕਟਾਂ ਦੀ ਉੱਨਤੀ ਬਾਰੇ ਮੰਤਰੀ ਨੂੰ ਜਾਣੂ ਕਰਵਾਇਆ ਗਿਆ। ਇਸ ਮੌਕੇ ਵਿਭਾਗ ਵਿੱਚ ਨਵੀਂ ਭਰਤੀ ਅਤੇ ਅਧਿਕਾਰੀਆਂ ਦੀ ਪ੍ਰਮੋਸ਼ਨ ਸਬੰਧੀ ਵੀ ਵਿਸ਼ੇਸ਼ ਚਰਚਾ ਕੀਤੀ ਗਈ।

ਇਸ ਮੌਕੇ ਬਾਗ਼ਬਾਨੀ ਮੰਤਰੀ ਨੇ ਅਧਿਕਾਰੀਆਂ ਨੂੰ ਕਿਹਾ ਕਿ ਸੂਬੇ ਵਿਚ ਬਾਗ਼ਬਾਨੀ ਖੇਤਰ ਨੂੰ ਪ੍ਰਫੁੱਲਿਤ ਕਰਨ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਦੇ ਉਦੇਸ਼ ਨਾਲ ਜਾਪਾਨ ਇੰਟਰਨੈਸ਼ਨਲ ਕੋਆਪ੍ਰੇਸ਼ਨ ਏਜੰਸੀ, ਜੀਕਾ, ਦੇ ਸਹਿਯੋਗ ਨਾਲ ਲਗਭਗ 1300 ਕਰੋੜ ਰੁਪਏ ਦੇ ਮਨਜ਼ੂਰ ਪ੍ਰਾਜੈਕਟਾਂ ਦੀ ਪੈਰਵੀ ਕੀਤੀ ਜਾਵੇ। ਉਨ੍ਹਾ ਕਿਹਾ ਕਿ ਇਹਨਾਂ ਪ੍ਰਾਜੈਕਟਾਂ ਦਾ ਮਕਸਦ ਪੰਜਾਬ ਵਿੱਚ ਮੌਸਮੀ ਤਬਦੀਲੀਆਂ ਦੇ ਅਨੁਕੂਲ ਅਤੇ ਉੱਚ ਮੁੱਲ ਵਾਲੀ ਬਾਗ਼ਬਾਨੀ ਫਸਲਾਂ ਨੂੰ ਉਤਸ਼ਾਹਿਤ ਕਰਨਾ ਹੈ।

ਇਸ ਮੌਕੇ ਮੰਤਰੀ ਸ਼੍ਰੀ ਭਗਤ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬਾਗ਼ਬਾਨੀ ਵਿਭਾਗ ਅਧੀਨ ਪ੍ਰਗਤੀ ਅਧੀਨ ਸਾਰੇ ਪ੍ਰਾਜੈਕਟਾਂ ਨੂੰ ਮਿੱਥੇ ਸਮੇਂ ਵਿੱਚ ਪੂਰਾ ਕੀਤਾ ਜਾਵੇ। ਉਨ੍ਹਾ ਕਿਹਾ ਕਿ ਅਧਿਕਾਰੀ ਸਥਾਨਕ ਪੰਚਾਇਤਾਂ ਅਤੇ ਕਿਸਾਨਾਂ ਨਾਲ ਨਿੱਜੀ ਤੌਰ ਤੇ ਰਾਬਤਾ ਕਾਇਮ ਕਰਨ ਅਤੇ ਕਿਸਾਨਾਂ ਨੂੰ ਸਰਕਾਰੀ ਹਦਾਇਤਾਂ ਅਨੁਸਾਰ ਹਰ ਸੰਭਵ ਸਹਾਇਤਾ ਕਰਨ।

# ਵਧੀਕ ਜਿਲ੍ਹਾ ਚੋਣ ਅਫਸਰ ਵੱਲੋਂ ਜਿਲ੍ਹੇ ਦੀਆਂ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਨਾਲ ਬੂਥ ਲੈਵਲ ਏਜੰਟ ਨਿਯੁਕਤ ਕਰਨ ਸਬੰਧੀ ਕੀਤੀ ਮੀਟਿੰਗ

ਅੰਮ੍ਰਿਤਸਰ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਦੇ ਨਿਰਦੇਸ਼ਾ ਅਨੁਸਾਰ ਵਧੀਕ ਜਿਲ੍ਹਾ ਚੋਣ ਅਫਸਰ ਸ੍ਰੀ ਰੋਹਿਤ ਗੁਪਤਾ ਨੇ ਜਿਲ੍ਹੇ ਦੀਆਂ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਨਾਲ ਬੂਥ ਲੈਵਲ ਏਜੰਟ ਨਿਯੁੱਕਤ ਕਰਨ ਸਬੰਧੀ ਮੀਟਿੰਗ ਕੀਤੀ। ਜਿਸ ਵਿੱਚ ਉਹਨ੍ਹਾਂ ਵੱਲੋਂ ਹਾਜ਼ਰ ਆਏ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੀਆਂ ਨੂੰ ਜਿਲ੍ਹੇ ਦੇ 11 ਵਿਧਾਨ ਸਭਾ ਚੋਣ ਹਲਕਿਆਂ ਦੇ ਹਰੇਕ ਪੋਲਿੰਗ ਸਟੇਸ਼ਨ ਲਈ ਬੂਥ ਲੈਵਲ ਏਜੰਟ ਨਿਯੁੱਕਤ ਕਰਨ ਲਈ ਕਿਹਾ। ਵਧੀਕ ਜਿਲ੍ਹਾ ਚੋਣ ਅਫਸਰ ਵੱਲੋ ਸੂਚਿਤ ਕੀਤਾ ਗਿਆ ਕਿ ਭਾਰਤ ਚੋਣ ਕਮਿਸ਼ਨ ਨਵੀਂ ਦਿੱਲੀ ਵੱਲੋਂ ਪੰਜਾਬ ਰਾਜ ਵਿੱਚ ਸਪੈਸ਼ਲ ਇੰਨਟੈਂਸਿਵ ਰਵੀਜਨ (ਐਸ.ਆਈ.ਆਰ) ਦਾ ਐਲਾਨ ਬਹੁੱਤ ਜਲਦ ਕੀਤਾ ਜਾ ਸਕਦਾ ਹੈ। ਜਿਸ ਦੇ ਮੱਧੇ ਨਜ਼ਰ ਹਰੇਕ ਪੋਲਿੰਗ ਬੂਥ ਤੇ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾ ਦੀ ਪਾਲਨਾ ਕਰਦੇ ਹੋਏ ਬੂਥ ਲੈਵਲ ਏਜੰਟ ਨਿੱਯੁਕਤ ਕੀਤੇ ਜਾਣ। ਇਹ ਬੂਥ ਲੈਵਲ ਏਜੰਟ ਬੀ.ਐਲ.ਓਜ਼ ਨਾਲ ਮਿਲ ਕੇ ਵੋਟਰ ਸੂਚੀ ਨੂੰ ਬਿਹਤਰ ਬਣਾਉਣ ਲਈ ਕੰਮ ਕਰਨਗੇ ਅਤੇ ਨਵੀਆਂ ਵੋਟਾਂ ਬਣਾਉਣ,ਕਟੌਤੀ, ਸੋਧ ਲਈ ਫਾਰਮ ਜਮ੍ਹਾ ਕਰਵਾਉਣ ਵਿਚ ਬਿਨੈਕਾਰਾ ਦੀ ਅਗਵਾਈ/ਮਦਦ ਕਰਨਗੇ।

ਇਸ ਮੀਟਿੰਗ ਵਿੱਚ ਹਾਜ਼ਰ ਬੂਥ ਲੈਵਲ ਏਜੰਟਾ ਦੀ ਨਿਯੁਕਤੀ ਸਬੰਧੀ ਭਾਰਤ ਚੋਣ ਕਮਿਸ਼ਨ ਵੱਲੋਂ ਪ੍ਰਾਪਤ ਹੋਈਆਂ ਹਦਾਇਤਾ ਅਤੇ ਫਾਰਮ ਬੀ.ਐਲ.ਏ 1 ਅਤੇ ਬੀ.ਐਲ.ਏ 2 ਸਪਲਾਈ ਕੀਤੇ ਗਏ। ਇਸ ਮੀਟਿੰਗ ਵਿੱਚ ਇੰਡੀਅਨ ਨੈਸ਼ਨਲ ਕਾਂਗਰਸ(ਦਿਹਾਤੀ) ਤੋਂ ਸ੍ਰੀ ਹਰਗੁਰਿੰਦਰ ਸਿੰਘ ਗਿੱਲ, ਭਾਰਤੀ ਜਨਤਾ ਪਾਰਟੀ (ਸ਼ਹਿਰੀ) ਤੋਂ ਸ਼੍ਰੀ ਸਤਪਾਲ ਡੋਗਰਾ, ਭਾਰਤੀ ਜਨਤਾ ਪਾਰਟੀ (ਦਿਹਾਤੀ) ਤੋਂ ਸ੍ਰੀ ਵਿਕਰਮ ਡੰਡੋਨਾ, ਆਮ ਆਦਮੀ ਪਾਰਟੀ (ਸ਼ਹਿਰੀ) ਤੋਂ ਸ਼੍ਰੀ ਸਰਬਜੀਤ ਸਿੰਘ ਬਿੱਟੂ, ਆਮ ਆਦਮੀ ਪਾਰਟੀ (ਦਿਹਾਤੀ) ਤੋਂ ਸ੍ਰੀ ਤ੍ਰਿਲੋਕੀ ਨਾਥ ਤੋ ਇਲਾਵਾ ਸ਼੍ਰੀ ਇੰਦਰਜੀਤ ਸਿੰਘ, ਚੋਣ ਤਹਿਸੀਲਦਾਰ ਹਾਜ਼ਰ ਸਨ।

# ਦਿੱਲੀ ਸਟੇਟ ਐਥਲੈਟਿਕਸ ਚੈਂਪਿਅਨਸ਼ਿਪ ਵਿੱਚ SIS ਖਿਡਾਰੀਆਂ ਦੀ ਸ਼ਾਨਦਾਰ ਪ੍ਰਦਰਸ਼ਨ

ਨਵੀਂ ਦਿੱਲੀ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਵਾਹਿਗੁਰੂ ਜੀ ਦੀ ਕਿਰਪਾ ਨਾਲ ਸਟੀਫਨ ਇੰਟਰਨੈਸ਼ਨਲ ਸਕੂਲ (SIS) ਦੇ ਖਿਡਾਰੀਆਂ ਨੇ ਇੱਕ ਵਾਰ ਫਿਰ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਦਿੱਲੀ ਸਟੇਟ ਐਥਲੈਟਿਕਸ ਚੈਂਪਿਅਨਸ਼ਿਪ ਵਿੱਚ ਵਿਦਿਆਰਥੀਆਂ ਨੇ ਕਾਬਿਲ-ਏ-ਤਾਰੀਫ਼ ਉਪਲਬਧੀਆਂ ਹਾਸਲ ਕੀਤੀਆਂ। ਜਗਮੇਲ ਸਿੰਘ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਟਰਿਪਲ ਜੰਪ ਵਿੱਚ ਸੋਨੇ ਦਾ ਤਮਗਾ ਜਿੱਤਿਆ ਅਤੇ ਫੈਡਰੇਸ਼ਨ ਕਪ ਲਈ ਕਵਾਲੀਫਾਈ ਕੀਤਾ। ਇਸਦੇ ਨਾਲ ਹੀ ਜਸਪ੍ਰੀਤ ਨੇ ਵੀ ਵਧੀਆ ਪ੍ਰਦਰਸ਼ਨ ਕਰਦੇ ਹੋਏ ਕਾਂਸੀ ਦਾ ਤਮਗਾ ਆਪਣੇ ਨਾਮ ਕੀਤਾ।

ਹੋਰ ਖਿਡਾਰੀਆਂ ਨੇ ਵੀ ਵਧੀਆ ਪ੍ਰਦਰਸ਼ਨ ਕੀਤਾ, ਜਿਸ ਵਿੱਚ ਜਸਕਰਨ ਸਿੰਘ ਨੇ 1000 ਮੀਟਰ ਦੌੜ ਵਿੱਚ 9ਵਾਂ ਸਥਾਨ ਹਾਸਲ ਕੀਤਾ ਅਤੇ ਅਵਿਜੋਤ ਸਿੰਘ ਨੇ ਅੰਡਰ-18 ਲੜਕਿਆਂ ਦੀ ਲਾਂਗ ਜੰਪ ਵਿੱਚ 6ਵਾਂ ਸਥਾਨ ਪ੍ਰਾਪਤ ਕੀਤਾ।

ਡਾਇਰੈਕਟਰ-ਪ੍ਰਿੰਸੀਪਲ ਮੋਨਿਕਾ ਸ਼ਰਮਾ ਨੇ ਸਾਰੇ ਜੇਤੂਆਂ ਅਤੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਮਿਹਨਤ, ਅਨੁਸ਼ਾਸਨ ਅਤੇ ਸਮਰਪਣ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਸ਼ਾਨਦਾਰ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ।

ਪੂਰਾ SIS ਪਰਿਵਾਰ ਇਸ ਉਪਲਬਧੀ 'ਤੇ ਮਾਣ ਮਹਿਸੂਸ ਕਰਦਾ ਹੈ ਅਤੇ ਸਾਰੇ ਖਿਡਾਰੀਆਂ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦਾ ਹੈ।

# ਕਿਸੇ ਵੀ ਵਿਗਿਆਨੀ ਵੱਲੋਂ ਖ਼ੂਨ ਦਾ ਬਦਲ ਨਹੀਂ ਲੱਭਿਆ ਜਾ ਸਕਿਆ ਇਹ ਸਿਰਫ਼ ਇਨਸਾਨੀ ਸਰੀਰ ਵਿੱਚ ਹੀ ਪੈਦਾ ਹੁੰਦਾ ਹੈ: ਡਾਕਟਰ ਮਾਨ



ਪਟਿਆਲਾ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਯੁਵਕ ਸੇਵਾਵਾਂ ਵਿਭਾਗ ਪਟਿਆਲਾ ਵੱਲੋਂ ਬਲੱਡ ਬੈਂਕਾਂ ਵਿੱਚ ਖ਼ੂਨ ਦੀ ਕਮੀ ਨੂੰ ਵੇਖਦਿਆਂ ਐਸਟਿਟ ਡਾਇਰੈਕਟਰ ਡਾਕਟਰ ਮਲਕੀਤ ਸਿੰਘ ਮਾਨ ਦੀ ਅਗਵਾਈ ਹੇਠ ਲੜੀਵਾਰ ਖ਼ੂਨਦਾਨ ਕੈਂਪ ਲਗਾਏ ਜਾ ਰਹੇ ਹਨ। ਇਸ ਤਹਿਤ ਰੈਡ ਰਿਬਨ ਕਲੱਬ ਵਲੰਟੀਅਰ,ਐਨ ਐਸ ਐਸ ਵਲੰਟੀਅਰ ਅਤੇ ਐਨ ਸੀ ਸੀ ਕੈਡਿਟਸ ਦੇ ਸਹਿਯੋਗ ਨਾਲ ਖ਼ੂਨਦਾਨ ਕੈਂਪ ਆਯੋਜਿਤ ਕੀਤਾ ਗਿਆ ।ਜਿਸ ਵਿੱਚ ਮੁੱਖ ਮਹਿਮਾਨ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ ਪਟਿਆਲਾ ਪੁਲਿਸ, ਮੈਂਬਰ ਵੂਮੈਨ ਕੋਸਲਿੰਗ ਸੈਲ ਪਟਿਆਲਾ ਪੁਲਿਸ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ।ਵਿਸ਼ੇਸ਼ ਤੌਰ ਤੇ ਜੁਗਰਾਜ ਸਿੰਘ ਚਹਿਲ, ਤੇਜਿੰਦਰ ਮਡੋੜ, ਅਮਰਜੀਤ ਸਿੰਘ ਲੰਗ, ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੋਰਮਿੰਟ ਬਿਕਰਮ ਕਾਲਜ ਆਫ ਕਾਮਰਸ, ਕੁਲਦੀਪ ਸਿੰਘ ਨੇ ਭਰਪੂਰ ਸਹਿਯੋਗ ਦਿੱਤਾ।ਇਸ ਮੌਕੇ ਸੰਬੋਧਨ ਕਰਦਿਆ ਡਾਕਟਰ ਮਲਕੀਤ ਸਿੰਘ ਮਾਨ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਯੁਵਕ ਸੇਵਾਵਾਂ ਵਿਭਾਗ ਪਟਿਆਲਾ ਵੱਲੋਂ ਲਗਾਏ ਜਾ ਰਹੇ ਲੜੀਵਾਰ ਖ਼ੂਨਦਾਨ ਕੈਂਪਾਂ ਦੌਰਾਨ ਰੈਡ ਰਿਬਨ ਕਲੱਬ,ਐਨ ਐਸ ਐਸ ਵਲੰਟੀਅਰ ਅਤੇ ਐਨ ਸੀ ਸੀ ਕੈਡਿਟਸ ਵੱਲੋਂ ਖ਼ੂਨਦਾਨ ਕਰਨ ਲਈ ਅੱਗੇ ਆਉਣਾ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਅੱਜ ਤੱਕ ਸੰਸਾਰ ਦੇ ਕਿਸੇ ਵੀ ਵਿਗਿਆਨੀ ਵੱਲੋਂ ਖ਼ੂਨਦਾਨ ਦਾ ਬਦਲ ਨਹੀਂ ਲੱਭਿਆ ਜਾ ਸਕਿਆ ਇਹ ਸਿਰਫ ਇਨਸਾਨੀ ਸਰੀਰ ਵਿੱਚ ਹੀ ਬਣਦਾ ਹੈ ਇਸ ਲਈ ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਖ਼ੂਨਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਖ਼ੂਨਦਾਨ ਕਰਨ ਨਾਲ ਕੋਈ ਸਰੀਰਕ ਕਮਜ਼ੋਰੀ ਨਹੀਂ ਆਉਂਦੀ ਸਗੋਂ ਸ਼ਰੀਰ ਤੰਦਰੁਸਤ ਰਹਿੰਦਾ ਹੈ। ਉਹਨਾਂ ਕਿਹਾ ਕਿ ਹਰ ਤੰਦਰੁਸਤ ਇਨਸਾਨ 18 ਸਾਲ ਤੋਂ ਲੈ ਕੇ 65 ਸਾਲ ਤੱਕ ਖ਼ੂਨਦਾਨ ਕਰ ਸਕਦਾ ਹੈ। ਉਹਨਾਂ ਨੌਜਵਾਨਾ ਨੂੰ ਅਪੀਲ ਕੀਤੀ ਕਿ ਉਹੋ ਵੱਧ ਤੋਂ ਵੱਧ ਖ਼ੂਨਦਾਨ ਕਰਨ ਲਈ ਅੱਗੇ ਆਉਣ ਤਾ ਜੋ ਕਿਸੇ ਮਰੀਜ਼ ਦੀ ਬੇਸ਼ਕੀਮਤੀ ਜਾਨ ਨੂੰ ਬਚਾਇਆ ਜਾ ਸਕੇ।

# ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਵੱਲੋਂ ਜ਼ਿਲੇ ਦੇ ਸਕੂਲ ਅਤੇ ਡਿੱਪੂ ਦੀ ਅਚਨਚੇਤੀ ਚੈਕਿੰਗ



ਮਲੇਰਕੋਟਲਾ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਜਸਵੀਰ ਸਿੰਘ ਸੇਖੋਂ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਸਕੂਲਾਂ ,ਆਂਗਨਵਾੜੀ ਸੈਂਟਰਾਂ ਅਤੇ ਰਾਸ਼ਨ ਦੇ ਸਰਕਾਰੀ ਡਿੱਪੂ ਦਾ ਅਚਨਚੇਤੀ ਦੌਰਾ ਕਰਕੇ ਬੱਚਿਆਂ ਲਈ ਤਿਆਰ ਕੀਤੇ ਜਾ ਰਹੇ ਮਿਡ ਡੇ ਮੀਲ ਦੀ ਗੁਣਵੱਤਾ, ਪੈਕਿੰਗ ਵਾਲੇ ਭੋਜਨ ਪਦਾਰਥਾਂ ਦੀ ਮਿਆਦ, ਪੀਣ ਵਾਲੇ ਪਾਣੀ ਦੀ ਸੁਵਿਧਾ ਅਤੇ ਸਫਾਈ ਪ੍ਰਬੰਧਾਂ ਦੀ ਵਿਸਥਾਰ ਨਾਲ ਜਾਂਚ ਕੀਤੀ ਗਈ। ਉਨ੍ਹਾਂ ਕਿਹਾ ਕਿ ਅਨਾਜ ਨੂੰ ਲੰਮੇ ਸਮੇਂ ਤੱਕ ਸਟੋਰ ਨਾ ਕੀਤਾ ਜਾਵੇ ਅਤੇ ਸਮੇਂ ਸਮੇਂ ਤੇ ਉਸ ਨੂੰ ਧੁੱਪ ਅਤੇ ਹਵਾ ਲਗਾਈ ਜਾਵੇ ਤਾਂ ਜੋ ਅਨਾਜ ਨੂੰ ਸਿਓਂਕ ਲੱਗਣ ਤੋਂ ਬਚਾਇਆ ਜਾ ਸਕੇ।

ਇਸ ਦੌਰੇ ਦੌਰਾਨ ਮੈਂਬਰ ਫੂਡ ਕਮਿਸ਼ਨ ਨੇ ਬੱਚਿਆਂ ਨੂੰ ਪ੍ਰਦਾਨ ਕੀਤੇ ਜਾ ਰਹੇ ਭੋਜਨ ਉੱਤੇ ਸੰਤੁਸ਼ਟੀ ਪ੍ਰਗਟਾਈ ਅਤੇ ਨਾਲ ਹੀ ਸਬੰਧਤ ਸਟਾਫ ਨੂੰ ਰਸੋਈ ਅਤੇ ਭੋਜਨ ਤਿਆਰ ਕਰਨ ਵਾਲੀ ਥਾਂ ਨੂੰ ਹੋਰ ਸਾਫ ਸੁਥਰਾ ਰੱਖਣ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਖਾਣ ਪਦਾਰਥ ਤਿਆਰ ਕਰਨ ਤੋਂ ਪਹਿਲਾਂ ਰਾਸ਼ਨ ਦੀ ਠੀਕ ਤਰ੍ਹਾਂ ਸਫਾਈ ਅਤੇ ਜਾਂਚ ਯਕੀਨੀ ਬਣਾਈ ਜਾਵੇ ਅਤੇ ਉਸਦੀ ਸਟੋਰੇਜ਼ ਸੁਰੱਖਿਅਤ ਢੰਗ ਨਾਲ ਕੀਤੀ ਜਾਵੇ, ਤਾਂ ਜੋ ਕਿਸੇ ਵੀ ਤਰ੍ਹਾਂ ਦੀ ਨੁਕਸਾਨਦਾਇਕ ਸਥਿਤੀ ਤੋਂ ਬਚਿਆ ਜਾ ਸਕੇ।

ਉਨ੍ਹਾਂ ਨੇ ਮਿਡ ਡੇ ਮੀਲ ਦੇ ਸਮਾਨ ਦੀ ਮਿਆਦ, ਸਟਾਕ ਰਜਿਸਟਰ ਅਤੇ ਰਸੋਈ ਘਰ ਦੀ ਸਥਿਤੀ ਦਾ ਵੀ ਨਿਰੀਖਣ ਕੀਤਾ। ਖਾਣਾ ਤਿਆਰ ਕਰਨ ਵਾਲੇ ਕਰਮਚਾਰੀਆਂ ਨੂੰ ਸਫਾਈ ਮਿਆਰਾਂ ਦੀ ਪਾਲਣਾ ਕਰਦੇ ਹੋਏ ਸਿਰ ਢੱਕਣ ਅਤੇ ਦਸਤਾਨੇ ਵਰਤਣ ਦੀ ਹਦਾਇਤ ਦਿੱਤੀ ਗਈ।

ਮੈਂਬਰ ਸੇਖੋਂ ਨੇ ਇਹ ਵੀ ਕਿਹਾ ਕਿ ਹਰ ਸਕੂਲ ਅਤੇ ਆਂਗਨਵਾੜੀ ਸੈਂਟਰ ਵਿੱਚ ਪੰਜਾਬ ਸਟੇਟ ਫੂਡ ਕਮਿਸ਼ਨ ਦਾ ਹੈਲਪਲਾਈਨ ਨੰਬਰ 98767-64545 ਅਤੇ ਈ- ਮੇਲ punjab food commission@ gmail. com ਸਪੱਸ਼ਟ ਤੌਰ 'ਤੇ ਹਰੇ ਰੰਗ ਦੇ ਬੋਰਡ ਤੇ ਲਿਖ ਕੇ ਦਰਸਾਇਆ ਜਾਵੇ ਅਤੇ ਸ਼ਿਕਾਇਤ ਪੇਟੀ ਲਗਾਈ ਜਾਵੇ, ਤਾਂ ਜੋ ਲੋਕ ਸਿੱਧੇ ਤੌਰ 'ਤੇ ਆਪਣੀਆਂ ਸ਼ਿਕਾਇਤਾਂ ਵਿਭਾਗ ਤੱਕ ਪਹੁੰਚਾ ਸਕਣ।

ਉਨ੍ਹਾਂ ਨੇ ਸਕੂਲਾਂ ਅਤੇ ਸੈਂਟਰਾਂ ਵਿੱਚ ਹਰਬਲ ਗਾਰਡਨ ਤਿਆਰ ਕਰਨ 'ਤੇ ਵੀ ਜ਼ੋਰ ਦਿੱਤਾ, ਜਿਸ ਵਿੱਚ ਧਨੀਆ, ਪੁਦੀਨਾ, ਮੂਲੀ, ਸ਼ਲਗਮ ਅਤੇ ਹੋਰ ਮੌਸਮੀ ਸਬਜ਼ੀਆਂ ਉਗਾ ਕੇ ਬੱਚਿਆਂ ਦੇ ਭੋਜਨ ਵਿੱਚ ਪੋਸ਼ਣ ਵਧਾਇਆ ਜਾ ਸਕੇ। ਉਨ੍ਹਾਂ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਨੂੰ ਹਦਾਇਤ ਦਿੱਤੀ ਕਿ ਹਰ ਖਪਤਕਾਰ ਦੇ ਸਮਾਰਟ ਰਾਸ਼ਨ ਕਾਰਡ ਦੀ ਈ-ਕੇ.ਵਾਈ.ਸੀ ਯਕੀਨੀ ਬਣਾਈ ਜਾਵੇ ਤਾਂ ਜੋ ਲੋੜਵੰਦਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਮਿਲ ਸਕੇ।

ਇਸ ਮੌਕੇ ਉਨ੍ਹਾਂ ਨੇ ਸਕੂਲ ਪ੍ਰਬੰਧਕਾਂ ਨੂੰ ਆਰ.ਓ. ਪਾਣੀ ਦੀ ਗੁਣਵੱਤਾ ਦੀ ਜਾਂਚ ਲਈ ਆਰ.ਓਜ਼ ਦਾ ਟੀ.ਡੀ.ਐਸ ਚੈੱਕ ਕਰਵਾਉਣ ਲਈ ਕਿਹਾ, ਤਾਂ ਜੋ ਬੱਚਿਆਂ ਨੂੰ ਸੁਰੱਖਿਅਤ ਪੀਣ ਵਾਲਾ ਪਾਣੀ ਉਪਲਬੱਧ ਹੋ ਸਕੇ। ਉਨ੍ਹਾਂ ਸਪੱਸ਼ਟ ਕੀਤਾ ਕਿ ਆਂਗਨਵਾੜੀ ਸੈਂਟਰਾਂ ਅਤੇ ਸਕੂਲਾਂ ਵਿੱਚ ਖੁਰਾਕ ਦੀ ਸਪਲਾਈ ਜਾਂ ਸੰਭਾਲ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਬਿਲਕੁਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਰਿਪੀ ਗਰਗ, ਐਸ.ਡੀ.ਐਮ ਹਰਬੰਸ ਸਿੰਘ, ਸੀ.ਡੀ.ਪੀ.ਓ ਮਾਲੇਰਕੋਟਲਾ ਪਵਨ ਕੁਮਾਰ, ਸੀ.ਡੀ.ਪੀ.ਓ ਅਹਿਮਦਗੜ੍ਹ ਪੂਰਨ ਪੰਕਜ ਸ਼ਰਮਾਂ, ਸਹਾਇਕ ਖੁਰਾਕ ਤੇ ਸਪਲਾਈ ਅਫਸਰ ਰਾਜਨ ਗੁਪਤਾ, ਇੰਸਪੈਕਟਰ ਖੁਰਾਕ ਸਪਲਾਈ ਮਨੋਜ ਕੁਮਾਰ ਤੋਂ ਇਲਾਵਾ ਵੱਖ- ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਮਾਹਵਾਰੀ ਦੌਰਾਨ ਸਫ਼ਾਈ ਪ੍ਰਤੀ ਜਾਗਰੂਕਤਾ ਲਈ ਆਂਗਣਵਾੜੀ ਸੈਂਟਰਾਂ 'ਚ ਵਿਸ਼ੇਸ਼ ਮੁਹਿੰਮ

## ਆਂਗਣਵਾੜੀ ਸੈਂਟਰਾਂ ਵਿੱਚ ਮਹਿਲਾਵਾਂ ਨੂੰ ਮੁਫਤ ਦਿੱਤੇ ਗਏ ਸੈਨੇਟਰੀ ਨੈਪਕਿਨ

**ਮਾਛੀਵਾੜਾ ਸਾਹਿਬ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਸਮਾਜਿਕ ਸੁਰੱਖਿਆ ਅਤੇ ਇਸਤਰੀ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਪਰਦੀਪ ਸਿੰਘ ਗਿੱਲ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਦੇ ਵੱਖ-ਵੱਖ ਆਂਗਣਵਾੜੀ ਸੈਂਟਰਾਂ ਵਿੱਚ ਸੈਨੇਟਰੀ ਨੈਪਕਿਨ ਵੰਡ ਮੁਹਿੰਮ ਚਲਾਈ ਗਈ। ਇਸ ਮੁਹਿੰਮ ਦਾ ਮੁੱਖ ਉਦੇਸ਼ ਕਿਸ਼ੋਰੀਆਂ ਅਤੇ ਮਹਿਲਾਵਾਂ ਨੂੰ ਮਾਹਵਾਰੀ ਦੌਰਾਨ ਸਫ਼ਾਈ ਪ੍ਰਤੀ ਜਾਗਰੂਕ ਕਰਨਾ ਅਤੇ ਉਨ੍ਹਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਵੱਲ ਪ੍ਰੇਰਿਤ ਕਰਨਾ ਸੀ।

ਇਸ ਦੌਰਾਨ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਵੱਲੋਂ ਆਪਣੇ-ਆਪਣੇ ਕੇਂਦਰਾਂ ਵਿੱਚ ਮਹਿਲਾਵਾਂ ਅਤੇ ਕਿਸ਼ੋਰੀਆਂ ਨਾਲ ਮੀਟਿੰਗਾਂ ਕਰਕੇ ਮਾਹਵਾਰੀ ਸਫ਼ਾਈ ਦੀ ਮਹੱਤਤਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।

ਉਨ੍ਹਾਂ ਨੂੰ ਸੈਨੇਟਰੀ ਨੈਪਕਿਨ ਦੀ ਸਹੀ ਵਰਤੋਂ ਅਤੇ ਇਸ ਦੇ ਸੁਰੱਖਿਅਤ ਨਿਪਟਾਰੇ ਸਬੰਧੀ ਵੀ ਜਾਗਰੂਕ ਕੀਤਾ ਗਿਆ। ਇਸਦੇ ਨਾਲ ਹੀ ਪੁਰਾਣੀਆਂ ਧਾਰਣਾਵਾਂ ਅਤੇ ਗਲਤਫ਼ਹਿਮੀਆਂ ਨੂੰ ਦੂਰ ਕਰਨ ਲਈ ਖੁੱਲ੍ਹੀ ਚਰਚਾ ਵੀ ਕਰਵਾਈ ਗਈ।

ਮੁਹਿੰਮ ਦੌਰਾਨ ਕੈਂਪਾਂ ਵਿੱਚ ਸ਼ਾਮਲ ਮਹਿਲਾਵਾਂ ਨੂੰ ਮੁਫ਼ਤ ਸੈਨੇਟਰੀ ਨੈਪਕਿਨ ਵੰਡੇ ਗਏ, ਜਿਸ ਨਾਲ ਸਫ਼ਾਈ ਪ੍ਰਤੀ ਉਨ੍ਹਾਂ ਦੀ ਜਾਗਰੂਕਤਾ ਵਿੱਚ ਵਾਧਾ ਹੋਇਆ ਅਤੇ ਸਿਹਤ ਸੰਬੰਧੀ ਸਮੱਸਿਆਵਾਂ ਤੋਂ ਬਚਾਅ ਲਈ ਮਦਦ ਮਿਲੇਗੀ। ਇਸ ਉਪਰਾਲੇ ਨਾਲ ਗਰੀਬ ਅਤੇ ਪਿੱਛੜੇ ਵਰਗਾਂ ਦੀਆਂ ਮਹਿਲਾਵਾਂ ਨੂੰ ਵਿਸ਼ੇਸ਼ ਲਾਭ ਪ੍ਰਾਪਤ ਹੋਇਆ।

ਆਂਗਣਵਾੜੀ ਵਰਕਰਾਂ ਨੇ ਦੱਸਿਆ ਕਿ ਇਸ ਤਰ੍ਹਾਂ ਦੀਆਂ ਜਾਗਰੂਕਤਾ ਮੁਹਿੰਮਾਂ ਆਗਾਮੀ ਸਮੇਂ ਵਿੱਚ ਵੀ ਲਗਾਤਾਰ ਜਾਰੀ ਰਹਿਣਗੀਆਂ, ਤਾਂ ਜੋ ਮਹਿਲਾਵਾਂ ਦੀ ਸਿਹਤ ਅਤੇ ਸਫ਼ਾਈ ਪ੍ਰਤੀ ਸਮਾਜ ਵਿੱਚ ਹੋਰ ਸੁਧਾਰ ਲਿਆਂਦਾ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਆਂਗਣਵਾੜੀ ਸੈਂਟਰਾਂ ਰਾਹੀਂ ਕੀਤੇ ਜਾ ਰਹੇ ਇਹ ਉਪਰਾਲੇ ਸਰਕਾਰੀ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਹਨ।

# ਪੰਜਾਬ ਵਿੱਚ ਵਿਗੜਦੀ ਕਾਨੂੰਨ ਵਿਵਸਥਾ ਸਬੰਧੀ ਸ਼ਿਵ ਸੈਨਾ ਹਿੰਦੂਸਤਾਨ ਕੱਲ੍ਹ ਦੇਵੇਗਾ ਡੀ. ਸੀ. ਨੂੰ ਮੰਗ ਪੱਤਰ



**ਪਟਿਆਲਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਮੁਖੀ, ਮਾਣਯੋਗ ਸ਼ੇਰ-ਏ-ਹਿੰਦ, ਸ਼੍ਰੀ ਪਵਨ ਕੁਮਾਰ ਗੁਪਤਾ ਜੀ ਦੇ ਨਿਰਦੇਸ਼ਾਂ 'ਤੇ, 10 ਅਪ੍ਰੈਲ 2026 ਨੂੰ ਡੀਸੀ ਪਟਿਆਲਾ ਨੂੰ ਮੰਗ ਪੱਤਰ ਸੌਂਪਣ ਲਈ, ਆਰੀਆ ਸਮਾਜ ਚੌਕ, ਸ਼੍ਰੀ ਕ੍ਰਿਸ਼ਨ ਕੁਮਾਰ ਗਾਬਾ ਜੀ ਦੀ ਦੁਕਾਨ 'ਤੇ ਇੱਕ ਮਹੱਤਵਪੂਰਨ ਮੀਟਿੰਗ ਹੋਈ, ਜਿਸ ਵਿੱਚ ਕ੍ਰਿਸ਼ਨ ਕੁਮਾਰ ਗਾਬਾ ਜੀ, ਪੰਜਾਬ ਪ੍ਰਧਾਨ ਵਪਾਰ ਸੈਨਾ, ਸ਼੍ਰੀ ਕਸ਼ਮਕਾਂਤ ਪਾਂਡੇ, ਪੰਜਾਬ ਉਪ ਪ੍ਰਧਾਨ, ਸ਼੍ਰੀ ਰਿੰਕੂ ਭਾਰਦਵਾਜ, ਪੰਜਾਬ ਮੁਖੀ ਆਈਟੀ ਸੈੱਲ, ਸ਼੍ਰੀ ਅਮਰਜੀਤ ਬੰਟੀ, ਜ਼ਿਲ੍ਹਾ ਯੂਥ ਚੇਅਰਮੈਨ ਪੰਜਾਬ, ਸ਼੍ਰੀ ਨਵਦੀਪ ਮਿੱਤਲ, ਜ਼ਿਲ੍ਹਾ ਪਟਿਆਲਾ ਜਨਰਲ ਸਕੱਤਰ ਵਪਾਰ ਸੈਨਾ, ਸ਼੍ਰੀ ਰਵੀ ਸਾਹਲ, ਜ਼ਿਲ੍ਹਾ ਸ਼ਹਿਰੀ ਪ੍ਰਧਾਨ ਪਟਿਆਲਾ, ਸ਼੍ਰੀ ਗੁਰਪ੍ਰੀਤ ਸਿੰਘ ਬਾਗੀ, ਜ਼ਿਲ੍ਹਾ ਦਿਹਾਤੀ ਪਟਿਆਲਾ ਪ੍ਰਧਾਨ ਆਦਿ ਹਾਜ਼ਰ ਸਨ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਰੇ ਪਾਰਟੀ ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਲਗਾਤਾਰ ਵਿਗੜਦੀ ਜਾ ਰਹੀ ਹੈ ਅਤੇ ਆਮ ਆਦਮੀ ਦੀ ਜਾਨ-ਮਾਲ ਦੀ ਸੁਰੱਖਿਆ ਦੀ ਕੋਈ ਗਰੰਟੀ ਨਹੀਂ ਹੈ। ਪੰਜਾਬ ਵਿੱਚ, ਗੈਂਗਸਟਰ ਹਰ ਰੋਜ਼ ਫਿਰੌਤੀ ਦੀ ਮੰਗ ਕਰ ਰਹੇ ਹਨ। ਫਿਰੌਤੀ ਨਾ ਦੇਣ ਦੀ ਸੂਰਤ ਵਿੱਚ ਵਪਾਰੀਆਂ ਅਤੇ ਆਮ ਲੋਕਾਂ ਨੂੰ ਖੁੱਲ੍ਹੇਆਮ ਗੋਲੀ ਮਾਰ ਦਿੱਤੀ ਜਾਂਦੀ ਹੈ, ਜਿਸ ਕਾਰਨ ਡਰ ਦਾ ਮਾਹੌਲ ਪੈਦਾ ਹੋ ਜਾਂਦਾ ਹੈ। ਇਸ ਲਈ ਸ਼ਿਵ ਸੈਨਾ ਹਿੰਦੁਸਤਾਨ ਪੰਜਾਬ ਭਰ ਦੇ ਡੀਸੀਜ਼ ਰਾਹੀਂ ਮੁੱਖ ਮੰਤਰੀ ਪੰਜਾਬ ਸਰਕਾਰ ਦੇ ਨਾਮ ਮੰਗ ਪੱਤਰ ਸੌਂਪ ਰਹੀ ਹੈ। ਮੰਗ ਕੀਤੀ ਜਾ ਰਹੀ ਹੈ ਕਿ ਪੰਜਾਬ ਪੁਲਿਸ ਦੇ ਉੱਚ ਪੱਧਰ 'ਤੇ ਬਦਲਾਅ ਕਰਕੇ ਪੰਜਾਬ ਪੁਲਿਸ ਦੀ ਕਮਾਨ ਇੱਕ ਯੋਗ ਪੁਲਿਸ ਅਧਿਕਾਰੀ ਦੇ ਹੱਥਾਂ ਵਿੱਚ ਸੌਂਪੀ ਜਾਵੇ ਤਾਂ ਜੋ ਪੰਜਾਬ ਵਿੱਚ ਕਾਨੂੰਨ ਵਿਵਸਥਾ ਨੂੰ ਬਿਹਤਰ ਬਣਾਇਆ ਜਾ ਸਕੇ। ਇਸ ਮੰਗ ਪੱਤਰ ਵਿੱਚ ਪੰਜਾਬ ਸਰਕਾਰ ਨੂੰ ਅਪੀਲ ਵੀ ਕੀਤੀ ਜਾਵੇਗੀ ਕਿ ਪੰਜਾਬ ਦੇ 35000 ਅੱਤਵਾਦ ਪ੍ਰਭਾਵਿਤ ਹਿੰਦੂਆਂ ਦੇ ਜ਼ਖ਼ਮਾਂ ਨੂੰ ਭਰਨ ਲਈ 781 ਕਰੋੜ ਰੁਪਏ ਦਾ ਪੈਕੇਜ ਜਲਦੀ ਜਾਰੀ ਕੀਤਾ ਜਾਵੇ।

# ਪਾਰਟੀਬਾਜ਼ੀ ਤੋਂ ਉਪਰ ਉਠ ਕੇ ਡਾ. ਗਾਂਧੀ ਵੱਲੋਂ ਦਿੱਤਾ ਬਿਆਨ ਸ਼ਲਾਘਾਯੋਗ: ਚੱਠਾ, ਰਾਠੀ, ਹਰਿਆਊ



**ਪਟਿਆਲਾ, 11 ਅਪ੍ਰੈਲ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਅੰਦਰ ਵੱਖ-ਵੱਖ ਪਾਰਟੀਆਂ ਦੀਆਂ ਹੋ ਰਹੀਆਂ ਰੈਲੀਆਂ ਨੇ ਰਾਜਨੀਤਿਕ ਮਾਹੌਲ ਗਰਮਾ ਦਿੱਤਾ ਹੈ। ਨਿੱਤ ਦਿਨ ਆਗੂਆਂ ਵੱਲੋਂ ਦਲ-ਬਦਲੀਆਂ ਦਾ ਦੌਰ ਜਾਰੀ ਹੈ, ਸਾਰੇ ਆਗੂ ਇਹ ਦਰਸਾਉਣਾ ਚਾਹੁੰਦੇ ਹਨ ਕਿ ਹੁਣ ਵਾਲਾ ਆਗੂ ਪਹਿਲੇ ਆਗੂ 'ਤੇ ਭਾਰੀ ਹੈ। ਭਾਵੇਂਕਿ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਹਾਲੇ ਸਮਾਂ ਹੈ ਪਰ ਰਾਜਨੀਤਿਕ ਪਿੜ੍ਹ ਵਿਚ ਤਿੱਖੇ ਬਿਆਨਾਂ ਕਾਰਨ ਚਰਚਾ ਵਿਚ ਰਹਿਣ ਵਾਲੇ ਪਟਿਆਲਾ ਤੋਂ ਮੈਂਬਰ ਪਾਰਲੀਮੈਂਟ ਡਾਕਟਰ ਧਰਮਵੀਰ ਗਾਂਧੀ ਵੱਲੋਂ ਦਿੱਤੇ ਗਏ ਇੱਕ ਬਿਆਨ ਵਿਚ ਹੜ੍ਹਾਂ ਦੌਰਾਨ ਅਤੇ ਬਾਅਦ ਵਿਚ ਪੰਜਾਬ ਦੇ ਲੋਕਾਂ ਦੀ ਬਾਂਹ ਫੜ੍ਹਨ ਵਾਲੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸੁਖਬੀਰ ਸਿੰਘ ਬਾਦਲ ਦੀ ਜਿਥੇ ਸ਼ਲਾਘਾ ਕੀਤੀ ਉਥੇ ਹੀ ਸ਼੍ਰੋਮਣੀ ਅਕਾਲੀ ਦਲ ਦਾ ਗ੍ਰਾਫ ਮੁੜ ਤੋਂ ਉਭਰਨ ਦੀ ਪੁਸ਼ਟੀ ਕੀਤੀ ਹੈ, ਜਿਸ ਦੀ ਸ਼੍ਰੋਮਣੀ ਅਕਾਲੀ ਦਲ ਦੇ ਪਟਿਆਲਾ ਦਿਹਾਤੀ ਦੇ ਆਗੂ ਜਸਪਾਲ ਸਿੰਘ ਬਿੱਟੂ ਚੱਠਾ, ਸ਼੍ਰੋਮਣੀ ਅਕਾਲੀ ਦਲ ਜਿਲ੍ਹਾ ਸ਼ਹਿਰੀ ਦੇ ਪ੍ਰਧਾਨ ਅਮਿਤ ਸਿੰਘ ਰਾਠੀ, ਜਿਲ੍ਹਾ ਦਿਹਾਤੀ ਦੇ ਪ੍ਰਧਾਨ ਜਗਮੀਤ ਸਿੰਘ ਹਰਿਆਊ ਤੇ ਯੂਥ ਅਕਾਲੀ ਦਲ ਦੇ ਜਿਲ੍ਹਾ ਦਿਹਾਤੀ ਪ੍ਰਧਾਨ ਅੰਮ੍ਰਿਤਪਾਲ ਸਿੰਘ ਲੰਗ ਨੇ ਡਾਕਟਰ ਗਾਂਧੀ ਦੇ ਹਕੀਕਤ ਨਾਲ ਮੇਲ ਖਾਂਦੇ ਬਿਆਨ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਡਾ. ਗਾਂਧੀ ਹਮੇਸ਼ਾਂ ਹੀ ਬੇਬਾਕ ਅਤੇ ਤਰਕਭਰਪੂਰ ਗੱਲ ਰਖਦੇ ਹਨ, ਜਿਸ ਕਾਰਨ ਉਨ੍ਹਾਂ ਦਾ ਰਾਜਨੀਤਿਕ ਪਿੜ੍ਹ ਵਿਚ ਵਾਦ-ਵਿਵਾਦ ਚੱਲਦਾ ਹੀ ਰਹਿੰਦਾ ਹੈ। ਬਿੱਟੂ ਚੱਠਾ ਨੇ ਕਿਹਾ ਕਿ ਭਾਵੇਂ ਰਾਜਨੀਤਿਕ ਤੌਰ 'ਤੇ ਡਾ. ਗਾਂਧੀ ਨਾਲ ਵਿਚਾਰਕ ਵਖਰੇਵੇਂ ਰਹੇ ਹਨ ਪਰ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਪੰਜਾਬ ਦੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਵਧ ਰਹੇ ਗ੍ਰਾਫ ਸੰਬੰਧੀ ਬਿਆਨ ਦੇਣ ਨਾਲ ਇੱਕ ਗੱਲ ਸਪੱਸ਼ਟ ਹੋ ਗਈ ਹੈ, ਕਿ ਪੰਜਾਬ ਨੂੰ ਬਚਾਉਣ ਲਈ, ਪੰਜਾਬ ਦੀ ਚੜ੍ਹਦੀਕਲਾ ਲਈ ਸਮੁੱਚੇ ਪੰਜਾਬੀਆਂ ਦਾ ਇੱਕਜੁੱਟ ਹੋਣਾ ਬਹੁਤ ਜਰੂਰੀ ਹੈ। ਇੰਨਾ ਹੀ ਨਹੀਂ ਮੌਜੂਦਾ ਸਰਕਾਰ ਵੱਲੋਂ ਆਪਣੀਆਂ ਰੈਲੀਆਂ ਵਿਚ ਸਿਰਫ ਸ਼੍ਰੋਮਣੀ ਅਕਾਲੀ ਦਲ ਅਤੇ ਸੁਪਰੀਮੋ ਸੁਖਬੀਰ ਸਿੰਘ ਬਾਦਲ ਨੂੰ ਹੀ ਨਿਸ਼ਾਨਾ ਬਣਾਉਣਾ ਇਸ ਗੱਲ ਦਾ ਸੰਕੇਤ ਹੈ ਕਿ ਮੌਜੂਦਾ ਸਰਕਾਰ ਡਰੀ ਹੋਈ ਹੈ ਕਿ ਆਉਣ ਵਾਲੇ ਸਮੇਂ ਵਿਚ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਦਾ ਸੱਤਾ ਵਿਚ ਆਉਣਾ ਲਗਭਗ ਤੈਅ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਰਾਜ ਸਮੇਂ ਕੀਤੇ ਗਏ ਕਾਰਜਾਂ ਨੂੰ ਦੇਖਦੇ ਹੋਏ ਅੱਜ ਵੀ ਪੰਜਾਬ ਦੇ ਲੋਕ ਚਾਹੁੰਦੇ ਹਨ ਕਿ ਸੂਬੇ ਅੰਦਰ ਸ਼੍ਰੋਮਣੀ ਅਕਾਲੀ ਦਲ ਮੁੜ ਤੋਂ ਪੰਜਾਬ ਦੀ ਸੇਵਾ ਸੰਭਾਲੇ ਤਾਂ ਜੋ ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ ਮੁੜ ਤੋਂ ਜਾਰੀ ਹੋ ਸਕਣ ਅਤੇ ਦਿੱਲੀ ਤੋਂ ਚੱਲਣ ਵਾਲੀਆਂ ਪਾਰਟੀਆਂ ਨੂੰ ਅਲਵਿਦ੍ਹਾ ਕਿਹਾ ਜਾ ਸਕੇ। ਕਿਉਂਕਿ ਦਿੱਲੀ ਤੋਂ ਪੰਜਾਬ ਤੇ ਹਕੂਮਤ ਕਰਨ ਵਾਲੀਆਂ ਪਾਰਟੀਆਂ ਕਦੇ ਵੀ ਪੰਜਾਬ ਦੇ ਪੱਖ ਵਿਚ ਨਹੀਂ ਭੁਗਤੀਆਂ, ਸਿਰਫ ਤੇ ਸਿਰਫ ਲੁੱਟਣ ਤੇ ਕੁੱਟਣ ਵਾਲੀ ਨੀਤੀ ਅਪਨਾ ਪੰਜਾਬੀਆਂ ਤੇ ਆਪਣਾ ਦਬਦਬਾ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਜਿਸ ਨੂੰ ਪੰਜਾਬ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਇਸ ਮੌਕੇ ਗੁਰਦਿਆਲਇੰਦਰ ਸਿੰਘ ਬਿੱਲੂ, ਗੁਰਚਰਨ ਸਿੰਘ ਘਮਰੌਦਾ, ਮਲਕੀਤ ਸਿੰਘ ਲਾਡੀ ਚੀਮਾ ਧਰਮਹੇੜੀ, ਅਜੈਬ ਸਿੰਘ ਮੱਲੀ ਪਾਤੜਾਂ, ਅਮਰਜੀਤ ਸਿੰਘ ਟੋਡਰਪੁਰ, ਗੁਰਤੇਜ ਸਿੰਘ ਕੌਲ, ਗੁਰਦੀਪ ਸਿੰਘ ਸ਼ੇਖਪੁਰਾ, ਮਨਵਿੰਦਰ ਸਿੰਘ ਕੌੜਾ, ਗੁਰਤੇਜ ਸਿੰਘ ਅਤਲਾ ਤੇ ਹੋਰ ਆਗੂ ਵੀ ਹਾਜ਼ਰ ਸਨ।

# ਅਧਿਆਪਕਾਂ ਵਲੋਂ ਪੰਜਾਬ ਸਰਕਾਰ ਵਿਰੁੱਧ ਅਰਥੀ ਫੂਕ ਪ੍ਰਦਰਸ਼ਨ



**ਪਟਿਆਲਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਂਝਾ ਅਧਿਆਪਕ ਮੋਰਚੇ ਵੱਲੋਂ ਬੀਤੇ ਦਿਨੀਂ ਪੰਜਾਬ ਸਰਕਾਰ ਦੀ ਵਾਅਦਾ ਖਿਲਾਫੀ ਸਰਕਾਰ ਵਿਰੁੱਧ ਅਰਥੀ ਫੂਕ ਪ੍ਰਦਰਸ਼ਨ ਕੀਤਾ ਗਿਆ। ਇਸ ਸਮੇਂ ਸਾਂਝਾ ਅਧਿਆਪਕ ਮੋਰਚਾ ਦੇ ਆਗੂਆਂ ਨੇ ਜਿਸ ਵਿੱਚ ਜਸਵਿੰਦਰ ਸਿੰਘ ਸਮਾਣਾ, ਪਰਮਜੀਤ ਸਿੰਘ ਪਟਿਆਲਾ, ਗੁਰਪ੍ਰੀਤ ਸਿੰਘ ਗੁਰੂ, ਮਨੋਜ ਘਈ, ਜਗਦੀਪ ਸਿੰਘ ਆਗੂਆਂ ਨੇ ਕਿਹਾ ਕਿ ਅਧਿਆਪਕ ਜਥੇਬੰਦੀਆਂ ਨਾਲ ਸਿੱਖਿਆ ਮੰਤਰੀ ਪੰਜਾਬ ਵੱਲੋਂ ਅਧਿਆਪਕਾਂ ਦੀ ਸੇਵਾ ਸੁਰੱਖਿਆ ਲਈ ਟੈਟ ਸਬੰਧੀ ਪੰਜਾਬ ਵਿਧਾਨ ਸਭਾ ਵਿੱਚ ਬਿੱਲ ਲਿਆਉਣ ਅਤੇ ਸੁਪਰੀਮ ਕੋਰਟ ਵਿੱਚ ਰਿਵਿਊ ਪਟੀਸ਼ਨ ਦਰਜ ਕਰਨ ਦਾ ਵਾਅਦਾ ਕੀਤਾ ਗਿਆ ਸੀ, ਜਿਹੜਾ ਕਿ ਹੁਣ ਤੱਕ ਵਫਾ ਨਹੀਂ ਹੋਇਆ। ਉਹਨਾਂ ਕਿਹਾ ਕਿ ਸਿੱਖਿਆ ਮੰਤਰੀ ਵੱਲੋਂ ਵਿਧਾਨ ਸਭਾ ਵਿੱਚ ਟੈਟ ਸਬੰਧੀ ਕੋਈ ਚਰਚਾ ਨਾ ਕਰਨ ਕਰਕੇ ਕੀਤੇ ਵਾਅਦਿਆਂ ਨੂੰ ਤੋੜਿਆ ਗਿਆ ਹੈ। ਉਹਨਾਂ ਕਿਹਾ ਕਿ ਸਰਕਾਰ ਵੱਲੋਂ ਨਾ ਹੀ ਟੈਟ ਦੇ ਖਿਲਾਫ ਕੋਈ ਰਿਵਿਊ ਪਟੀਸ਼ਨ ਸੁਪਰੀਮ ਕੋਰਟ ਵਿੱਚ ਦਾਖਲ ਕੀਤੀ ਗਈ ਹੈ ਜਿਸ ਦੀ ਆਗੂਆਂ ਵਲੋਂ ਪੁਰਜੋਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਇਸ ਸਮੇਂ ਆਗੂਆਂ ਨੇ ਕਿਹਾ ਕਿ ਰਾਜ ਸਭਾ ਵਿੱਚ ਸੰਸਦ ਮੈਂਬਰ (ਸੀ ਪੀ ਆਈ ਐਮ) ਵੱਲੋਂ ਅਧਿਆਪਕਾਂ ਦੀ ਸੇਵਾ ਸੁਰੱਖਿਆ ਲਈ ਪ੍ਰਾਈਵੇਟ ਬਿਲ ਪੇਸ਼ ਕੀਤਾ ਜਿਸ ਨੂੰ ਤਰੁੰਤ ਪਾਸ ਕਰਨਾ ਚਾਹੀਦਾ ਹੈ।

ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦਾ ਵਾਅਦਾ ਵੀ ਪੂਰਾ ਨਹੀਂ ਕੀਤਾ। ਅਤੇ ਨਾ ਹੀ ਮੁਲਾਜ਼ਮਾਂ ਦੇ 16% ਪਿਛਲਾ ਮਹਿੰਗਾਈ ਭੱਤਾ ਲਾਗੂ ਕੀਤਾ ਹੈ। ਸਗੋਂ ਉਲਟਾ ਪੰਜਾਬ ਸਰਕਾਰ ਮਾਨਯੋਗ ਹਾਈਕੋਰਟ ਵਿੱਚ ਮਹਿੰਗਾਈ ਭੱਤਾ ਦੇਣ ਤੋਂ ਮੁਨਕਰ ਹੋਣ ਦਾ ਘੋਸ਼ਣਾ ਪੱਤਰ ਪੇਸ਼ ਕਰ ਰਹੀ ਹੈ।

# ਰੁਪਿੰਦਰ ਬਿੰਦਰਾ ਕਾਂਗਰਸ ਦੇ ਲਗਾਤਾਰ ਦੂਸਰੀ ਵਾਰ ਬਣੇ ਮੀਤ ਪ੍ਰਧਾਨ ਤੇ ਜ਼ਿਲ੍ਹਾ ਪ੍ਰੈਸ ਮੀਡੀਆ ਇੰਚਾਰਜ

**ਬਠਿੰਡਾ,11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਕਾਂਗਰਸ ਵੱਲੋਂ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਲਈ ਕੀਤੀਆਂ ਨਵੀਆਂ ਨਿਯੁਕਤੀਆਂ ਦੇ ਦੌਰਾਨ ਬਠਿੰਡਾ ਸ਼ਹਿਰ ਵਿੱਚ ਟਕਸਾਲੀ ਕਾਂਗਰਸੀ ਆਗੂ ਰੁਪਿੰਦਰ ਬਿੰਦਰਾ ਨੂੰ ਲਗਾਤਾਰ ਦੂਜੀ ਵਾਰ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਹੈ। ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਜ਼ਿਲ੍ਹਾ ਕਾਂਗਰਸ ਕਮੇਟੀ ਬਠਿੰਡਾ ਸ਼ਹਿਰੀ ਲਈ ਜਾਰੀ ਕੀਤੀ 51 ਮੈਂਬਰੀ ਟੀਮ ਵਿੱਚ ਬਿੰਦਰਾ ਨੂੰ ਪਾਰਟੀ ਪ੍ਰਤੀ ਕੀਤੇ ਕੰਮਾਂ ਨੂੰ ਵੇਖਦਿਆਂ ਦੁਬਾਰਾ ਮੀਤ ਪ੍ਰਧਾਨ ਦੇ ਨਾਲ-ਨਾਲ ਜ਼ਿਲ੍ਹਾ ਪ੍ਰੈਸ ਮੀਡੀਆ ਇੰਚਾਰਜ ਬਣਾਇਆ ਗਿਆ ਹੈ। ਇਹ ਨਿਯੁਕਤੀ ਜ਼ਿਲ੍ਹਾ ਪ੍ਰਧਾਨ ਰਾਜਨ ਗਰਗ ਦੀ ਸਹਿਮਤੀ ਨਾਲ ਕੀਤੀ ਗਈ ਹੈ, ਜਿਸ ਨਾਲ ਸਥਾਨਕ ਲੀਡਰਸ਼ਿਪ ਅਤੇ ਹਾਈਕਮਾਂਡ ਵਿਚਕਾਰ ਤਾਲਮੇਲ ਵੀ ਸਪੱਸ਼ਟ ਹੁੰਦਾ ਹੈ। ਸੂਤਰਾਂ ਅਨੁਸਾਰ, ਪਾਰਟੀ ਵਿੱਚ ਲੰਮੇ ਸਮੇਂ ਤੋਂ ਨਿਭਾਈ ਜਾ ਰਹੀ ਸਰਗਰਮ ਭੂਮਿਕਾ, ਵਰਕਰਾਂ ਨਾਲ ਨਜ਼ਦੀਕੀ ਅਤੇ ਹਰ ਮੋਰਚੇ 'ਤੇ ਅੱਗੇ ਰਹਿ ਕੇ ਕੰਮ ਕਰਨ ਦੀ ਛਵੀ ਦੇ ਕਾਰਨ ਬਿੰਦਰਾ ਨੂੰ ਮੁੜ ਇਹ ਅਹਿਮ ਜ਼ਿੰਮੇਵਾਰੀ ਦਿੱਤੀ ਗਈ ਹੈ। ਰੁਪਿੰਦਰ ਬਿੰਦਰਾ ਦੇ ਦੁਬਾਰਾ ਮੀਤ ਪ੍ਰਧਾਨ ਤੇ ਜ਼ਿਲ੍ਹਾ ਪ੍ਰੈਸ ਮੀਡੀਆ ਇੰਚਾਰਜ ਬਣਨ ਨਾਲ ਉਨ੍ਹਾਂ ਦੇ ਘਰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ। ਪਾਰਟੀ ਵਰਕਰਾਂ, ਨੌਜਵਾਨਾਂ ਅਤੇ ਸਮਰਥਕਾਂ ਵੱਲੋਂ ਮਿਠਾਈਆਂ ਵੰਡ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਕਈ ਸਿਆਸੀ ਆਗੂਆਂ ਨੇ ਵੀ ਇਸ ਨਿਯੁਕਤੀ ਨੂੰ ਬਿੰਦਰਾ ਦੀ ਮਿਹਨਤ ਅਤੇ ਵਫ਼ਾਦਾਰੀ ਦੀ ਜਿੱਤ ਕਰਾਰ ਦਿੱਤਾ।

ਇਸ ਮੌਕੇ ਰੁਪਿੰਦਰ ਬਿੰਦਰਾ ਨੇ ਕਿਹਾ ਕਿ ਉਹ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਜਨਰਲ ਸਕੱਤਰ ਕੈਪਟਨ ਸੰਦੀਪ ਸਿੰਘ ਸੰਧੂ, ਜ਼ਿਲ੍ਹਾ ਪ੍ਰਧਾਨ ਰਾਜਨ ਗਰਗ ਅਤੇ ਪਾਰਟੀ ਹਾਈਕਮਾਂਡ ਦੇ ਧੰਨਵਾਦੀ ਹਨ ਜਿਨ੍ਹਾਂ ਨੇ ਉਨ੍ਹਾਂ 'ਤੇ ਦੁਬਾਰਾ ਭਰੋਸਾ ਜਤਾਇਆ। ਉਹਨਾਂ ਦ੍ਰਿੜਤਾ ਨਾਲ ਕਿਹਾ ਕਿ ਉਹ ਇਸ ਜ਼ਿੰਮੇਵਾਰੀ ਨੂੰ ਸਿਰਫ਼ ਅਹੁਦੇ ਤੱਕ ਸੀਮਿਤ ਨਹੀਂ ਰੱਖਣਗੇ, ਸਗੋਂ ਜ਼ਮੀਨੀ ਪੱਧਰ 'ਤੇ ਵਰਕਰਾਂ ਨੂੰ ਨਾਲ ਜੋੜਦੇ ਹੋਏ ਪਾਰਟੀ ਦੀ ਨੀਤੀ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਕੰਮ ਕਰਨਗੇ। ਉਹਨਾਂ ਕਿਹਾ ਕਿ ਪ੍ਰੈਸ ਮੀਡੀਆ ਇੰਚਾਰਜ ਦੇ ਤੌਰ 'ਤੇ ਉਹਨਾਂ ਦੀ ਪਹਿਲ ਰਹੇਗੀ ਕਿ ਪਾਰਟੀ ਦੀ ਆਵਾਜ਼ ਨੂੰ ਮਜ਼ਬੂਤੀ ਨਾਲ ਲੋਕਾਂ ਤੱਕ ਪਹੁੰਚਾਇਆ ਜਾਵੇ ਅਤੇ ਮੀਡੀਆ ਨਾਲ ਤਾਲਮੇਲ ਨੂੰ ਹੋਰ ਮਜ਼ਬੂਤ ਕੀਤਾ ਜਾਵੇ। ਬਿੰਦਰਾ ਨੇ ਦਾਅਵਾ ਕੀਤਾ ਕਿ ਕਾਂਗਰਸ ਪਾਰਟੀ ਦੀ ਵਿਚਾਰਧਾਰਾ ਅਤੇ ਲੋਕਹਿੱਤ ਨੀਤੀਆਂ ਨੂੰ ਆਮ ਜਨਤਾ ਤੱਕ ਪਹੁੰਚਾਉਣ ਵਿੱਚ ਉਹ ਪੂਰੀ ਤਨਦੇਹੀ ਨਾਲ ਕੰਮ ਕਰਨਗੇ।

# ਸਾਬਕਾ ਏ. ਡੀ. ਜੀ. ਪੀ. ਉਮਰਾਨੰਗਲ ਗੁ. ਸ੍ਰੀ ਦੁਖਨਿਵਾਰਨ ਸਾਹਿਬ ਵਿਖੇ ਹੋਏ ਨਤਮਸਤਕ

**ਪਟਿਆਲਾ, 11 ਅਪ੍ਰੈਲ**
**ਅਮਰਜੀਤ ਸਿੰਘ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਪੁਲਸ ਵਿਚ ਬਤੌਰ ਏ. ਡੀ. ਜੀ. ਪੀ. ਆਪਣੀਆਂ ਸੇਵਾਵਾਂ ਨਿਭਾਉਣ ਵਾਲੇ ਪਰਮਰਾਜ ਸਿੰਘ ਉਮਰਾਨੰਗਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਸ੍ਰੀ ਦੁੱਖਨਿਵਾਰਨ ਸਾਹਿਬ ਵਿਖੇ ਨਤਮਸਤਕ ਹੋਏ। ਜਿਥੇ ਉਨ੍ਹਾਂ ਪੰਜਾਬ ਦੀ ਚੜ੍ਹਦੀਕਲਾ ਦੀ ਅਰਦਾਸ ਕੀਤੀ। ਇਸ ਮੌਕੇ ਸਾਬਕਾ ਪੁਲਸ ਇੰਸਪੈਕਟਰ ਰਣਜੀਤ ਸਿੰਘ ਬਹਿਣੀਵਾਲ ਅਤੇ ਸਾਬੀ ਚੱਢਾ ਨੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਉਮਰਾਨੰਗਲ ਨੇ ਕਿਹਾ ਕਿ ਨੌਜਵਾਨ ਨਸ਼ਿਆਂ ਦਾ ਤਿਆਗ ਕਰਕੇ ਖੇਡਾਂ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਤਾਂ ਜੋ ਸਰੀਰਕ ਤੰਦਰੁਸਤੀ ਬਣੀ ਰਹਿ ਸਕੇ ਅਤੇ ਪੰਜਾਬ ਨਸ਼ਾ ਮੁਕਤ ਹੋ ਸਕੇ।

# ਸੀ.ਐਸ.ਆਰ ਪਹਿਲਕਦਮੀ ਤਹਿਤ ਅਰਿਹੰਤ ਸਪਿਨਿੰਗ ਮਿਲਜ਼ ਵੱਲੋਂ 15 ਲੋੜਵੰਦਾਂ ਨੂੰ ਆਟੋਮੈਟਿਕ ਟਰਾਈ ਸਾਇਕਲਾਂ ਤਕਸੀਮ



**ਮਲੇਰਕੋਟਲਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ.ਐਸ.ਆਰ (ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ) ਪਹਿਲਕਦਮੀ ਤਹਿਤ ਅਰਿਹੰਤ ਸਪਿਨਿੰਗ ਮਿਲਜ਼ ਵੱਲੋਂ ਜ਼ਿਲ੍ਹਾ ਮਾਲੇਰਕੋਟਲਾ ਦੇ ਲੋੜਵੰਦ ਵਿਅਕਤੀਆਂ ਲਈ ਇੱਕ ਸਮਾਗਮ ਦਾ ਆਯੋਜਨ ਤਾਰਾ ਤਾਰਾ ਕਾਨਵੈਂਟ ਸਕੂਲ ਮਾਲੇਰਕੋਟਲਾ ਵਿਖੇ ਕੀਤਾ ਗਿਆ। ਜਿਸ ਵਿੱਚ ਵਿਧਾਇਕ ਅਮਰਗੜ੍ਹ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਨੇ 15 ਲੋੜਵੰਦਾਂ ਨੂੰ ਕਰੀਬ 10 ਲੱਖ 50 ਹਜਾਰ ਰੁਪਏ ਦੀ ਲਾਗਤ ਦੇ ਆਟੋਮੈਟਿਕ ਟਰਾਈ ਸਾਇਕਲ ਵੰਡੇ। ਇਸ ਮੌਕੇ ਉਦਯੋਗਿਕ ਇਕਾਈ ਦੇ ਮੁੱਖੀ ਸੁਮਿਤ ਅਗਰਵਾਲ, ਐਚ.ਆਰ.ਹੈਡ ਸੁਰਿੰਦਰ ਭਾਟੀਆਂ ਅਤੇ ਸੀ.ਐਸ.ਆਰ. ਮੁੱਖੀ ਰਾਜ ਕੁਮਾਰ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।

ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਪ੍ਰੋ. ਜਸਵੰਤ ਸਿੰਘ ਗੱਜਣਮਾਜਰਾ ਨੇ ਕਿਹਾ ਕਿ ਸਮਾਜ ਦੇ ਕਮਜ਼ੋਰ ਅਤੇ ਲੋੜਵੰਦ ਵਰਗਾਂ ਦੀ ਸਹਾਇਤਾ ਕਰਨਾ ਸਾਡੇ ਸਾਰੀਆਂ ਦੀ ਸਮਾਜਿਕ ਤੇ ਨੈਤਿਕ ਸਾਂਝੀ ਜਿੰਮੇਵਾਰੀ ਹੈ। ਉਨ੍ਹਾਂ ਅਰਿਹੰਤ ਸਪਿਨਿੰਗ ਮਿਲਜ਼ ਵੱਲੋਂ ਕੀਤੇ ਗਏ ਇਸ ਉਪਰਾਲੇ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਪਹਿਲਕਦਮੀਆਂ ਨਾਲ ਲੋੜਵੰਦ ਲੋਕਾਂ ਦੀ ਜ਼ਿੰਦਗੀ ਆਸਾਨ ਬਣਦੀ ਹੈ ਅਤੇ ਉਹ ਸਮਾਜ ਦੀ ਮੁੱਖ ਧਾਰਾ ਨਾਲ ਜੁੜ ਸਕਦੇ ਹਨ। ਉਨ੍ਹਾਂ ਜ਼ਿਲ੍ਹੇ ਦੀਆਂ ਸਮੂਹ ਉਦਯੋਗਿਕ ਇਕਾਈਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਕੰਪਨੀਆਂ ਦੇ ਸੀ.ਐਸ.ਆਰ ਫੰਡ ਦੀ ਵਰਤੋਂ ਸਮਾਜਿਕ ਭਲਾਈ ਲਈ ਵਧ ਚੜ੍ਹ ਕੇ ਕਰਨ। ਉਨ੍ਹਾਂ ਕਿਹਾ ਕਿ ਸੀ.ਐਸ.ਆਰ ਫੰਡ ਨੂੰ ਸਿਹਤ ਸੇਵਾਵਾਂ, ਸਿੱਖਿਆ, ਖੇਡਾਂ ਦੇ ਪ੍ਰੋਤਸਾਹਨ, ਵਾਤਾਵਰਣ ਦੀ ਸਵੱਛਤਾ ਲਈ ਉਪਰਾਲੇ ਅਤੇ ਅਪਾਤਕਾਲੀਨ ਸਥਿਤੀਆਂ ਵਿੱਚ ਲੋਕਾਂ ਦੀ ਮਦਦ ਵਰਗੇ ਲੋਕ-ਭਲਾਈ ਕਾਰਜਾਂ ਲਈ ਪ੍ਰਭਾਵਸ਼ਾਲੀ ਢੰਗ ਨਾਲ ਵਰਤਿਆ ਜਾ ਸਕਦਾ ਹੈ। ਵਿਧਾਇਕ ਅਮਰਗੜ੍ਹ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪਿਛਲੇ ਚਾਰ ਸਾਲਾਂ ਦੌਰਾਨ ਪੰਜਾਬ ਸਰਕਾਰ ਵੱਲੋਂ ਲੋਕ-ਭਲਾਈ ਅਤੇ ਵਿਕਾਸ ਦੇ ਕਈ ਇਤਿਹਾਸਕ ਫੈਸਲੇ ਕੀਤੇ ਗਏ ਹਨ। ਸਰਕਾਰ ਦਾ ਮੁੱਖ ਉਦੇਸ਼ ਹਰ ਵਰਗ ਦੇ ਲੋਕਾਂ ਤੱਕ ਸਰਕਾਰੀ ਯੋਜਨਾਵਾਂ ਦੇ ਲਾਭ ਪਹੁੰਚਾਉਣਾ ਅਤੇ ਸਮਾਜ ਦੇ ਪਿੱਛੜੇ ਵਰਗਾਂ ਨੂੰ ਮਜ਼ਬੂਤ ਬਣਾਉਣਾ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਦੇ ਇਨ੍ਹਾਂ ਯਤਨਾਂ ਨਾਲ ਸੂਬੇ ਵਿੱਚ ਸਮਾਜਿਕ ਸੁਰੱਖਿਆ ਅਤੇ ਭਲਾਈ ਦੇ ਖੇਤਰ ਵਿੱਚ ਮਹੱਤਵਪੂਰਨ ਬਦਲਾਅ ਆਏ ਹਨ। ਇਸ ਮੌਕੇ ਸਮਾਗਮ ਵਿੱਚ ਹਾਜ਼ਰ ਲੋੜਵੰਦ ਵਿਅਕਤੀਆਂ ਨੇ ਟਰਾਈ ਸਾਇਕਲਾਂ ਪ੍ਰਾਪਤ ਕਰਕੇ ਖੁਸ਼ੀ ਜਤਾਈ ਅਤੇ ਅਰਿਹੰਤ ਸਪਿਨਿੰਗ ਮਿਲਜ਼ ਅਤੇ ਪ੍ਰਸ਼ਾਸਨ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਸ ਸਹਾਇਤਾ ਨਾਲ ਉਨ੍ਹਾਂ ਨੂੰ ਆਵਾਜਾਈ ਵਿੱਚ ਬਹੁਤ ਸਹੂਲਤ ਮਿਲੇਗੀ ਅਤੇ ਉਹ ਆਪਣੀ ਰੋਜ਼ਾਨਾ ਦੀ ਜ਼ਿੰਦਗੀ ਹੋਰ ਆਸਾਨੀ ਨਾਲ ਬਤੀਤ ਕਰ ਸਕਣਗੇ।

# ਝਾੜ ਸਾਹਿਬ ਕਾਲਜ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਕਰਵਾਈ ਗਈ ਵਿਜ਼ਿਟ



**ਮਾਛੀਵਾੜਾ ਸਾਹਿਬ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੀ ਇਲਾਕੇ ਦੀ ਸਿਰਮੌਰ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ, ਝਾੜ ਸਾਹਿਬ ਦੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੀ ਯੋਗ ਅਗਵਾਈ, ਆਈ ਕਿਊ ਏ ਸੀ ਦੇ ਸਹਿਯੋਗ ਨਾਲ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਮੁੱਖੀ ਡਾ.ਮਹੀਪਿੰਦਰ ਕੌਰ ਅਤੇ ਪੰਜਾਬੀ ਸਾਹਿਤ ਸਭਾ ਦੇ ਇੰਚਾਰਜ ਜਸਵੀਰ ਕੌਰ ਦੇ ਸਾਂਝੇ ਯਤਨਾਂ ਸਦਕਾ ਕਹਾਣੀਕਾਰ ਸੁਖਜੀਤ ਦੇ ਘਰ ਅਤੇ ਉਨ੍ਹਾਂ ਦੀ ਯਾਦ ਵਿੱਚ ਬਣੀ ਸੁਖਜੀਤ ਯਾਦਗਾਰੀ ਸ਼ਬਦ ਲਾਇਬ੍ਰੇਰੀ ਦਾ ਵੀ ਵਿਜ਼ਿਟ ਕਰਵਾਇਆ ਗਿਆ। ਇਸ ਮੌਕੇ ਉਨ੍ਹਾਂ ਦੀ ਸੁਪਤਨੀ ਗੁਰਦੀਪ ਕੌਰ ਅਤੇ ਸਪੁੱਤਰੀ ਜਪਜੀ ਕੌਰ ਵੱਲੋਂ ਵਿਦਿਆਰਥਣਾਂ ਦਾ ਨਿੱਘਾ ਸਵਾਗਤ ਕਰਦੇ ਹੋਏ ਕਹਾਣੀਕਾਰ ਦੇ ਜੀਵਨ, ਰਚਨਾਵਾਂ ਤੇ ਸਾਹਿਤਕ ਯੋਗਦਾਨ ਬਾਰੇ ਵਿਸਥਾਰ ਪੂਰਵਕ ਦੱਸਿਆ ਗਿਆ। ਉਨ੍ਹਾਂ ਵੱਲੋਂ ਲੇਖਕ ਦੀ ਕਹਾਣੀ ਰਚਨਾਂ ਪਿਛਲੀਆਂ ਘਟਨਾਵਾਂ ਨੂੰ ਵੀ ਸਾਂਝਾ ਕੀਤਾ ਗਿਆ।

ਉਨ੍ਹਾਂ ਵਿਦਿਆਰਥਣਾਂ ਨੂੰ ਕਿਤਾਬਾਂ ਨਾਲ ਜੁੜਨ ਦੀ ਪ੍ਰੇਰਨਾ ਦਿੰਦੇ ਹੋਏ ਨਗਰ ਕੌਂਸਲ ਸ੍ਰੀ ਮਾਛੀਵਾੜਾ ਸਾਹਿਬ ਦੇ ਸਹਿਯੋਗ ਨਾਲ ਕਹਾਣੀਕਾਰ ਦੀ ਯਾਦ 'ਚ ਬਣ ਰਹੀ 'ਸੁਖਜੀਤ ਯਾਦਗਾਰੀ ਸ਼ਬਦ ਲਾਇਬ੍ਰੇਰੀ ਬਾਰੇ ਦੱਸਿਆ। ਸ੍ਰੀ ਅੰਮ੍ਰਿਤਪਾਲ ਸਮਰਾਲਾ ਨੇ ਕਹਾਣੀਕਾਰ ਦੀਆਂ ਸਾਹਿਤਕ ਪ੍ਰਾਪਤੀਆਂ ਬਾਰੇ ਚਾਨਣਾਂ ਪਾਉਂਦੇ ਹੋਏ ਕਿਹਾ ਕਿ ਇਨ੍ਹਾਂ ਦੀਆਂ ਰਚਨਾਵਾਂ ਵਿੱਚਲੀ ਵਿਲੱਖਣਤਾ ਕਾਰਨ ਹੀ ਸਾਹਿਤਅਕਾਦਮੀ ਪੁਰਸਕਾਰ ਅਤੇ ਹੋਰ ਅਨੇਕਾਂ ਪੁਰਸਕਾਰ ਮਿਲੇ। ਸੁਖਜੀਤ ਕਹਾਣੀਕਾਰ ਵੱਲੋਂ ਵਾਤਾਵਰਨ ਨੂੰ ਬਚਾਉਣ ਹਿੱਤ ਆਲੇ-ਦੁਆਲੇ ਬੂਟੇ ਲਗਾਉਣ ਦੀ ਮੁਹਿੰਮ ਨੂੰ ਅੱਗੇ ਤੋਰਨ ਹਿੱਤ ਇਲਾਕੇ ਵਿੱਚ ਬਹੁਤ ਸਾਰੇ ਪੌਦੇ ਲਗਾਏ ਜਾ ਰਹੇ ਹਨ ਤੇ ਵਿਦਿਆਰਥਣਾਂ ਨੂੰ ਵੀ ਇਸ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਵਿਦਿਆਰਥਣਾਂ ਨੇ ਸੁਖਜੀਤ ਕਹਾਣੀਕਾਰ ਦੇ ਘਰ ਬਣੀ ਲਾਇਬ੍ਰੇਰੀ ਵਿੱਚ ਪਈਆਂ ਅਨੇਕਾਂ ਪੁਸਤਕਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਸ੍ਰੀਮਤੀ ਗੁਰਦੀਪ ਕੌਰ ਵੱਲੋਂ ਕਾਲਜ ਦੇ ਪੰਜਾਬੀ ਵਿਭਾਗ ਨੂੰ ਸੁਖਜੀਤ ਦੀਆਂ ਚੋਣਵੀਆਂ ਕਹਾਣੀਆਂ 'ਮੈਂ ਜੈਸਾ ਹੂੰ ਮੈਂ ਵੈਸਾ ਕਿਉਂ ਹੂੰ' ਤੇ 'ਅੰਤਰਾ' ਆਦਿ ਪੁਸਤਕਾਂ ਭੇਟ ਕੀਤੀਆਂ ਗਈਆਂ। ਇਸ ਵਿਜ਼ਿਟ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਕਾਲਜ ਪ੍ਰਿੰਸੀਪਲ ਡਾ.ਰਜਿੰਦਰ ਕੌਰ ਨੇ ਕਿਹਾ ਕਿ ਵਿਦਿਆਰਥਣਾਂ ਅੰਦਰ ਸਾਹਿਤ ਸਬੰਧੀ ਚੇਟਕ ਲਗਾਉਣ ਹਿੱਤ,ਸਾਹਿਤਕਾਰਾਂ ਦੇ ਘਰ ਦੀ ਅਤੇ ਉਨ੍ਹਾਂ ਦੀ ਬਣੀ ਲਾਇਬ੍ਰੇਰੀ ਬਾਰੇ ਕਾਲਜ ਵੱਲੋਂ ਸਮੇਂ-ਸਮੇਂ ਵਿਜ਼ਿਟ ਕਰਵਾਈ ਜਾਂਦੀ ਹੈ, ਜਿਸ ਨਾਲ ਵਿਦਿਆਰਥਣਾਂ ਅੰਦਰ ਪੜ੍ਹਨ ਅਤੇ ਲਿਖਣ ਦੀ ਰੁਚੀ ਪੈਦਾ ਹੁੰਦੀ ਹੈ। ਉਨ੍ਹਾਂ ਵਿਸ਼ੇਸ਼ ਤੌਰ ਤੇ ਦੱਸਿਆ ਕਿ ਸ. ਸੁਖਮਿੰਦਰ ਸਿੰਘ (ਸਕੱਤਰ ਵਿੱਦਿਆ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਅਣਥੱਕ ਯਤਨਾਂ ਸਦਕਾ ਵਿਦਿਆਰਥਣਾਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੋੜਨ ਲਈ ਵਿਸ਼ੇਸ਼ ਤੌਰ ਤੇ ਕਾਲਜ ਵਿੱਚ ਵਿਰਸਾ ਘਰ ਦੀ ਉਸਾਰੀ ਕਰਵਾਈ ਜਾ ਰਹੀ ਹੈ।

# ਸਹੁਰੇ ਪਰਿਵਾਰ ਤੋਂ ਤੰਗ ਆ ਕੇ ਫਾਹਾ ਲੈ ਕੇ ਖ਼ੁਦਕੁਸ਼ੀ ਕਰਨ ਦਾ ਮਾਮਲੇ 'ਚ ਮ੍ਰਿਤਕਾ ਦਾ ਪਤੀ ਕਾਬੂ, ਸੱਸ ਫਰਾਰ

**ਸਮਾਣਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਦਿਨੀਂ ਪਿੰਡ ਕਕਰਾਲਾ ਭਾਈਕਾ ਵਿਖੇ ਸਹੁਰੇ ਪਰਿਵਾਰ ਤੋਂ ਤੰਗ ਆ ਕੇ ਫਾਹਾ - ਲੈ ਕੇ ਖ਼ੁਦਕੁਸ਼ੀ ਕਰਨ ਵਾਲੀ 25 ਸਾਲਾ ਨੌਜਵਾਨ ਲੜਕੀ - ਕਮਲਪ੍ਰੀਤ ਕੌਰ ਦੀ ਦੇਹ ਦਾ ਮੰਗਲਵਾਰ ਨੂੰ ਸਿਵਲ ਹਸਪਤਾਲ - ਸਮਾਣਾ ਵਿਖੇ ਪੋਸਟਮਾਰਟਮ ਕਰਵਾਉਣ ਤੋਂ ਬਾਅਦ ਲਾਸ਼ - ਵਾਰਸਾਂ ਦੇ ਹਵਾਲੇ ਕਰ ਦਿੱਤੀ - ਗਈ। ਮਾਮਲੇ ਦੇ ਜਾਂਚ ਅਧਿਕਾਰੀ ਅਤੇ ਮਵੀਕਲਾਂ ਪੁਲਸ ਚੌਕੀ ਦੇ - ਇੰਚਾਰਜ ਸਬ-ਇੰਸਪੈਕਟਰ - ਕੁਲਦੀਪ ਸਿੰਘ ਨੇ ਦੱਸਿਆ ਕਿ ਹਸਪਤਾਲ ਦੇ ਡਾ. ਗੁਰਪ੍ਰੀਤ ਸਿੰਘ, ਡਾ. ਦੀਪਿਕਾ ਬੰਸਲ ਅਤੇ ਡਾ. ਮਨਿੰਦਰ ਸਿੰਘ 'ਤੇ ਆਧਾਰਿਤ ਤਿੰਨ ਮੈਂਬਰੀ ਡਾਕਟਰਾਂ ਦੇ ਪੈਨਲ ਵੱਲੋਂ ਪੋਸਟਮਾਰਟਮ ਉਪਰੰਤ ਵਿਸਰਾ ਜਾਂਚ ਵਾਸਤੇ ਲੈਬ ਭੇਜ ਦਿੱਤਾ ਗਿਆ ਹੈ।

ਪੁਲਿਸ ਅਧਿਕਾਰੀ ਅਨੁਸਾਰ, ਇਸ ਮਾਮਲੇ ਦੇ ਮੁੱਖ ਮੁਲਜ਼ਮ ਮ੍ਰਿਤਕਾ ਦੇ ਪਤੀ ਜਸਵੀਰ ਸਿੰਘ (ਨਿਵਾਸੀ ਪਿੰਡ ਕਕਰਾਲਾ) ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਜਦਕਿ ਮ੍ਰਿਤਕਾ ਦੀ ਸੱਸ ਅਜੇ ਫ਼ਰਾਰ ਹੈ, ਜਿਸ ਦੀ ਭਾਲ ਵਿੱਚ ਪੁਲਿਸ ਵੱਲੋਂ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ।

# ਚੇਅਰਮੈਨ ਇੰਦਰਜੀਤ ਸਿੰਘ ਸੰਧੂ ਨੇ ਆਯੁਸ਼ਮਾਨ ਅਰੋਗਿਆ ਕੇਂਦਰ ਦਾ ਕੀਤਾ ਅਚਨਚੇਤ ਦੌਰਾ



**ਸਨੌਰ,11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਨੌਰ ਵਿੱਚ ਸਿਹਤ ਸਹੂਲਤਾਂ ਦੇ ਪ੍ਰਬੰਧਾਂ ਨੂੰ ਧਿਆਨ ਚ ਰੱਖਦੇ ਰੱਖਦੇ ਹੋਏ ਅੱਜ 'ਆਪ' ਦੇ ਸੀਨੀਅਰ ਆਗੂ ਤੇ ਪੰਜਾਬ ਵੇਰਹਾਊਸਿੰਗ ਕੰਟੈਨਰ ਵਿਭਾਗ ਦੇ ਵਾਈਸ ਚੇਅਰਮੈਨ ਇੰਦਰਜੀਤ ਸਿੰਘ ਸੰਧੂ ਵੱਲੋਂ ਨਾਨਕਸਰ ਗੁਰਦੁਆਰਾ ਸਾਹਿਬ ਦੇ ਨੇੜੇ ਸਥਿਤ ਆਯੂਸ਼ਮਾਨ ਅਰੋਗਿਆ ਕੇਂਦਰ ਦਾ ਅਚਨਚੇਤ ਦੌਰਾ ਕੀਤਾ ਗਿਆ। ਇਹ ਦੌਰਾ ਉਸ ਸਮੇਂ ਕੀਤਾ ਗਿਆ ਜਦੋਂ ਸਵੇਰੇ ਇਸ ਕੇਂਦਰ ਦੇ ਦੇਰ ਨਾਲ ਖੁਲ੍ਹਣ ਬਾਰੇ ਸ਼ਿਕਾਇਤ ਪ੍ਰਾਪਤ ਹੋਈ ਸੀ। ਇੰਦਰਜੀਤ ਸਿੰਘ ਸੰਧੂ ਨੇ ਆਪਣੇ ਸਾਥੀਆਂ ਸਮੇਤ ਮੌਕੇ 'ਤੇ ਪਹੁੰਚ ਕੇ ਹਾਲਾਤਾਂ ਦਾ ਜਾਇਜ਼ਾ ਲਿਆ ਅਤੇ ਕੇਂਦਰ ਦੇ ਕੰਮਕਾਜ ਦੀ ਜਾਂਚ ਕੀਤੀ। ਦੌਰੇ ਦੌਰਾਨ ਉਹਨਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਹਨਾਂ ਦੱਸਿਆ ਕਿ ਸਿਹਤ ਕੇਂਦਰ ਦੇ ਦੇਰ ਨਾਲ ਖੁਲ੍ਹਣ ਦੀ ਸ਼ਿਕਾਇਤ ਦੀ ਪੁਸ਼ਟੀ ਕਰਨ ਉਪਰੰਤ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਤੁਰੰਤ ਕਾਰਵਾਈ ਕੀਤੀ ਗਈ ਹੈ। ਉਹਨਾਂ ਅੱਗੇ ਕਿਹਾ ਕਿ ਇਸ ਸਬੰਧੀ ਸਿਵਲ ਸਰਜਨ ਦਫ਼ਤਰ ਨੂੰ ਸ਼ਿਕਾਇਤ ਭੇਜੀ ਗਈ ਹੈ ਅਤੇ ਸੰਬੰਧਿਤ ਕਰਮਚਾਰੀਆਂ ਨੂੰ ਚੇਤਾਵਨੀ ਜਾਰੀ ਕੀਤੀ ਗਈ ਹੈ। ਉਹਨਾਂ ਜ਼ੋਰ ਦੇ ਕੇ ਕਿਹਾ ਕਿ ਜੇ ਭਵਿੱਖ ਵਿੱਚ ਇਸ ਤਰ੍ਹਾਂ ਦੀ ਲਾਪਰਵਾਹੀ ਦੁਬਾਰਾ ਸਾਹਮਣੇ ਆਉਂਦੀ ਹੈ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇੰਦਰਜੀਤ ਸਿੰਘ ਸੰਧੂ ਨੇ ਇਹ ਵੀ ਕਿਹਾ ਕਿ ਸਰਕਾਰ ਵੱਲੋਂ ਆਯੂਸ਼ਮਾਨ ਅਰੋਗਿਆ ਕੇਂਦਰਾਂ ਰਾਹੀਂ ਲੋਕਾਂ ਨੂੰ ਮੁਫ਼ਤ ਅਤੇ ਬਿਹਤਰ ਸਿਹਤ ਸੇਵਾਵਾਂ ਪ੍ਰਦਾਨ ਕਰਨ ਦਾ ਉਦੇਸ਼ ਹੈ ਅਤੇ ਇਸ ਮਕਸਦ ਨੂੰ ਪੂਰਾ ਕਰਨ ਲਈ ਸਾਰੇ ਕਰਮਚਾਰੀਆਂ ਨੂੰ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਿਭਾਉਣੀ ਚਾਹੀਦੀ ਹੈ। ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਨਰਿੰਦਰ ਸਿੰਘ ਤੱਖਰ,ਅਮਰ ਅਲੀ, ਹਾਂਡਾ ਨਾਲ ਹੋਰ ਆਗੂ ਵੀ ਮੌਜੂਦ ਰਹੇ।

# ਮੁੱਖ ਅਧਿਆਪਕਾ ਡਾ. ਇੰਦਰਜੀਤ ਕੌਰ ਵੱਲੋਂ ਅਧਿਆਪਕ ਯੋਗਤਾ ਟੈਸਟ-2025 ਪਹਿਲੀ ਕੋਸ਼ਿਸ਼ ਵਿੱਚ ਪਾਸ

## ਸਰਵ-ਉੱਚ ਅਦਾਲਤ ਦੇ ਆਦੇਸ਼ਾਂ ਅਨੁਸਾਰ ਸੇਵਾ ਨਿਭਾ ਰਹੇ ਅਧਿਆਪਕਾਂ ਲਈ ਵੀ ਲਾਜ਼ਮੀ ਕੀਤਾ ਗਿਆ ਹੈ ਅਧਿਆਪਕ ਯੋਗਤਾ ਟੈਸਟ

**ਪਟਿਆਲਾ, 11 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ (ਐਸ.ਸੀ.ਈ.ਆਰ.ਟੀ.), ਪੰਜਾਬ ਵੱਲੋਂ 15 ਮਾਰਚ ਨੂੰ ਪੰਜਾਬ ਭਰ ਵਿੱਚ ਲਏ ਗਏ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ-2025 ਦਾ ਨਤੀਜਾ ਅੱਜ ਐਲਾਨ ਦਿੱਤਾ ਗਿਆ ਹੈ। ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ ਸਰਕਾਰੀ ਸਮਾਰਟ ਸਕੂਲ, ਦਾਣਾ ਮੰਡੀ, ਪਟਿਆਲਾ ਦੇ ਮੁੱਖ-ਅਧਿਆਪਕਾ ਡਾ. ਇੰਦਰਜੀਤ ਕੌਰ ਵੱਲੋਂ ਪਹਿਲੀ ਕੋਸ਼ਿਸ਼ ਵਿੱਚ ਹੀ ਪਾਸ ਕਰ ਕੇ ਆਪਣਾ ਅਤੇ ਆਪਣੇ ਵਿਭਾਗ ਦਾ ਨਾਂ ਰੌਸ਼ਨ ਕੀਤਾ ਗਿਆ ਹੈ। ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਵੱਲੋਂ ਅੱਜ ਐਲਾਨੇ ਗਏ ਨਤੀਜੇ ਵਿੱਚ ਡਾ. ਇੰਦਰਜੀਤ ਕੌਰ ਵੱਲੋਂ ਇਸ ਟੈਸਟ ਵਿੱਚੋਂ 150 ਵਿੱਚੋਂ 120 ਨੰਬਰ ਪ੍ਰਾਪਤ ਕਰਕੇ ਪਾਸ ਕੀਤਾ ਗਿਆ ਹੈ।

ਇੱਥੇ ਦੱਸਣਾ ਉਚਿਤ ਹੋਵੇਗਾ ਕਿ ਦੇਸ਼ ਦੀ ਸਰਵ-ਉੱਚ ਅਦਾਲਤ ਵੱਲੋਂ ਆਏ ਆਦੇਸ਼ਾਂ ਵਿੱਚ ਸੇਵਾ ਨਿਭਾ ਰਹੇ ਅਧਿਆਪਕਾਂ ਲਈ ਵੀ ਅਧਿਆਪਕ ਯੋਗਤਾ ਟੈਸਟ ਪਾਸ ਕਰਨਾ ਲਾਜ਼ਮੀ ਕੀਤਾ ਗਿਆ ਹੈ ਜਿਸ ਦੀ ਪਾਲਣਾ ਕਰਨ ਲਈ ਸਿੱਖਿਆ ਵਿਭਾਗ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਹੀ ਡਾ. ਇੰਦਰਜੀਤ ਕੌਰ ਵੱਲੋਂ ਇਹ ਟੈਸਟ ਦਿੱਤਾ ਗਿਆ ਸੀ। ਜ਼ਿਕਰਯੋਗ ਹੈ ਕਿ ਡਾ. ਇੰਦਰਜੀਤ ਕੌਰ ਸਾਲ 2002 ਤੋਂ ਸਿੱਖਿਆ ਵਿਭਾਗ ਵਿੱਚ ਸੇਵਾ ਨਿਭਾ ਰਹੇ ਹਨ, ਜਿਨ੍ਹਾਂ ਨੇ ਆਪਣੀ ਮੁਢਲੀ ਸਿੱਖਿਆ ਸਰਕਾਰੀ ਪ੍ਰਾਇਮਰੀ ਸਕੂਲ, ਦੁਖਨਿਵਾਰਨ ਸਾਹਿਬ ਤੋਂ ਅਤੇ 12ਵੀਂ ਤੱਕ ਦੀ ਸਿੱਖਿਆ ਬੀ. ਐਨ. ਖਾਲਸਾ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਤੋਂ ਪਹਿਲੇ ਦਰਜੇ ਵਿੱਚ ਪਾਸ ਕੀਤੀ ਹੈ। ਉਨ੍ਹਾਂ ਨੇ ਸਰਕਾਰੀ ਕਾਲਜ ਲੜਕੀਆਂ, ਪਟਿਆਲਾ ਤੋਂ ਗ੍ਰੈਜੂਏਸ਼ਨ ਕਰਨ ਤੋਂ ਬਾਅਦ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਬੀ.ਐਡ. ਦੀ ਡਿਗਰੀ ਪਹਿਲੇ ਦਰਜੇ ਵਿੱਚ ਹਾਸਲ ਕੀਤੀ। ਉਨ੍ਹਾਂ ਨੇ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਤੋਂ ਐਮ.ਏ. (ਇਤਿਹਾਸ) ਵਿੱਚ ਗੋਲਡ ਮੈਡਲ ਹਾਸਲ ਕੀਤਾ।

ਡਾ. ਇੰਦਰਜੀਤ ਕੌਰ ਵੱਲੋਂ ਇਤਿਹਾਸ ਵਿਸ਼ੇ ਵਿੱਚ ਹੀ ਯੂ.ਜੀ.ਸੀ. (ਨੈੱਟ) ਪ੍ਰੀਖਿਆ ਪਾਸ ਕਰਨ 'ਤੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਭਾਰਤ ਸਰਕਾਰ), ਨਵੀਂ ਦਿੱਲੀ ਵੱਲੋਂ ਉਨ੍ਹਾਂ ਨੂੰ ਦੇਸ਼ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਬਤੌਰ ਅਸਿਸਟੈਂਟ ਪ੍ਰੋਫੈਸਰ ਪੜ੍ਹਾਉਣ ਲਈ ਵੀ ਯੋਗ ਘੋਸ਼ਿਤ ਕੀਤਾ ਗਿਆ ਹੈ। ਉਨ੍ਹਾਂ ਨੇ ਇਤਿਹਾਸ ਵਿਸ਼ੇ ਵਿੱਚ ਹੀ ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ, ਸ਼ਿਮਲਾ ਤੋਂ ਮਾਸਟਰ ਆਫ ਫਿਲਾਸਫੀ (ਐਮ.ਫਿਲ.) ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਡਾਕਟਰ ਆਫ ਫਿਲਾਸਫੀ (ਪੀ-ਐਚ.ਡੀ.) ਦੀ ਡਿਗਰੀ ਹਾਸਲ ਕੀਤੀ। ਡਾ. ਇੰਦਰਜੀਤ ਕੌਰ ਨੇ ਦੇਸ਼ ਦੀ ਆਜ਼ਾਦੀ ਵਿੱਚ ਪੰਜਾਬੀਆਂ ਵੱਲੋਂ ਪਾਏ ਵੱਡਮੁੱਲੇ ਯੋਗਦਾਨ ਬਾਰੇ ਦੋ ਖੋਜ ਭਰਪੂਰ ਕਿਤਾਬਾਂ ਅੰਗਰੇਜ਼ੀ ਭਾਸ਼ਾ ਵਿੱਚ ਲਿਖ ਕੇ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਬਾਰੇ ਸਿੱਖਿਆ ਦੇ ਖੇਤਰ ਵਿੱਚ ਕੌਮਾਂਤਰੀ ਪੱਧਰ 'ਤੇ ਆਪਣਾ ਅਹਿਮ ਯੋਗਦਾਨ ਪਾਇਆ ਹੈ। ਡਾ. ਖੋਖਰ ਦੇ ਹੁਣ ਤੱਕ ਆਜ਼ਾਦੀ ਸੰਘਰਸ਼ ਬਾਰੇ 5 ਖੋਜ-ਪੱਤਰ ਕੌਮੀ ਅਤੇ ਕੌਮਾਂਤਰੀ ਪੱਧਰ ਦੇ ਪ੍ਰਸਿੱਧ ਰਿਸਰਚ ਜਰਨਲਜ਼ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ ਅਤੇ ਉਨ੍ਹਾਂ ਦੀ ਤੀਜੀ ਕਿਤਾਬ ਛਪਾਈ ਅਧੀਨ ਹੈ।

# ਜਸਟਿਸ ਯਸ਼ਵੰਤ ਵਰਮਾ ਵੱਲੋਂ ਅਸਤੀਫ਼ਾ, ਸੰਸਦ ਵੱਲੋਂ ਹਟਾਏ ਜਾਣ ਦੀ ਕਾਰਵਾਈ ਤੋਂ ਬਚੇ



ਨਵੀਂ ਦਿੱਲੀ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਵਿੱਚ ਸਰਕਾਰੀ ਰਿਹਾਇਸ਼ ਤੋਂ ਬਿਨਾਂ ਹਿਸਾਬ-ਕਿਤਾਬ ਵਾਲੀ ਨਕਦੀ ਦੀ ਬਰਾਮਦਗੀ ਕਾਰਨ ਪੈਦਾ ਹੋਏ ਸਿਆਸੀ ਤੂਫ਼ਾਨ ਅਤੇ ਨਿਆਂਇਕ ਜਵਾਬਦੇਹੀ 'ਤੇ ਉੱਠੇ ਸਵਾਲਾਂ ਦੇ ਇੱਕ ਸਾਲ ਤੋਂ ਵੱਧ ਸਮੇਂ ਬਾਅਦ ਇਲਾਹਾਬਾਦ ਹਾਈ ਕੋਰਟ ਦੇ ਜਸਟਿਸ ਯਸ਼ਵੰਤ ਵਰਮਾ ਨੇ ਅੱਜ ਰਾਸ਼ਟਰਪਤੀ ਦਰੋਪਦੀ ਮੁਰਮੂ ਨੂੰ ਆਪਣਾ ਅਸਤੀਫ਼ਾ ਸੌਂਪ ਦਿੱਤਾ ਹੈ। ਅਜਿਹਾ ਕਰਕੇ, ਵਰਮਾ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਲਈ ਸੰਸਦ ਵਿੱਚ ਹੋਣ ਵਾਲੀ ਸੰਭਾਵੀ ਕਾਰਵਾਈ ਤੋਂ ਬਚ ਗਏ ਹਨ।

ਲੋਕ ਸਭਾ ਸਪੀਕਰ ਓਮ ਬਿਰਲਾ ਨੇ ਪਹਿਲਾਂ ਜਸਟਿਸ ਵਰਮਾ ਨੂੰ ਹਾਈ ਕੋਰਟ ਦੇ ਜੱਜ ਵਜੋਂ ਹਟਾਉਣ ਦੇ ਪ੍ਰਸਤਾਵ ਨੂੰ ਪ੍ਰਵਾਨਗੀ ਦਿੱਤੀ ਸੀ ਅਤੇ ਉਨ੍ਹਾਂ ਵਿਰੁੱਧ ਲੱਗੇ ਦੋਸ਼ਾਂ ਦੀ ਜਾਂਚ ਲਈ 'ਜੱਜ ਇਨਕੁਆਇਰੀ ਐਕਟ 1968' ਤਹਿਤ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਸੀ। ਜਸਟਿਸ ਵਰਮਾ ਨੇ ਸਪੀਕਰ ਦੇ ਇਸ ਕਦਮ ਨੂੰ ਚੁਣੌਤੀ ਦੇਣ ਲਈ ਸੁਪਰੀਮ ਕੋਰਟ ਤੱਕ ਪਹੁੰਚ ਕੀਤੀ ਸੀ, ਪਰ ਸੁਪਰੀਮ ਕੋਰਟ ਨੇ ਉਨ੍ਹਾਂ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ ਅਤੇ ਉਨ੍ਹਾਂ ਵਿਰੁੱਧ ਸੰਸਦੀ ਕਾਰਵਾਈ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ ਸੀ।

ਸਾਰੇ ਮੌਕੇ ਖ਼ਤਮ ਹੋਣ ਤੋਂ ਬਾਅਦ ਜਸਟਿਸ ਵਰਮਾ ਨੇ ਅੱਜ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। 22 ਮਾਰਚ, 2025 ਨੂੰ ਤਤਕਾਲੀ ਚੀਫ਼ ਜਸਟਿਸ ਸੰਜੀਵ ਖੰਨਾ ਨੇ 14 ਮਾਰਚ, 2025 ਨੂੰ ਯਸ਼ਵੰਤ ਵਰਮਾ ਦੀ ਦਿੱਲੀ ਰਿਹਾਇਸ਼ 'ਤੇ ਬਿਨਾਂ ਹਿਸਾਬ-ਕਿਤਾਬ ਵਾਲੀ ਕਰੰਸੀ ਮਿਲਣ ਦੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਸੀ, ਜਦੋਂ ਉਹ ਦਿੱਲੀ ਹਾਈ ਕੋਰਟ ਦੇ ਜੱਜ ਸਨ। ਜਾਂਚ ਤੋਂ ਬਾਅਦ ਜਸਟਿਸ ਵਰਮਾ ਦਾ ਤਬਾਦਲਾ ਇਲਾਹਾਬਾਦ ਹਾਈ ਕੋਰਟ ਕਰ ਦਿੱਤਾ ਗਿਆ ਸੀ।

# ਚੋਣਾਂ ਤੋਂ ਪਹਿਲਾਂ ਵੋਟਰ ਸੂਚੀਆਂ ਨੂੰ ਫ੍ਰੀਜ਼ ਕਰਨ ਦੇ ਫੈਸਲੇ ਵਿਰੁੱਧ ਪਟੀਸ਼ਨ 'ਤੇ ਸੁਣਵਾਈ ਲਈ ਸੁਪਰੀਮ ਕੋਰਟ ਸਹਿਮਤ

ਨਵੀਂ ਦਿੱਲੀ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸੁਪਰੀਮ ਕੋਰਟ ਸ਼ੁੱਕਰਵਾਰ ਨੂੰ ਪੱਛਮੀ ਬੰਗਾਲ ਦੀਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਨੂੰ ਫ੍ਰੀਜ਼ (ਸਥਿਰ) ਕਰਨ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਪੈਂਡਿੰਗ ਪਟੀਸ਼ਨਾਂ ਦੇ ਨਾਲ ਇੱਕ ਨਵੀਂ ਪਟੀਸ਼ਨ 'ਤੇ 13 ਅਪਰੈਲ ਨੂੰ ਸੁਣਵਾਈ ਕਰਨ ਲਈ ਸਹਿਮਤ ਹੋ ਗਈ ਹੈ। ਚੋਣ ਪੈਨਲ ਨੇ ਪਹਿਲੇ ਪੜਾਅ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਸੀਟਾਂ ਲਈ ਵੋਟਰ ਸੂਚੀਆਂ ਨੂੰ ਫ੍ਰੀਜ਼ ਕਰਕੇ ਅੰਤਿਮ ਰੂਪ ਦੇ ਦਿੱਤਾ ਹੈ।

ਪੱਛਮੀ ਬੰਗਾਲ ਵਿੱਚ ਵਿਧਾਨ ਸਭਾ ਚੋਣਾਂ ਦੋ ਪੜਾਵਾਂ ਵਿੱਚ 23 ਅਤੇ 29 ਅਪਰੈਲ ਨੂੰ ਹੋਣਗੀਆਂ ਅਤੇ ਸਾਰੀਆਂ ਚੋਣਾਂ ਦੀ ਗਿਣਤੀ 4 ਮਈ ਨੂੰ ਹੋਵੇਗੀ। ਵੋਟਰ ਸੂਚੀਆਂ ਨੂੰ ਫ੍ਰੀਜ਼ ਕਰਨ ਦਾ ਮਤਲਬ ਹੈ ਕਿ ਹੁਣ ਕੋਈ ਵੀ ਨਵਾਂ ਵਿਅਕਤੀ, ਜਿਸਦਾ ਨਾਮ ਹਟਾ ਦਿੱਤਾ ਗਿਆ ਹੈ, ਇਨ੍ਹਾਂ ਵਿਧਾਨ ਸਭਾ ਚੋਣਾਂ ਲਈ ਵੋਟਰ ਸੂਚੀ ਵਿੱਚ ਨਹੀਂ ਜੋੜਿਆ ਜਾ ਸਕਦਾ।



ਚੀਫ਼ ਜਸਟਿਸ ਸੂਰਿਆ ਕਾਂਤ, ਜਸਟਿਸ ਜੋਏਮਾਲਿਆ ਬਾਗਚੀ ਅਤੇ ਜਸਟਿਸ ਵਿਪੁਲ ਐੱਮ. ਪੰਚੋਲੀ ਦੀ ਬੈਂਚ ਨੂੰ ਇੱਕ ਵਕੀਲ ਨੇ ਇਸ ਮਾਮਲੇ 'ਤੇ ਤੁਰੰਤ ਸੁਣਵਾਈ ਕਰਨ ਦੀ ਅਪੀਲ ਕੀਤੀ। ਵਕੀਲ ਨੇ ਕਿਹਾ ਕਿ ਵੋਟਰ ਸੂਚੀਆਂ ਵਿੱਚੋਂ ਨਾਮ ਹਟਾਏ ਜਾਣ ਵਿਰੁੱਧ ਕਈ ਅਪੀਲਾਂ ਅਜੇ ਵੀ ਪੈਂਡਿੰਗ ਹਨ ਅਤੇ ਚੋਣ ਪੈਨਲ ਨੇ 9 ਅਪਰੈਲ ਨੂੰ ਸੂਚੀਆਂ ਨੂੰ ਫ੍ਰੀਜ਼ ਕਰ ਦਿੱਤਾ ਹੈ।

ਚੀਫ਼ ਜਸਟਿਸ ਨੇ ਕਿਹਾ, ਅਸੀਂ 13 ਅਪਰੈਲ ਨੂੰ ਪਟੀਸ਼ਨ 'ਤੇ ਵਿਚਾਰ ਕਰਾਂਗੇ। ਚੋਣ ਪੈਨਲ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਡੀ ਐੱਸ ਨਾਇਡੂ ਨੇ ਕਿਹਾ ਕਿ ਫ੍ਰੀਜ਼ ਕਰਨ ਦੀ ਮਿਤੀ 9 ਅਪਰੈਲ ਸੀ ਅਤੇ ਉਸ ਤੋਂ ਬਾਅਦ ਕਿਸੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਜਸਟਿਸ ਬਾਗਚੀ ਨੇ ਟਿੱਪਣੀ ਕੀਤੀ ਕਿ ਚੋਣਾਂ ਦੇ ਸਬੰਧ ਵਿੱਚ ਇੱਕ ਕੱਟ-ਆਫ ਲਾਈਨ ਹੁੰਦੀ ਹੈ, ਪਰ ਵੋਟਰ ਸੂਚੀ ਵਿੱਚ ਹੋਣ ਅਤੇ ਵੋਟ ਪਾਉਣ ਦਾ ਸੰਵਿਧਾਨਕ ਅਧਿਕਾਰ ਬਹੁਤ ਉੱਚਾ ਅਤੇ ਸਥਾਈ ਹੈ। ਚੀਫ਼ ਜਸਟਿਸ ਨੇ ਕਿਹਾ ਕਿ ਵਿਅਕਤੀ ਨੂੰ ਸਥਾਈ ਤੌਰ 'ਤੇ ਵਾਂਝਾ ਨਹੀਂ ਕੀਤਾ ਜਾ ਰਿਹਾ ਹੈ।

6 ਅਪਰੈਲ ਨੂੰ, ਬੈਂਚ ਨੇ ਨੋਟ ਕੀਤਾ ਸੀ ਕਿ ਪੱਛਮੀ ਬੰਗਾਲ ਵਿੱਚ ਚੱਲ ਰਹੀ ਵਿਸ਼ੇਸ਼ ਤੀਬਰ ਸੁਧਾਰ ਪ੍ਰਕਿਰਿਆ ਦੌਰਾਨ ਵੋਟਰ ਸੂਚੀਆਂ ਵਿੱਚੋਂ ਹਟਾਏ ਗਏ ਲੋਕਾਂ ਦੇ ਲਗਪਗ 60 ਲੱਖ ਦਾਅਵਿਆਂ ਅਤੇ ਇਤਰਾਜ਼ਾਂ ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ। ਅਦਾਲਤ ਨੇ ਕਲਕੱਤਾ ਹਾਈ ਕੋਰਟ ਦੇ ਚੀਫ਼ ਜਸਟਿਸ ਨੂੰ 19 ਟ੍ਰਿਬਿਊਨਲਾਂ ਲਈ ਇੱਕਸਾਰ ਪ੍ਰਕਿਰਿਆ ਤੈਅ ਕਰਨ ਲਈ ਸਾਬਕਾ ਸੀਨੀਅਰ ਜੱਜਾਂ ਦਾ ਤਿੰਨ ਮੈਂਬਰੀ ਪੈਨਲ ਬਣਾਉਣ ਲਈ ਕਿਹਾ ਸੀ।

# ਬੀ.ਜੇ.ਪੀ. ਸਰਕਾਰ ਬਣਨ 'ਤੇ ਔਰਤਾਂ ਨੂੰ ਹਰ ਮਹੀਨੇ ਮਿਲਣਗੇ 3000 ਰੁਪਏ : ਅਮਿਤ ਸ਼ਾਹ



ਕੋਲਕਾਤਾ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਭਾਜਪਾ ਨੇ ਸ਼ੁੱਕਰਵਾਰ ਨੂੰ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਲਈ ਆਪਣਾ ਮੈਨੀਫੈਸਟੋ ਜਾਰੀ ਕਰ ਦਿੱਤਾ ਹੈ। ਇਸ ਮੌਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੂਬੇ ਦੇ ਵਿਕਾਸ, ਚੰਗੇ ਸ਼ਾਸਨ ਅਤੇ ਕਾਨੂੰਨ ਵਿਵਸਥਾ ਲਈ ਇੱਕ ਖਾਸ ਯੋਜਨਾ ਪੇਸ਼ ਕੀਤੀ, ਜਿਸ ਨੂੰ ਤੈਅ ਸਮੇਂ ਅੰਦਰ ਪੂਰਾ ਕਰਨ ਦਾ ਭਰੋਸਾ ਦਿੱਤਾ ਗਿਆ ਹੈ।

ਪਾਰਟੀ ਦਾ ਵਿਜ਼ਨ ਪੇਸ਼ ਕਰਦੇ ਹੋਏ, ਕੇਂਦਰੀ ਗ੍ਰਹਿ ਮੰਤਰੀ ਨੇ ਗੈਰ-ਕਾਨੂੰਨੀ ਪਰਵਾਸ 'ਤੇ ਸਖ਼ਤ ਰੁਖ ਅਖਤਿਆਰ ਕੀਤਾ ਅਤੇ ਘੁਸਪੈਠੀਆਂ ਵਿਰੁੱਧ ਭਾਜਪਾ ਦੀ ਪ੍ਰਸਤਾਵਿਤ ਕਾਰਵਾਈ ਦੇ ਹਿੱਸੇ ਵਜੋਂ 'ਡੀਟੈਕਟ, ਡਿਲਿਟ, ਡਿਪੋਰਟ' (ਪਛਾਣ ਕਰੋ, ਹਟਾਓ, ਦੇਸ਼ ਨਿਕਾਲਾ ਦਿਓ) ਦਾ ਨਾਅਰਾ ਦਿੱਤਾ।

ਭਾਜਪਾ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਔਰਤਾਂ ਦੀ ਭਲਾਈ 'ਤੇ ਖਾਸ ਧਿਆਨ ਦਿੱਤਾ ਹੈ। ਪਾਰਟੀ ਨੇ ਵਾਅਦਾ ਕੀਤਾ ਹੈ ਕਿ ਸੱਤਾ ਵਿੱਚ ਆਉਣ 'ਤੇ ਔਰਤਾਂ ਨੂੰ ਹਰ ਮਹੀਨੇ 3,000 ਰੁਪਏ ਦੀ ਵਿੱਤੀ ਮਦਦ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਔਰਤਾਂ ਲਈ ਵਿਸ਼ੇਸ਼ ਸਿਹਤ ਜਾਂਚ ਅਤੇ ਪੂਰੇ ਸੂਬੇ ਵਿੱਚ ਆਯੁਸ਼ਮਾਨ ਭਾਰਤ ਵਰਗੀਆਂ ਮੁਫ਼ਤ ਇਲਾਜ ਵਾਲੀਆਂ ਕੇਂਦਰੀ ਸਕੀਮਾਂ ਲਾਗੂ ਕਰਨ ਦਾ ਵਾਅਦਾ ਕੀਤਾ ਗਿਆ ਹੈ।

ਭਾਜਪਾ ਨੇ ਐਲਾਨ ਕੀਤਾ ਹੈ ਕਿ ਉਸ ਦੇ ਸੱਤਾ ਵਿੱਚ ਆਉਣ ਦੇ ਮਹਿਜ਼ 45 ਦਿਨਾਂ ਦੇ ਅੰਦਰ 7ਵੇਂ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਲਾਗੂ ਕਰ ਦਿੱਤੀਆਂ ਜਾਣਗੀਆਂ। ਇਸ ਦੇ ਨਾਲ ਹੀ ਪਾਰਟੀ ਨੇ 6 ਮਹੀਨਿਆਂ ਦੇ ਅੰਦਰ ਯੂਨੀਫੋਰਮ ਸਿਵਲ ਕੋਡ ("33) ਲਾਗੂ ਕਰਨ ਅਤੇ ਭ੍ਰਿਸ਼ਟਾਚਾਰ ਦੇ ਮਾਮਲਿਆਂ 'ਤੇ ਵ੍ਹਾਈਟ ਪੇਪਰ ਜਾਰੀ ਕਰਨ ਦਾ ਵੀ ਵਾਅਦਾ ਕੀਤਾ ਹੈ।

# ਮਾਨ ਵੱਲੋਂ ਕੇਂਦਰ ਤੋਂ ਫ਼ਸਲੀ ਖ਼ਰਾਬੇ ਦੇ ਜਾਇਜ਼ੇ ਲਈ ਟੀਮ ਪੰਜਾਬ ਭੇਜਣ ਦੀ ਮੰਗ



ਨਵੀਂ ਦਿੱਲੀ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਦਿੱਲੀ ਵਿਖੇ ਕੇਂਦਰੀ ਖਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ ਮੰਤਰੀ ਪ੍ਰਹਿਲਾਦ ਜੋਸ਼ੀ ਨਾਲ ਮੁਲਾਕਾਤ ਕੀਤੀ। ਮੁੱਖ ਮੰਤਰੀ ਨੇ ਪੰਜਾਬ ਦੇ ਅਨਾਜ ਪ੍ਰਬੰਧਨ ਨਾਲ ਜੁੜੇ ਮਾਮਲਿਆਂ 'ਤੇ ਚਰਚਾ ਕੀਤੀ। ਭਗਵੰਤ ਮਾਨ ਨੇ ਪੰਜਾਬ 'ਚ ਮੀਂਹ ਅਤੇ ਗੜ੍ਹੇਮਾਰੀ ਨਾਲ ਹੋਏ ਨੁਕਸਾਨ ਦੇ ਜਾਇਜ਼ੇ ਲਈ ਕੇਂਦਰੀ ਟੀਮ ਭੇਜਣ ਦੀ ਮੰਗ ਚੁੱਕੀ ਜਿਸ 'ਤੇ ਕੇਂਦਰੀ ਮੰਤਰੀ ਨੇ ਹਾਂ ਪੱਖੀ ਹੁੰਗਾਰਾ ਭਰਿਆ। ਮਾਨ ਨੇ ਦੱਸਿਆ ਕਿ ਸ਼ਨਿੱਚਰਵਾਰ ਨੂੰ ਕੇਂਦਰੀ ਟੀਮ ਫ਼ਸਲੀ ਖ਼ਰਾਬੇ ਦਾ ਜਾਇਜ਼ਾ ਲੈਣ ਲਈ ਆ ਸਕਦੀ ਹੈ।

ਮੁੱਖ ਮੰਤਰੀ ਮੀਟਿੰਗ ਦੌਰਾਨ ਮੰਗ ਕੀਤੀ ਕਿ ਪੰਜਾਬ ਚੋਂ ਅਨਾਜ ਦੀ ਚੁਕਾਈ ਲਈ ਵਾਧੂ ਟਰੇਨਾਂ ਦਿੱਤੀਆਂ ਜਾਣ ਤਾਂ ਜੋ ਕਣਕ ਦੀ ਫ਼ਸਲ ਦੇ ਭੰਡਾਰਨ ਦਾ ਇੰਤਜ਼ਾਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਸੂਬੇ ਦੇ ਗੁਦਾਮਾਂ 'ਚ 155 ਲੱਖ ਮੀਟ੍ਰਿਕ ਟਨ ਅਨਾਜ ਪਿਆ ਹੈ।

ਮਾਨ ਨੇ ਦੱਸਿਆ ਕਿ ਕੇਂਦਰ ਨੇ ਅਪਰੈਲ ਤੋਂ ਜੂਨ ਤੱਕ ਵਾਧੂ ਗੱਡੀਆਂ ਦੇਣ ਦਾ ਭਰੋਸਾ ਦਿੱਤਾ ਹੈ।

ਮੁੱਖ ਮੰਤਰੀ ਨੇ ਅਨਾਜ ਖ਼ਰੀਦਣ ਲਈ ਭਾਰਤੀ ਰਿਜ਼ਰਵ ਬੈਂਕ ਵੱਲੋਂ ਦਿੱਤੀ ਜਾਂਦੀ ਕੈਸ਼ ਕ੍ਰੈਡਿਟ ਲਿਮਟ 'ਤੇ ਸੂਬਿਆਂ ਨੂੰ 0.55 ਫ਼ੀਸਦੀ ਵੱਧ ਵਿਆਜ ਦਰ ਲਾਉਣ ਦਾ ਮਾਮਲਾ ਚੁੱਕਿਆ। ਮਾਨ ਨੇ ਕਿਹਾ ਕਿ ਕੇਂਦਰ ਨੂੰ ਘੱਟ ਵਿਆਜ ਲੱਗਦਾ ਹੈ ਅਤੇ ਸੂਬਿਆਂ ਨੂੰ ਵੱਧ ਜਿਸ ਨਾਲ ਇਕੱਲੇ ਪੰਜਾਬ ਨੂੰ 500 ਕਰੋੜ ਦਾ ਵਾਧੂ ਬੋਝ ਚੁੱਕਣਾ ਪੈਂਦਾ ਹੈ। ਮੁੱਖ ਮੰਤਰੀ ਨੇ ਵਿਆਜ ਦਰ ਘਟਾਏ ਜਾਣ ਦੀ ਮੰਗ ਕੀਤੀ।

ਮੁੱਖ ਮੰਤਰੀ ਨੇ ਪੰਜਾਬ ਦੇ ਆੜ੍ਹਤੀਆਂ ਦਾ ਢਾਈ ਫੀਸਦ ਆੜ੍ਹਤ ਦਾ ਮੁੱਦਾ ਵੀ ਚੁੱਕਿਆ ਅਤੇ ਜਾਇਜ਼ ਮੰਗ ਨੂੰ ਮੰਨਣ ਲਈ ਕੇਂਦਰ ਨੂੰ ਕਿਹਾ। ਮਾਨ ਨੇ ਦਿਹਾਤੀ ਵਿਕਾਸ ਫ਼ੰਡਾਂ ਦੇ ਲੰਬਿਤ 9000 ਕਰੋੜ ਦੇ ਬਕਾਏ ਜਾਰੀ ਕਰਨ ਲਈ ਵੀ ਕੇਂਦਰੀ ਮੰਤਰੀ ਨੂੰ ਅਪੀਲ ਕੀਤੀ।

ਮੁੱਖ ਮੰਤਰੀ ਨੇ ਕੇਂਦਰ ਨੂੰ ਪੇਸ਼ਕਸ਼ ਵੀ ਕੀਤੀ ਕਿ ਅਗਰ ਕੇਂਦਰ ਦਿਹਾਤੀ ਵਿਕਾਸ ਫ਼ੰਡ ਦੀ ਰਾਸ਼ੀ ਜਾਰੀ ਕਰਦਾ ਹੈ ਤਾਂ ਉਹ ਸੁਪਰੀਮ ਕੋਰਟ ਚੋਂ ਇਸ ਬਾਰੇ ਦਾਇਰ ਕੇਸ ਨੂੰ ਵਾਪਸ ਲੈ ਲੈਣਗੇ। ਮੀਟਿੰਗ ਮਗਰੋਂ ਭਗਵੰਤ ਮਾਨ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਭਾਜਪਾ ਪ੍ਰਧਾਨ ਸੁਨੀਲ ਜਾਖੜ ਵੱਲੋਂ ਲਿਖੀ ਚਿੱਠੀ ਦੇ ਸੰਦਰਭ ਵਿੱਚ ਕਿਹਾ ਕਿ ਜਾਖੜ ਨੂੰ ਇਹ ਚਿੱਠੀ ਪ੍ਰਧਾਨ ਮੰਤਰੀ ਨੂੰ ਲਿਖਣੀ ਚਾਹੀਦੀ ਹੈ। ਮਾਨ ਨੇ ਕਿਹਾ ਕਿ ਫ਼ਸਲੀ ਬੀਮਾ ਯੋਜਨਾ ਦੇ ਮਾਪਦੰਡ ਪੰਜਾਬ ਦੇ ਅਨੁਕੂਲ ਨਹੀਂ ਹਨ।

# ਨਿਤਿਸ਼ ਕੁਮਾਰ ਨੇ ਰਾਜ ਸਭਾ ਮੈਂਬਰ ਵਜੋਂ ਚੁੱਕੀ ਸਹੁੰ



ਨਵੀਂ ਦਿੱਲੀ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਬਿਹਾਰ ਦੀ ਸਿਆਸਤ ਦੇ ਦਿੱਗਜ ਆਗੂ ਅਤੇ ਅਕਸਰ ਪਾਸਾ ਪਲਟਣ ਲਈ ਜਾਣੇ ਜਾਂਦੇ ਨਿਤੀਸ਼ ਕੁਮਾਰ ਨੇ ਅੱਜ ਰਾਜ ਸਭਾ ਮੈਂਬਰ ਵਜੋਂ ਸਹੁੰ ਚੁੱਕ ਕੇ ਰਾਜ ਦੀ ਸਰਗਰਮ ਸਿਆਸਤ ਤੋਂ ਆਪਣੀ ਪਾਰੀ ਸਮਾਪਤ ਕਰ ਦਿੱਤੀ ਹੈ। 75 ਸਾਲਾ ਨਿਤੀਸ਼ ਕੁਮਾਰ ਭਾਜਪਾ ਦੀ ਅਗਵਾਈ ਵਾਲੇ ਐਨ.ਡੀ.ਏ. (NDA) ਬਲਾਕ ਦੇ ਉਮੀਦਵਾਰ ਵਜੋਂ ਉਪਰਲੇ ਸਦਨ ਲਈ ਚੁਣੇ ਗਏ ਹਨ।

ਉਨ੍ਹਾਂ ਦੀ ਸੰਸਦ ਵਿੱਚ ਐਂਟਰੀ ਨਾਲ ਹੁਣ ਬਿਹਾਰ ਵਿੱਚ ਭਾਜਪਾ ਲਈ ਆਪਣਾ ਮੁੱਖ ਮੰਤਰੀ ਬਣਾਉਣ ਦਾ ਰਾਹ ਪੱਧਰਾ ਹੋ ਗਿਆ ਹੈ, ਜੋ ਕਿ ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਵੇਗਾ। ਸੂਤਰਾਂ ਅਨੁਸਾਰ, ਨਵੀਂ ਸਰਕਾਰ ਦਾ ਰੂਪ-ਰੇਖਾ 13 ਅਪਰੈਲ (ਵਿਸਾਖੀ) ਤੋਂ ਬਾਅਦ ਸਾਫ਼ ਹੋ ਜਾਵੇਗੀ।

ਨਿਤੀਸ਼ ਕੁਮਾਰ ਨੇ ਆਪਣੀ ਸਿਆਸੀ ਯਾਤਰਾ 1985 ਵਿੱਚ ਵਿਧਾਇਕ ਵਜੋਂ ਸ਼ੁਰੂ ਕੀਤੀ ਸੀ ਅਤੇ ਉਹ ਅਟਲ ਬਿਹਾਰੀ ਵਾਜਪਾਈ ਸਰਕਾਰ ਵਿੱਚ ਕੇਂਦਰੀ ਮੰਤਰੀ ਵੀ ਰਹੇ। ਸਾਲ 2005 ਤੋਂ ਲੈ ਕੇ ਹੁਣ ਤੱਕ (ਥੋੜ੍ਹੇ ਸਮੇਂ ਨੂੰ ਛੱਡ ਕੇ) ਉਹ ਬਿਹਾਰ ਦੇ ਮੁੱਖ ਮੰਤਰੀ ਰਹੇ।

ਨਿਤੀਸ਼ ਦਾ ਸਿਆਸੀ ਸਫ਼ਰ ਕਾਫ਼ੀ ਦਿਲਚਸਪ ਰਿਹਾ ਹੈ। ਉਨ੍ਹਾਂ ਨੇ 2013 ਤੋਂ ਬਾਅਦ ਚਾਰ ਵਾਰ ਪਾਲਾ ਬਦਲਿਆ। ਜਦੋਂ ਵੀ ਉਨ੍ਹਾਂ ਨੂੰ ਆਪਣੀ ਕੁਰਸੀ ਜਾਂ ਪਾਰਟੀ 'ਤੇ ਖ਼ਤਰਾ ਮਹਿਸੂਸ ਹੋਇਆ, ਉਨ੍ਹਾਂ ਨੇ ਨਵੇਂ ਗਠਜੋੜ ਨਾਲ ਸੱਤਾ ਬਚਾਈ। ਹੁਣ ਦਿੱਲੀ ਰਵਾਨਾ ਹੋਣ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਪੁੱਤਰ ਨਿਸ਼ਾਂਤ ਨੂੰ ਜਨਤਾ ਦਲ (ਯੂ) ਰਾਹੀਂ ਸਿਆਸਤ ਵਿੱਚ ਉਤਾਰ ਦਿੱਤਾ ਹੈ, ਜੋ ਫਿਲਹਾਲ ਪੂਰੇ ਬਿਹਾਰ ਦਾ ਦੌਰਾ ਕਰ ਰਹੇ ਹਨ। ਹਾਲਾਂਕਿ, ਨਿਤੀਸ਼ ਕੁਮਾਰ ਵਰਗਾ ਸਿਆਸੀ ਕੱਦ ਹਾਸਲ ਕਰਨਾ ਉਨ੍ਹਾਂ ਲਈ ਵੱਡੀ ਚੁਣੌਤੀ ਹੋਵੇਗਾ।

# ਪੰਜਾਬ ਤੋਂ ਵਰਿੰਦਾਬਨ ਗਏ ਸੈਲਾਨੀਆਂ ਦੀ ਕਿਸ਼ਤੀ ਪਲਟੀ; 8 ਹਲਾਕ

## ਸੰਤੁਲਨ ਵਿਗੜਨ ਕਾਰਨ ਪਲਟੀ ਕਿਸ਼ਤੀ; ਕਿਸ਼ਤੀ ਵਿਚ 30 ਜਣੇ ਸਨ ਸਵਾਰ

ਚੰਡੀਗੜ੍ਹ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਮਥੁਰਾ ਦੇ ਵਰਿੰਦਾਬਨ ਵਿੱਚ ਅੱਜ ਦੁਪਹਿਰ ਵੇਲੇ ਇਕ ਵੱਡੀ ਕਿਸ਼ਤੀ ਪਲਟ ਗਈ ਜਿਸ ਕਾਰਨ ਅੱਠ ਜਣਿਆਂ ਦੀ ਮੌਤ ਹੋ ਗਈ। ਇਸ ਕਿਸ਼ਤੀ ਵਿਚ 30 ਦੇ ਕਰੀਬ ਜਣੇ ਸਵਾਰ ਸਨ।

ਜਾਣਕਾਰੀ ਅਨੁਸਾਰ ਪੰਜਾਬ ਦੇ ਸੈਲਾਨੀਆਂ ਦਾ ਇੱਕ ਗਰੁੱਪ ਯਮੁਨਾ ਨਦੀ ਦੀ ਸੈਰ ਕਰਨ ਲਈ ਇੱਕ ਕਿਸ਼ਤੀ ਵਿੱਚ ਸਵਾਰ ਹੋਇਆ ਸੀ। ਦੁਪਹਿਰ ਦੇ ਕਰੀਬ ਢਾਈ ਵਜੇ ਜਦੋਂ ਇਹ ਕਿਸ਼ਤੀ ਕੇਸ਼ੀਘਾਟ ਤੋਂ ਥੋੜ੍ਹੀ ਦੂਰ ਅੱਗੇ ਵਧੀ ਤਾਂ ਅਚਾਨਕ ਸੰਤੁਲਨ ਵਿਗੜਨ ਕਾਰਨ ਨਦੀ ਵਿੱਚ ਪਲਟ ਗਈ। ਇਸ ਹਾਦਸੇ ਕਾਰਨ ਕਿਸ਼ਤੀ ਵਿੱਚ ਸਵਾਰ



ਸਾਰੇ ਸ਼ਰਧਾਲੂ ਪਾਣੀ ਵਿੱਚ ਡੁੱਬ ਗਏ ਅਤੇ ਹਾਹਾਕਾਰ ਮੱਚ ਗਈ।

ਘਟਨਾ ਦੀ ਜਾਣਕਾਰੀ ਮਿਲਦੇ ਹੀ ਪੁਲੀਸ ਪ੍ਰਸ਼ਾਸਨ ਨੇ ਸਥਾਨਕ ਗੋਤਾਖੋਰਾਂ ਦੀ ਮਦਦ ਨਾਲ ਬਚਾਅ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਮੌਕੇ ਉੱਤੇ ਕਈ ਐਂਬੂਲੈਂਸਾਂ ਪਹੁੰਚ ਚੁੱਕੀਆਂ ਹਨ ਅਤੇ ਹੁਣ ਤੱਕ ਇੱਕ ਸ਼ਰਧਾਲੂ ਨੂੰ ਬਾਹਰ ਕੱਢ ਕੇ ਹਸਪਤਾਲ ਪਹੁੰਚਾਇਆ ਗਿਆ ਹੈ।

ਚਸ਼ਮਦੀਦਾਂ ਮੁਤਾਬਕ ਕਿਸ਼ਤੀ ਵਿੱਚ ਕਰੀਬ 32 ਲੋਕ ਸਵਾਰ ਸਨ ਅਤੇ ਇਹ ਹਾਦਸਾ ਨਦੀ ਵਿੱਚ ਮੌਜੂਦ ਲੋਹੇ ਦੇ ਪੀਪੇ ਨਾਲ ਟਕਰਾਉਣ ਕਰਕੇ ਹੋਇਆ। ਦਰਅਸਲ ਨਦੀ ਵਿੱਚ ਪੀਪਿਆਂ ਦਾ ਪੁਲ ਬਣਾਇਆ ਗਿਆ ਸੀ ਪਰ ਪਾਣੀ ਦਾ ਪੱਧਰ ਵਧਣ ਕਰਕੇ ਪੀਪੇ ਖੋਲ੍ਹ ਦਿੱਤੇ ਗਏ ਸਨ ਜੋ ਨਦੀ ਵਿੱਚ ਇੱਧਰ-ਉੱਧਰ ਤੈਰ ਰਹੇ ਸਨ। ਸ਼ਾਮ ਸਾਢੇ ਚਾਰ ਵਜੇ ਤੱਕ ਬਾਕੀ ਸ਼ਰਧਾਲੂਆਂ ਦੀ ਭਾਲ ਜਾਰੀ ਸੀ ਪਰ ਅਜੇ ਤੱਕ ਕਿਸੇ ਹੋਰ ਦੇ ਬਾਹਰ ਆਉਣ ਦੀ ਕੋਈ ਖ਼ਬਰ ਨਹੀਂ ਮਿਲੀ ਹੈ।

# ISI-BKI ਦੀ ਕੈਮਰਿਆਂ ਰਾਹੀਂ ਜਾਸੂਸੀ ਦੀ ਸਾਜ਼ਿਸ਼ ਨਾਕਾਮ, ਪੰਜਾਬ ਦੇ 8 ਵਿਅਕਤੀਆਂ ਸਮੇਤ 11 ਗ੍ਰਿਫ਼ਤਾਰ

ਨਵੀਂ ਦਿੱਲੀ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਪਾਕਿਸਤਾਨੀ ਖੁਫੀਆ ਏਜੰਸੀ ਆਈ ਐੱਸ ਆਈ ਦੀ ਕਥਿਤ ਸਰਪ੍ਰਸਤੀ ਵਾਲੇ ਜਾਸੂਸੀ ਗਰੋਹ ਦਾ ਪਰਦਾਫਾਸ਼ ਕਰਦਿਆਂ ਪਾਬੰਦੀਸ਼ੁਦਾ ਸਮੂਹ ਬੱਬਰ ਖਾਲਸਾ ਇੰਟਰਨੈਸ਼ਨਲ (2™9) ਨਾਲ ਸਬੰਧ ਰੱਖਣ ਵਾਲੇ 11 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਇਸ ਕਾਰਵਾਈ ਬਾਰੇ ਜਾਣਕਾਰੀ ਸਾਂਝੀ ਕੀਤੀ।

ਪੁਲਿਸ ਅਧਿਕਾਰੀਆਂ ਅਨੁਸਾਰ ਮੁਲਜ਼ਮ ਫੌਜ ਨਾਲ ਜੁੜੇ ਅਦਾਰਿਆਂ ਸਮੇਤ ਸੰਵੇਦਨਸ਼ੀਲ ਇਲਾਕਿਆਂ ਦੀ



ਨਿਗਰਾਨੀ ਕਰਨ ਲਈ ਕਈ ਥਾਵਾਂ 'ਤੇ ਸੀ ਸੀ ਟੀ ਵੀ (33"ਹ) ਕੈਮਰੇ ਲਗਾ ਰਹੇ ਸਨ। ਪੁਲੀਸ ਟੀਮ ਨੂੰ ਦੇਸ਼ ਭਰ ਵਿੱਚ 9 ਥਾਵਾਂ 'ਤੇ ਲਗਾਏ ਗਏ ਕੈਮਰੇ ਮਿਲੇ ਹਨ।

ਪਹਿਲੀ ਕਾਰਵਾਈ ਵਿੱਚ ਛੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਨ੍ਹਾਂ ਵਿੱਚੋਂ ਤਿੰਨ ਪੰਜਾਬ ਅਤੇ ਤਿੰਨ ਦਿੱਲੀ ਦੇ ਹਨ। ਟੀਮ ਨੇ ਕਈ ਥਾਵਾਂ 'ਤੇ ਸੰਵੇਦਨਸ਼ੀਲ ਸੁਰੱਖਿਆ ਅਤੇ ਰੱਖਿਆ ਅਦਾਰਿਆਂ ਨੇੜੇ ਲਗਾਏ ਗਏ ਨੌਂ ਸੂਰਜੀ ਊਰਜਾ ਨਾਲ ਚੱਲਣ ਵਾਲੇ ਸੀ ਸੀ ਟੀ ਵੀ ਕੈਮਰੇ ਬਰਾਮਦ ਕੀਤੇ ਹਨ। ਵਧੀਕ ਪੁਲੀਸ ਕਮਿਸ਼ਨਰ ਪ੍ਰਮੋਦ ਸਿੰਘ ਕੁਸ਼ਵਾਹਾ ਨੇ ਦੱਸਿਆ ਕਿ ਇਨ੍ਹਾਂ ਦੀ ਲਾਈਵ ਫੀਡ ਮੋਬਾਈਲ ਐਪਲੀਕੇਸ਼ਨਾਂ ਰਾਹੀਂ ਪਾਕਿਸਤਾਨ ਸਥਿਤ ਹੈਂਡਲਰਾਂ ਨੂੰ ਭੇਜੀ ਜਾ ਰਹੀ ਸੀ।

ਪੁਲੀਸ ਨੇ ਤਿੰਨ PXE ਪਿਸਤੌਲ, ਇੱਕ ਦੇਸੀ ਹਥਿਆਰ ਅਤੇ 24 ਜ਼ਿੰਦਾ ਕਾਰਤੂਸ ਵੀ ਜ਼ਬਤ ਕੀਤੇ ਹਨ। ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਆਪਣੀਆਂ ਗਤੀਵਿਧੀਆਂ ਲਈ ਯੂ ਪੀ ਆਈ ਰਾਹੀਂ ਫੰਡ ਪ੍ਰਾਪਤ ਕਰ ਰਹੇ ਸਨ। ਇਹ ਪੈਸਾ ਨਜਾਇਜ਼ ਹਥਿਆਰਾਂ ਦੀ ਤਸਕਰੀ ਰਾਹੀਂ ਕਮਾਇਆ ਗਿਆ ਸੀ।

ਦੂਜੀ ਕਾਰਵਾਈ ਵਿੱਚ ਮਿਲਟਰੀ ਇੰਟੈਲੀਜੈਂਸ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਜਾਸੂਸੀ ਗਤੀਵਿਧੀਆਂ ਲਈ ਪੰਜਾਬ ਦੇ ਪੰਜ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ। ਪੁਲੀਸ ਨੇ

# ਨੰਗਲ ਡੈਮ ਝੀਲ 'ਚ ਗਾਰ ਜਮ੍ਹਾਂ ਹੋਣ ਕਾਰਨ ਪਾਣੀ ਸਟੋਰ ਕਰਨ ਦੀ ਸਮਰੱਥਾ 24 ਫੀਸਦੀ ਘਟੀ

ਰੋਪੜ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਭਾਖੜਾ ਨਹਿਰ ਪ੍ਰਣਾਲੀ ਦੇ ਬਹੁਤ ਹੀ ਮਹੱਤਵਪੂਰਨ ਹਿੱਸੇ, ਨੰਗਲ ਡੈਮ ਝੀਲ ਵਿੱਚ ਭਾਰੀ ਮਾਤਰਾ ਵਿੱਚ ਗਾਰ ਜਮ੍ਹਾਂ ਹੋ ਗਈ ਹੈ, ਜਿਸ ਕਾਰਨ ਇਸ ਵਿੱਚ ਪਾਣੀ ਸਟੋਰ ਕਰਨ ਦੀ ਸਮਰੱਥਾ ਲਗਪਗ 24 ਫੀਸਦੀ ਘੱਟ ਗਈ ਹੈ। ਇਸ ਬਦਲਾਅ ਨੇ ਉੱਤਰੀ ਭਾਰਤ ਵਿੱਚ ਪਾਣੀ ਦੀ ਸਪਲਾਈ ਅਤੇ ਪਣ-ਬਿਜਲੀ ਉਤਪਾਦਨ 'ਤੇ ਪੈਣ ਵਾਲੇ ਲੰਮੇ ਸਮੇਂ ਦੇ ਪ੍ਰਭਾਵਾਂ ਬਾਰੇ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ।

ਕਾਂਗਰਸੀ ਸੰਸਦ ਮੈਂਬਰ ਮਨੀਸ਼ ਤਿਵਾਰੀ ਦੇ ਸਵਾਲ ਦੇ ਜਵਾਬ ਵਿੱਚ ਕੇਂਦਰੀ ਜਲ ਸ਼ਕਤੀ ਮੰਤਰੀ ਵੱਲੋਂ ਸੰਸਦ ਵਿੱਚ ਪੇਸ਼ ਕੀਤੇ ਗਏ ਅੰਕੜਿਆਂ ਅਨੁਸਾਰ, ਝੀਲ ਦੀ ਸਟੋਰੇਜ ਸਮਰੱਥਾ ਇਸ ਦੇ ਡਿਜ਼ਾਈਨ ਕੀਤੇ ਪੱਧਰ 25.22 ਮਿਲੀਅਨ ਕਿਊਬਿਕ ਮੀਟਰ (ਐੱਮ ਸੀ ਐੱਮ) ਤੋਂ ਘਟ ਕੇ ਕੇਵਲ 19 ਐੱਮ ਸੀ ਐੱਮ ਰਹਿ ਗਈ ਹੈ। ਇਹ ਅੰਕੜਾ 6 ਐੱਮ ਸੀ ਐੱਮ ਤੋਂ ਵੱਧ ਦੀ ਕਮੀ ਨੂੰ ਦਰਸਾਉਂਦਾ ਹੈ, ਜੋ ਕਿ ਉਸ ਝੀਲ ਲਈ ਇੱਕ ਬਹੁਤ ਵੱਡਾ ਨੁਕਸਾਨ ਹੈ ਜੋ ਹੇਠਲੇ ਇਲਾਕਿਆਂ ਵਿੱਚ ਪਾਣੀ ਦੀ ਵੰਡ ਨੂੰ



ਕੰਟਰੋਲ ਕਰਨ ਵਿੱਚ ਬਹੁਤ ਅਹਿਮ ਭੂਮਿਕਾ ਨਿਭਾਉਂਦੀ ਹੈ।

ਨੰਗਲ ਡੈਮ ਝੀਲ ਨੰਗਲ ਹਾਈਡਲ ਚੈਨਲ ਨੂੰ ਪਾਣੀ ਦੀ ਸਪਲਾਈ ਕਰਦੀ ਹੈ, ਜੋ ਅੱਗੇ ਜਾ ਕੇ ਭਾਖੜਾ ਮੇਨ ਲਾਈਨ ਬਣ ਜਾਂਦੀ ਹੈ ਅਤੇ ਪੰਜਾਬ, ਹਰਿਆਣਾ ਤੇ ਦਿੱਲੀ ਦੀਆਂ ਪਾਣੀ ਦੀਆਂ ਲੋੜਾਂ ਪੂਰੀਆਂ ਕਰਦੀ ਹੈ। ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਝੀਲ ਦੀ ਪਾਣੀ ਸੰਭਾਲਣ ਦੀ ਸਮਰੱਥਾ ਘਟਣ ਨਾਲ ਭਵਿੱਖ ਵਿੱਚ ਨਹਿਰਾਂ ਵਿੱਚ ਪਾਣੀ ਛੱਡਣ 'ਤੇ ਮਾੜਾ ਅਸਰ ਪੈ ਸਕਦਾ ਹੈ। ਖਾਸ ਕਰਕੇ ਗਰਮੀਆਂ ਦੇ ਦਿਨਾਂ ਵਿੱਚ, ਜਦੋਂ ਪਾਣੀ ਦੀ ਮੰਗ ਸਭ ਤੋਂ ਜ਼ਿਆਦਾ ਹੁੰਦੀ ਹੈ।ਸੂਤਰਾਂ ਨੇ ਦੱਸਿਆ ਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਨੇ ਇਸ ਮੁੱਦੇ ਦਾ ਨੋਟਿਸ ਲਿਆ ਹੈ ਅਤੇ ਝੀਲ ਵਿੱਚੋਂ ਗਾਰ ਕੱਢਣ ਦੇ ਪ੍ਰਸਤਾਵ 'ਤੇ ਵਿਚਾਰ ਕਰ ਰਿਹਾ ਹੈ।

# ਪੰਜਾਬ ਤੋਂ ਕਾਂਗੜਾ ਆਏ ਸ਼ਰਧਾਲੂਆਂ ਦੀ ਟਰਾਲੀ ਖੱਡ ਵਿਚ ਡਿੱਗੀ; ਤਿੰਨ ਹਲਾਕ; 27 ਜ਼ਖਮੀ

ਧਰਮਸ਼ਾਲਾ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਹਿਮਾਚਲ ਦੇ ਕਾਂਗੜਾ ਜ਼ਿਲ੍ਹੇ ਦੇ ਦੇਹਰਾ ਸਬ-ਡਵੀਜ਼ਨ ਵਿੱਚ ਢਲਿਆਰਾ ਨੇੜੇ ਸ਼ੁੱਕਰਵਾਰ ਨੂੰ ਸ਼ਰਧਾਲੂਆਂ ਨੂੰ ਲੈ ਕੇ ਜਾ ਰਹੀ ਇੱਕ ਟਰੈਕਟਰ-ਟਰਾਲੀ ਸੜਕ ਤੋਂ ਫਿਸਲ ਕੇ ਖੱਡ ਵਿੱਚ ਡਿੱਗ ਗਈ। ਇਸ ਹਾਦਸੇ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਅਤੇ 27 ਜ਼ਖ਼ਮੀ ਹੋ ਗਏ ਹਨ, ਜਿਨ੍ਹਾਂ ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।

ਸ਼ੁਰੂਆਤੀ ਰਿਪੋਰਟਾਂ ਅਨੁਸਾਰ, ਪੰਜਾਬ ਦੇ ਕਪੂਰਥਲਾ ਤੋਂ 30 ਸ਼ਰਧਾਲੂਆਂ ਨੂੰ ਲੈ ਕੇ ਜਾ ਰਹੀ ਇੱਕ ਟਰੈਕਟਰ-ਟਰਾਲੀ ਬੇਕਾਬੂ ਹੋ ਕੇ ਰਾਧਾ ਸੁਆਮੀ ਸਤਸੰਗ ਭਵਨ ਨੇੜੇ ਕਰੀਬ 90 ਫੁੱਟ ਡੂੰਘੀ ਖੱਡ ਵਿੱਚ ਜਾ ਡਿੱਗੀ। ਸੰਭਾਵਨਾ ਜਤਾਈ ਜਾ ਰਹੀ ਹੈ ਕਿ ਇਹ ਹਾਦਸਾ ਬ੍ਰੇਕ ਫੇਲ ਹੋਣ ਕਾਰਨ ਵਾਪਰਿਆ ਹੈ। ਜਦੋਂ ਇਹ ਹਾਦਸਾ ਵਾਪਰਿਆ ਉਦੋਂ ਸ਼ਰਧਾਲੂ ਚਿੰਤਪੂਰਨੀ ਮਾਤਾ ਮੰਦਰ ਵਿੱਚ ਮੱਥਾ ਟੇਕਣ ਤੋਂ ਬਾਅਦ ਜਵਾਲਾਮੁਖੀ ਮੰਦਰ ਜਾ ਰਹੇ ਸਨ। ਜਾਣਕਾਰੀ ਮੁਤਾਬਕ ਜਿਵੇਂ ਹੀ ਟਰੈਕਟਰ ਢਲਿਆਰਾ ਦੇ ਇੱਕ ਤਿੱਖੇ ਮੋੜ 'ਤੇ ਪਹੁੰਚਿਆ ਡਰਾਈਵਰ ਨੇ ਕੰਟਰੋਲ ਗੁਆ ਦਿੱਤਾ, ਜਿਸ ਕਾਰਨ ਟਰੈਕਟਰ-ਟਰਾਲੀ ਸੜਕ ਤੋਂ ਉਤਰ ਕੇ ਖੱਡ ਵਿੱਚ ਜਾ ਡਿੱਗੀ।

# 'ਸੱਪ' ਵਾਲੇ ਬਿਆਨ ਸਬੰਧੀ ਭਾਜਪਾ ਵਰਕਰਾਂ ਵੱਲੋਂ ਮਲਿਕਾਰਜੁਨ ਖੜਗੇ ਵਿਰੁੱਧ ਪੁਲਿਸ ਸ਼ਿਕਾਇਤ

ਬਠਿੰਡਾ,11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਅਸਾਮ ਵਿੱਚ ਇੱਕ ਚੋਣ ਰੈਲੀ ਦੌਰਾਨ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਵੱਲੋਂ ਕਥਿਤ ਤੌਰ 'ਤੇ ਦਿੱਤੇ ਗਏ 'ਸੱਪ' ਵਾਲੇ ਬਿਆਨ ਨੂੰ ਲੈ ਕੇ ਪੰਜਾਬ ਦੇ ਬਠਿੰਡਾ ਵਿੱਚ ਭਾਜਪਾ ਵਰਕਰਾਂ ਨੇ ਉਨ੍ਹਾਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ, ਜਿਸ ਵਿੱਚ ਉਨ੍ਹਾਂ 'ਤੇ ਦੇਸ਼ ਵਿੱਚ ਅਸ਼ਾਂਤੀ ਫੈਲਾਉਣ ਵਾਲੇ ਬਿਆਨ ਦੇਣ ਦੇ ਦੋਸ਼ ਲਾਏ ਗਏ ਹਨ।

ਇਸ ਖ਼ਬਰ ਏਜੰਸੀ ਨਾਲ ਗੱਲਬਾਤ ਕਰਦਿਆਂ ਪੰਜਾਬ ਭਾਜਪਾ ਦੇ ਸਾਬਕਾ ਸੂਬਾ ਸਕੱਤਰ ਸੁਖਪਾਲ ਸਿੰਘ ਸਰਾਂ ਨੇ ਦੱਸਿਆ ਕਿ ਕਾਂਗਰਸ ਪ੍ਰਧਾਨ ਖ਼ਿਲਾਫ਼ ਕਾਰਵਾਈ ਦੀ ਮੰਗ ਕਰਦਿਆਂ ਬਠਿੰਡਾ ਦੇ ਸੀਨੀਅਰ ਪੁਲੀਸ ਕਪਤਾਨ



(ਐੱਸਐੱਸਪੀ) ਨੂੰ ਸ਼ਿਕਾਇਤ ਸੌਂਪੀ ਗਈ ਹੈ। ਸਰਾਂ ਨੇ ਦੋਸ਼ ਲਾਇਆ ਕਿ ਮਲਿਕਾਰਜੁਨ ਖੜਗੇ ਨੇ ਅਸਾਮ ਵਿੱਚ ਮੁਸਲਿਮ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਕੋਈ ਮੁਸਲਮਾਨ ਨਮਾਜ਼ ਅਦਾ ਕਰ ਰਿਹਾ ਹੋਵੇ ਅਤੇ ਕੋਈ ਸੱਪ ਕੋਲੋਂ ਲੰਘੇ, ਤਾਂ ਉਸ ਨੂੰ ਪਹਿਲਾਂ ਸੱਪ ਨੂੰ ਮਾਰਨਾ ਚਾਹੀਦਾ ਹੈ ਅਤੇ ਉਨ੍ਹਾਂ ਅਨੁਸਾਰ ਅੱਜ ਦੇ ਸੱਪ ਆਰਐੱਸਐੱਸ ਅਤੇ ਭਾਜਪਾ ਦੇ ਲੋਕ ਹਨ, ਜਿਨ੍ਹਾਂ ਨੂੰ ਨਾ ਮਾਰਨ 'ਤੇ ਉਹ ਤੁਹਾਨੂੰ ਤਬਾਹ ਕਰ ਦੇਣਗੇ।

ਉਨ੍ਹਾਂ ਦਾਅਵਾ ਕੀਤਾ ਕਿ ਇਹ ਬਿਆਨ ਦੇਸ਼ ਵਿੱਚ ਦੰਗੇ ਕਰਵਾਉਣ ਦੀ ਮੰਦਭਾਗੀ ਨੀਅਤ ਨੂੰ ਦਰਸਾਉਂਦਾ ਹੈ ਅਤੇ ਜੇ ਪੁਲੀਸ ਨੇ ਇਸ 'ਤੇ ਕਾਰਵਾਈ ਨਾ ਕੀਤੀ ਤਾਂ ਉਹ ਹਾਈ ਕੋਰਟ ਤੱਕ ਪਹੁੰਚ ਕਰਨਗੇ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਕਰਨਾਟਕ ਅਤੇ ਅਸਾਮ ਵਿੱਚ ਵੀ ਭਾਜਪਾ ਆਗੂਆਂ ਵੱਲੋਂ ਖੜਗੇ ਦੇ ਇਸ ਕਥਿਤ ਬਿਆਨ ਖ਼ਿਲਾਫ਼ ਪ੍ਰਦਰਸ਼ਨ ਕੀਤੇ ਗਏ ਹਨ ਅਤੇ ਪੁਲੀਸ ਸ਼ਿਕਾਇਤਾਂ ਦਰਜ ਕਰਵਾਈਆਂ ਗਈਆਂ ਹਨ।

# ਕਮਲ ਭਾਬੀ ਕਤਲ ਕੇਸ ਦੇ ਮੁੱਖ ਸਾਜ਼ਿਸ਼ਕਰਤਾ ਅੰਮ੍ਰਿਤਪਾਲ ਮਹਿਰੋ ਨੂੰ ਅਦਾਲਤ 'ਚ ਕੀਤਾ ਪੇਸ਼

ਬਠਿੰਡਾ,11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਕਿਸੇ ਸਮੇਂ ਸੋਸ਼ਲ ਮੀਡੀਆ 'ਤੇ ਮਕਬੂਲ ਰਹੀ ਕੰਚਨ ਕੁਮਾਰੀ ਉਰਫ਼ ਕਮਲ ਕੌਰ ਭਾਬੀ ਦੇ ਸਨਸਨੀਖੇਜ਼ ਕਤਲ ਮਾਮਲੇ ਵਿੱਚ ਵੱਡੀ ਕਾਮਯਾਬੀ ਹਾਸਲ ਕਰਦਿਆਂ ਪੁਲੀਸ ਨੇ ਕਥਿਤ ਮੁੱਖ ਸਾਜ਼ਿਸ਼ਕਰਤਾ ਅੰਮ੍ਰਿਤਪਾਲ ਸਿੰਘ ਮਹਿਰੋਂ ਨੂੰ ਦੁਬਈ ("15) ਤੋਂ ਗ੍ਰਿਫ਼ਤਾਰ ਕਰਕੇ ਪੰਜਾਬ ਲਿਆਂਦਾ ਹੈ।

ਹਵਾਲਗੀ ਦੀ ਕਾਰਵਾਈ ਤਹਿਤ ਉਸ ਨੂੰ ਯੂਏਈ ਅਧਿਕਾਰੀਆਂ ਤੋਂ ਹਿਰਾਸਤ ਵਿੱਚ ਲੈ ਕੇ ਬਠਿੰਡਾ ਪੁਲੀਸ ਦੀ ਟੀਮ ਚੰਡੀਗੜ੍ਹ ਹਵਾਈ ਅੱਡੇ ਰਾਹੀਂ ਅੱਜ ਬਠਿੰਡਾ ਲੈ ਕੇ ਆ ਰਹੀ ਹੈ। ਇਸ ਦੌਰਾਨ ਮਹਿਰੋਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।



ਪੁਲਿਸ ਸੂਤਰਾਂ ਮੁਤਾਬਕ ਕੰਚਨ ਕੁਮਾਰੀ ਦਾ ਜੂਨ 2025 ਵਿੱਚ ਕਤਲ ਕਰ ਦਿੱਤਾ ਗਿਆ ਸੀ। ਉਸ ਨੂੰ ਇੱਕ ਪ੍ਰੋਮੋਸ਼ਨਲ ਇਵੈਂਟ ਦੇ ਬਹਾਨੇ ਬਠਿੰਡਾ ਬੁਲਾਇਆ ਗਿਆ ਸੀ, ਜਿੱਥੇ 9-10 ਜੂਨ ਦੀ ਰਾਤ ਉਸ ਦੀ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ ਗਈ। ਜਾਂਚ ਦੌਰਾਨ ਸਾਹਮਣੇ ਆਇਆ ਕਿ ਅੰਮ੍ਰਿਤਪਾਲ ਸਿੰਘ ਮਹਿਰੋਂ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ। ਪੁਲਿਸ ਅਨੁਸਾਰ, ਵਾਰਦਾਤ ਤੋਂ ਕੁਝ ਘੰਟਿਆਂ ਬਾਅਦ ਹੀ ਮਹਿਰੋਂ ਆਪਣੇ ਸਾਥੀ ਰਣਜੀਤ ਸਿੰਘ ਦੀ ਮਦਦ ਨਾਲ ਦੇਸ਼ ਛੱਡ ਕੇ ਭੱਜ ਗਿਆ ਸੀ। ਉਹ 10 ਜੂਨ 2025 ਦੀ ਸਵੇਰ ਨੂੰ ਅੰਮ੍ਰਿਤਸਰ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਯੂਏਈ ਲਈ ਰਵਾਨਾ ਹੋ ਗਿਆ ਸੀ। ਬਠਿੰਡਾ ਪੁਲੀਸ ਨੇ ਇਸ ਮਾਮਲੇ ਵਿੱਚ ਪਹਿਲਾਂ ਹੀ ਦੋ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ, ਪਰ ਮੁੱਖ ਮੁਲਜ਼ਮ ਮਹਿਰੋਂ ਲੰਮੇ ਸਮੇਂ ਤੋਂ ਫਰਾਰ ਸੀ। ਇਸ ਦੌਰਾਨ ਅਦਾਲਤ ਵੱਲੋਂ ਉਸ ਨੂੰ ਭਗੌੜਾ ਕਰਾਰ ਦੇਣ ਦੀ ਕਾਰਵਾਈ ਵੀ ਸ਼ੁਰੂ ਕਰ ਦਿੱਤੀ ਗਈ ਸੀ। ਕੇਂਦਰੀ ਏਜੰਸੀਆਂ ਅਤੇ ਇੰਟਰਪੋਲ ਦੀ ਮਦਦ ਨਾਲ ਉਸ ਦੀ ਹਵਾਲਗੀ ਲਈ ਯਤਨ ਜਾਰੀ ਸਨ, ਜੋ ਹੁਣ ਸਫਲ ਹੋਏ ਹਨ।

# ਪੰਚਾਇਤੀ ਜ਼ਮੀਨ 'ਚੋਂ ਨਸ਼ਾ ਤਸਕਰਾਂ ਦੇ ਨਾਜਾਇਜ਼ ਕਬਜ਼ੇ ਹਟਾਏ

ਮੋਗਾ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਮੋਗਾ ਪੁਲੀਸ ਨੇ ਅੱਜ ਬੱਧਨੀ ਕਲਾਂ ਕਸਬੇ ਵਿੱਚ ਤਿੰਨ ਨਾਮੀ ਨਸ਼ਾ ਤਸਕਰਾਂ ਵੱਲੋਂ ਨਗਰ ਪੰਚਾਇਤ ਦੀ ਜ਼ਮੀਨ 'ਤੇ ਕੀਤੇ ਗਏ ਕਥਿਤ ਨਾਜਾਇਜ਼ ਕਬਜ਼ਿਆਂ ਨੂੰ ਹਟਾ ਦਿੱਤਾ ਹੈ। ਇਹ ਕਾਰਵਾਈ ਡੀਜੀਪੀ ਪੰਜਾਬ ਦੇ ਨਿਰਦੇਸ਼ਾਂ ਹੇਠ ਅਤੇ ਸੀਨੀਅਰ ਕਪਤਾਨ ਪੁਲੀਸ (ਐੱਸਐੱਸਪੀ) ਮੋਗਾ, ਅਜੇ ਗਾਂਧੀ ਦੀ ਅਗਵਾਈ ਵਿੱਚ ਕੀਤੀ ਗਈ।

ਜਿਨ੍ਹਾਂ ਤਿੰਨ ਮੁਲਜ਼ਮਾਂ ਦੀਆਂ ਨਾਜਾਇਜ਼ ਉਸਾਰੀਆਂ ਢਾਹੀਆਂ ਗਈਆਂ ਹਨ, ਉਨ੍ਹਾਂ ਵਿੱਚ ਕੁਲਵੰਤ ਸਿੰਘ ਉਰਫ਼ ਡੋਗਰ ਪੁੱਤਰ ਗੁਰਮੇਲ ਸਿੰਘ ਅਤੇ ਉਸ ਦਾ ਪੁੱਤਰ ਗਗਨਦੀਪ ਸਿੰਘ ਉਰਫ਼ ਡੁੱਗੀਮੈਨ ਸ਼ਾਮਲ ਹਨ, ਜੋ ਕਿ ਵਾਰਡ ਨੰਬਰ 10 ਰੌਂਕੇ ਰੋਡ ਬੱਧਨੀ ਕਲਾਂ ਦੇ ਰਹਿਣ ਵਾਲੇ ਹਨ। ਇਨ੍ਹਾਂ ਨੇ ਖਸਰਾ ਨੰਬਰ 455 ਅਤੇ 457 ਵਾਲੀ ਪੰਚਾਇਤੀ ਜ਼ਮੀਨ ਦੇ ਲਗਭਗ 7-8 ਮਰਲਿਆਂ 'ਤੇ ਨਾਜਾਇਜ਼ ਮਕਾਨ ਬਣਾ ਕੇ ਕਬਜ਼ਾ ਕੀਤਾ ਹੋਇਆ ਸੀ।



ਦੂਜਾ ਮੁਲਜ਼ਮ ਦਰਸ਼ਨ ਸਿੰਘ ਉਰਫ਼ ਰਾਂਝਾ ਪੁੱਤਰ ਕਰਤਾਰ ਸਿੰਘ ਹੈ, ਜਿਸ ਨੇ ਗੁਰਦੁਆਰਾ ਸਾਹਿਬ ਬਾਬਾ ਜੀਵਨ ਸਿੰਘ, ਰੌਂਕੇ ਰੋਡ ਨੇੜੇ ਪੰਚਾਇਤੀ ਜ਼ਮੀਨ ਦੇ 1.75 ਮਰਲਿਆਂ 'ਤੇ 8 ਫੁੱਟ ਦੀ ਚਾਰਦੀਵਾਰੀ ਕਰਕੇ ਕਬਜ਼ਾ ਕੀਤਾ ਹੋਇਆ ਸੀ। ਤੀਜਾ ਮੁਲਜ਼ਮ ਰੇਸ਼ਮ ਸਿੰਘ ਉਰਫ਼ ਰੇਸ਼ੂ ਪੁੱਤਰ ਕਰਤਾਰ ਸਿੰਘ ਹੈ, ਜਿਸ ਨੇ ਉਸੇ ਸੜਕ 'ਤੇ ਖਸਰਾ ਨੰਬਰ 350, 350/1 ਅਤੇ 350/2 ਵਾਲੀ ਪੰਚਾਇਤੀ ਜ਼ਮੀਨ ਦੇ 8.50 ਮਰਲਿਆਂ 'ਤੇ 6-7 ਫੁੱਟ ਉੱਚੀ ਚਾਰਦੀਵਾਰੀ ਕਰਕੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਸੀ।

ਇਹ ਤਿੰਨੋਂ ਪੁਸ਼ਟੀ ਕੀਤੇ ਨਸ਼ਾ ਤਸਕਰ ਹਨ, ਜਿਨ੍ਹਾਂ ਵਿਰੁੱਧ ਐੱਨ ਡੀ ਪੀ ਐੱਸ ਐਕਟ ਤਹਿਤ ਕਈ ਮਾਮਲੇ ਦਰਜ ਹਨ। ਕਬਜ਼ਾ ਕੀਤੀ ਗਈ ਜਾਇਦਾਦ ਦੀ ਕੁੱਲ ਕੀਮਤ ਲਗਪਗ 50 ਲੱਖ ਰੁਪਏ ਦੱਸੀ ਜਾ ਰਹੀ ਹੈ। ਪੁਲੀਸ ਨੇ ਦੱਸਿਆ ਕਿ ਇਹ ਕਾਰਵਾਈ ਮੋਗਾ ਜ਼ਿਲ੍ਹੇ ਵਿੱਚ ਨਸ਼ਾ ਤਸਕਰਾਂ ਦੇ ਨੈੱਟਵਰਕ ਨੂੰ ਤੋੜਨ ਅਤੇ ਉਨ੍ਹਾਂ ਵੱਲੋਂ ਨਾਜਾਇਜ਼ ਤੌਰ 'ਤੇ ਕਬਜ਼ੇ ਕੀਤੀ ਗਈ ਸਰਕਾਰੀ ਜ਼ਮੀਨ ਨੂੰ ਮੁਕਤ ਕਰਵਾਉਣ ਲਈ ਚਲਾਈ ਜਾ ਰਹੀ ਵਿਸ਼ੇਸ਼ ਨਸ਼ਾ ਵਿਰੋਧੀ ਮੁਹਿੰਮ ਦਾ ਹਿੱਸਾ ਹੈ। ਆਉਣ ਵਾਲੇ ਦਿਨਾਂ ਵਿੱਚ ਅਜਿਹੇ ਅਨਸਰਾਂ ਵਿਰੁੱਧ ਹੋਰ ਕਾਰਵਾਈ ਜਾਰੀ ਰਹਿਣ ਦੀ ਉਮੀਦ ਹੈ।

# ਭਾਰਤੀ Washinton DC ਦੀ ਮੇਅਰ ਬਣਨ ਦੀ ਦੌੜ 'ਚ ਸ਼ਾਮਿਲ

ਵਾਸ਼ਿੰਗਟਨ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਤਾਮਿਲਨਾਡੂ 'ਚ ਜਨਮੀ ਰਿਨੀ ਸੰਪਤ Washington DC ਦੇ ਮੇਅਰ ਲਈ ਚੋਣ ਲੜਨ ਵਾਲੀ ਪਹਿਲੀ ਦੱਖਣੀ ਏਸ਼ੀਆਈ ਉਮੀਦਵਾਰ ਬਣ ਗਈ ਹੈ। 31 ਸਾਲਾ ਸਰਕਾਰੀ ਠੇਕੇਦਾਰ, ਜੋ ਕਿ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਹੈ, ਨੇ ਆਪਣੀ ਮੁਹਿੰਮ ਬੁਨਿਆਦੀ ਗੱਲਾਂ ਨੂੰ ਠੀਕ ਕਰੋ ਅਤੇ ਨਵੇਂ DC ਦੇ ਵਾਅਦੇ ਦੇ ਵਿਸ਼ੇ 'ਤੇ ਚਲਾਈ ਹੈ।

ਸੰਪਤ ਨੇ ਆਪਣੀ ਚੋਣ ਵੈੱਬਸਾਈਟ 'ਤੇ ਕਿਹਾ, "ਮੈਂ ਕੋਈ ਸਿਆਸਤਦਾਨ ਨਹੀਂ। ਮੇਰਾ ਕਿਸੇ ਵਿਸ਼ੇਸ਼ ਹਿਤ ਸਮੂਹ ਨਾਲ ਕੋਈ ਸਬੰਧ ਨਹੀਂ। ਇਹ ਸਮਾਂ ਆ ਗਿਆ ਹੈ ਕਿ ਕੋਈ ਬਾਹਰੋਂ ਸਾਡੇ ਸ਼ਹਿਰ ਦੀਆਂ ਬੁਨਿਆਦੀ ਸੇਵਾਵਾਂ ਨੂੰ ਬਿਹਤਰ ਬਣਾਉਣ 'ਤੇ ਧਿਆਨ ਕੇਂਦਰਿਤ ਕਰੇ।" ਤਾਮਿਲਨਾਡੂ ਦੇ ਥੇਨੀ 'ਚ ਜਨਮੀ ਸੰਪਤ ਸੱਤ ਸਾਲ ਦੀ ਉਮਰ 'ਚ US ਆਈ ਸੀ ਅਤੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਉੱਥੇ ਰਹਿ ਰਹੀ ਹੈ।

ਉਸ ਨੇ ਕਿਹਾ, "ਇਹ ਸਪੱਸ਼ਟ ਹੈ ਕਿ ਸਾਡੇ ਕੋਲ ਜਿੱਤ ਦਾ ਇੱਕ ਅਸਲ ਰਸਤਾ ਹੈ। ਸਿਰਫ਼ ਚਾਰ ਹਫ਼ਤਿਆਂ 'ਚ ਮੈਂ Washington DC ਦੇ ਇਤਿਹਾਸ 'ਚ ਪਹਿਲੀ ਦੱਖਣੀ ਏਸ਼ੀਆਈ ਮੇਅਰ ਉਮੀਦਵਾਰ ਬਣ ਗਈ ਹਾਂ। ਇਹ ਉਹੀ ਉਪਲਬਧੀ ਹੈ ਜੋ ਇੱਕ ਸੀਮਿਤ ਸਰੋਤ ਵਾਲੀ ਜਨਤਕ-ਸਮਰਥਿਤ ਮੁਹਿੰਮ ਹਾਸਿਲ ਕਰ ਸਕਦੀ ਹੈ।

Washington DC 'ਚ ਡੈਮੋਕ੍ਰੇਟਸ ਦਾ ਦਬਦਬਾ ਹੈ, ਅਤੇ 1975 'ਚ ਚੋਣਾਂ ਸ਼ੁਰੂ ਹੋਣ ਤੋਂ ਬਾਅਦ ਸ਼ਹਿਰ 'ਚ ਕਦੇ ਵੀ ਕੋਈ ਰੀਪਬਲੀਕਨ ਮੇਅਰ ਨਹੀਂ ਰਿਹਾ। ਪਹਿਲਾਂ ਅਮਰੀਕੀ ਰਾਸ਼ਟਰਪਤੀ ਦੁਆਰਾ ਨਿਯੁਕਤ ਕਮਿਸ਼ਨਰਾਂ ਦਾ ਇੱਕ ਬੋਰਡ Washington DC ਦੇ ਪ੍ਰਸ਼ਾਸਨ ਲਈ ਜ਼ਿੰਮੇਵਾਰ ਸੀ।

ਕੋਲੰਬੀਆ ਜ਼ਿਲ੍ਹਾ ਇੱਕ ਜਨਤਕ ਤੌਰ 'ਤੇ ਚੁਣੇ ਹੋਏ ਮੇਅਰ ਅਤੇ 13-ਮੈਂਬਰੀ ਜ਼ਿਲ੍ਹਾ ਪਰਿਸ਼ਦ ਦੁਆਰਾ ਸ਼ਾਸਨ ਕੀਤਾ ਜਾਂਦਾ ਹੈ। ਸੰਪਤ ਨੇ ਕਿਹਾ, "Washington DC ਦੀ ਮੇਅਰ ਹੋਣ ਦੇ ਨਾਤੇ, ਮੇਰੀਆਂ ਤਰਜੀਹਾਂ ਇਹ ਯਕੀਨੀ ਬਣਾਉਣਾ ਹੋਣਗੀਆਂ ਕਿ ਸਾਡਾ ਸ਼ਹਿਰ ਆਪਣੇ ਨਿਵਾਸੀਆਂ ਪ੍ਰਤੀ ਆਪਣੀਆਂ ਬੁਨਿਆਦੀ 'ਚਨਬਧਤਾਵਾਂ ਨੂੰ ਪੂਰਾ ਕਰੇ। ਸਾਡੀਆਂ ਸੜਕਾਂ 'ਚ ਟੋਏ ਭਰੋ। ਪੋਟੋਮੈਕ ਨਦੀ 'ਚ ਵਿਨਾਸ਼ਕਾਰੀ ਗੰਦੇ ਪਾਣੀ ਦੇ ਛਿੱਟੇ ਨੂੰ ਰੋਕੋ। ਕੀਮਤਾਂ ਘਟਾਓ।

ਪੁਲੀਸ ਹੈਲਪਲਾਈਨ ਨੰਬਰ 'ਤੇ ਉਡੀਕ ਸਮੇਂ 'ਚ ਸੁਧਾਰ ਕਰੋ।" ਪ੍ਰਾਇਮਰੀ ਚੋਣਾਂ 16 ਜੂਨ ਨੂੰ ਹੋਣੀਆਂ ਹਨ ਜਦੋਂ ਕਿ ਆਮ ਚੋਣਾਂ 3 ਨਵੰਬਰ ਨੂੰ ਹੋਣਗੀਆਂ।

ਮੇਅਰ ਦੇ ਉਮੀਦਵਾਰਾਂ 'ਚ ਜੈਨਿਸ ਲੇਵਿਸ ਜੋਰਜ, ਕੇਨਿਯਨ ਮੈਕਡਫੀ, ਰੋਰੀ ਗੁਡਵੇਦਰ, ਰੋਬਰਟ ਐੱਲ. ਗ੍ਰਾਸ ਅਤੇ ਰੋਡਾ ਹੈਮਿਲਟਨ ਸ਼ਾਮਿਲ ਹਨ।

# ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕੀਤਾ ਪੱਛਮੀ ਬੰਗਾਲ ਦਾ ਦੌਰਾ

ਚੰਡੀਗੜ੍ਹ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-



ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਹੈ ਕਿ ਬੰਗਾਲ ਦੀ ਜਨਤਾ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਬਣਾਉਣਾ ਚਾਹੁੰਦੀ ਹੈ। ਇਸ ਲਈ ਬੰਗਾਲ ਵਿੱਚ ਚਾਰੇ ਪਾਸੇ ਭਾਜਪਾ ਦੀ ਲਹਿਰ ਚੱਲ ਰਹੀ ਹੈ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਮੰਗਲਵਾਰ ਨੂੰ ਪੱਛਮੀ ਬੰਗਾਲ ਦੇ ਦੌਰੇ ਦੌਰਾਨ ਸ੍ਰੀਰਾਮਪੁਰ ਵਿਧਾਨ ਸਭਾ ਦੇ ਉਮੀਦਵਾਰ ਦੀ ਨਾਮਜ਼ਦਗੀ ਭਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਨੇ ਸ੍ਰੀਰਾਮਪੁਰ ਵਿਧਾਨ ਸਭਾ ਦੇ ਉਮੀਦਵਾਰ ਦੇ ਪੱਖ ਵਿੱਚ ਰੋਡ ਸ਼ੋਅ ਕਰਕੇ ਲੋਕਾਂ ਨੂੰ ਭਾਜਪਾ ਦੇ ਸਮਰਥਨ ਵਿੱਚ ਵੋਟ ਪਾਉਣ ਦੀ ਅਪੀਲ ਕੀਤੀ।

ਮੁੱਖ ਮੰਤਰੀ ਨੇ ਭਾਜਪਾ ਉਮੀਦਵਾਰ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਲਗਾਤਾਰ ਕਮਿਊਨਿਸਟ ਪਾਰਟੀ ਨੇ ਬੰਗਾਲ ਦੇ ਲੋਕਾਂ ਦਾ ਸ਼ੋਸ਼ਣ ਕੀਤਾ ਹੈ। ਵੱਡੀ ਉਮੀਦ ਨਾਲ ਲੋਕਾਂ ਨੇ ਮਮਤਾ ਬਨਰਜੀ ਦੀ ਸਰਕਾਰ ਬਣਾਈ ਸੀ, ਪਰ ਇਸ ਸਰਕਾਰ ਨੇ ਕਮਿਊਨਿਸਟਾਂ ਤੋਂ ਵੀ ਵੱਧ ਅੱਤਿਆਚਾਰ ਕੀਤੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਬੰਗਾਲ ਦੇ ਲੋਕਾਂ ਨੇ ਹੁਣ ਮਨ ਬਣਾ ਲਿਆ ਹੈ ਕਿ ਭਾਜਪਾ ਸਰਕਾਰ ਬਣਾਉਣੀ ਹੈ। ਬੰਗਾਲ ਵਿੱਚ ਨਾ ਰੁਜ਼ਗਾਰ ਹੈ, ਨਾ ਕਿਸਾਨਾਂ ਦੀ ਫ਼ਸਲ ਐਮ.ਐਸ.ਪੀ. 'ਤੇ ਵਿਕ ਰਹੀ ਹੈ ਅਤੇ ਨਾ ਹੀ ਉਚਿਤ ਮੁੱਲ ਦਿੱਤਾ ਜਾ ਰਿਹਾ ਹੈ। ਬੰਗਾਲ ਵਿੱਚ ਮਹਿਲਾ ਮੁੱਖ ਮੰਤਰੀ ਹੁੰਦੇ ਹੋਏ ਵੀ ਔਰਤਾਂ ਦੀ ਸੁਰੱਖਿਆ ਨਹੀਂ ਹੈ। ਉਨ੍ਹਾਂ ਕਿਹਾ ਕਿ ਮਮਤਾ ਸਰਕਾਰ ਨੇ ਜਿਸ ਤਰ੍ਹਾਂ ਦਾ ਤਾਂਡਵ ਕੀਤਾ ਹੈ, ਉਸ ਤੋਂ ਜਨਤਾ ਅੱਕ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਬੰਗਾਲ ਦੀ ਮਮਤਾ ਬਨਰਜੀ ਸਰਕਾਰ ਨੇ ਘੁਸਪੈਠੀਆਂ ਨੂੰ ਸੁਰੱਖਿਆ ਦੇਣ ਦਾ ਕੰਮ ਕੀਤਾ ਹੈ। ਇਸ ਨਾਲ ਸਾਡੇ ਆਰਥਿਕ, ਸੱਭਿਆਚਾਰਕ ਅਤੇ ਸਮਾਜਿਕ ਤਾਣੇ-ਬਾਣੇ ਨੂੰ ਠੇਸ ਪਹੁੰਚਾਉਣ ਦਾ ਕੰਮ ਕੀਤਾ ਗਿਆ ਹੈ। ਭ੍ਰਿਸ਼ਟਾਚਾਰ ਵਿੱਚ ਫਸੀ ਹੋਈ ਮਮਤਾ ਸਰਕਾਰ ਖੁਦ ਨੂੰ ਸਾਧਾਰਨ ਹੋਣ ਦਾ ਦਿਖਾਵਾ ਕਰਦੀ ਹੈ, ਪਰ ਉਨ੍ਹਾਂ ਦੀ ਸਰਕਾਰ ਵਿੱਚ ਵੱਡੇ-ਵੱਡੇ ਘੁਟਾਲੇ ਹੋ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਵਿੱਚ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਗਰੀਬ ਲੋਕਾਂ ਦੀ ਭਲਾਈ ਲਈ ਕੰਮ ਕਰ ਰਹੀ ਹੈ। ਭਾਜਪਾ ਸਰਕਾਰ ਨੇ ਹੁਣ ਤੱਕ 25 ਕਰੋੜ ਲੋਕਾਂ ਨੂੰ ਗਰੀਬੀ ਰੇਖਾ ਤੋਂ ਬਾਹਰ ਕੱਢਣ ਦਾ ਕੰਮ ਕੀਤਾ ਹੈ। ਭਾਜਪਾ ਦੀਆਂ ਨੀਤੀਆਂ ਨਾਲ ਗਰੀਬ ਵਿਅਕਤੀਆਂ ਦੇ ਜੀਵਨ ਵਿੱਚ ਤਬਦੀਲੀ ਆ ਰਹੀ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਬਹੁਤ ਸਾਰੀਆਂ ਲੋਕ-ਹਿੱਤੂ ਨੀਤੀਆਂ ਹਨ ਪਰ ਪੱਛਮੀ ਬੰਗਾਲ ਵਿੱਚ ਇੱਕ ਵੀ ਨੀਤੀ ਨੂੰ ਲਾਗੂ ਨਹੀਂ ਕੀਤਾ ਗਿਆ। ਆਯੁਸ਼ਮਾਨ ਭਾਰਤ, ਕਿਸਾਨ ਸਨਮਾਨ ਨਿਧੀ ਵਰਗੀਆਂ ਯੋਜਨਾਵਾਂ ਸਿਆਸੀ ਦਵੈਸ਼ ਕਾਰਨ ਬੰਗਾਲ ਵਿੱਚ ਲਾਗੂ ਨਹੀਂ ਕੀਤੀਆਂ ਗਈਆਂ। ਇਸ ਦਾ ਨਤੀਜਾ ਹੈ ਕਿ ਬੰਗਾਲ ਵਿੱਚ ਗਰੀਬੀ ਹੋਰ ਵਧਦੀ ਜਾ ਰਹੀ ਹੈ। ਜਿਸ ਕਾਰਨ ਬੰਗਾਲ ਦੇ ਲੋਕ ਮਮਤਾ ਸਰਕਾਰ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਰੋਡ ਸ਼ੋਅ ਵਿੱਚ ਲੋਕਾਂ ਦਾ ਉਤਸ਼ਾਹ ਅਤੇ ਜੋਸ਼ ਦੇਖਣਯੋਗ ਹੈ। ਇੱਥੋਂ ਦੇ ਲੋਕ ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਬੰਗਾਲ ਦਾ ਵਿਕਾਸ ਚਾਹੁੰਦੇ ਹਨ। ਬੰਗਾਲ ਤੋਂ ਉਦਯੋਗਾਂ ਦਾ ਪਲਾਇਨ ਹੋ ਗਿਆ ਹੈ। ਇਸ ਤੋਂ ਇਲਾਵਾ ਨੌਜਵਾਨਾਂ ਨੂੰ ਵੀ ਰੁਜ਼ਗਾਰ ਲਈ ਦੂਜੀਆਂ ਥਾਵਾਂ 'ਤੇ ਜਾਣ ਲਈ ਮਜਬੂਰ ਹੋਣਾ ਪਿਆ ਹੈ। ਬੰਗਾਲ ਦਾ ਨੌਜਵਾਨ ਸਰਕਾਰ ਤੋਂ ਦੁਖੀ ਹੈ ਅਤੇ ਬੰਗਾਲ ਵਿੱਚ ਡਰ ਅਤੇ ਭ੍ਰਿਸ਼ਟਾਚਾਰ ਸਿਖਰਾਂ 'ਤੇ ਹੈ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਦੇਸ਼ ਵਿੱਚ ਗਰੀਬ ਪਰਿਵਾਰਾਂ ਦੇ ਲੋਕਾਂ ਨੂੰ ਮਕਾਨ ਬਣਾ ਕੇ ਦਿੱਤੇ ਜਾ ਰਹੇ ਹਨ। ਦੇਸ਼ ਦੇ 80 ਕਰੋੜ ਲੋਕਾਂ ਨੂੰ ਭਾਜਪਾ ਸਰਕਾਰ ਰਾਸ਼ਨ ਪਹੁੰਚਾਉਣ ਦਾ ਕੰਮ ਕਰ ਰਹੀ ਹੈ।

'ਵਿਕਸਿਤ ਭਾਰਤ, ਵਿਕਸਿਤ ਬੰਗਾਲ' ਦੇ ਉਦੇਸ਼ ਨਾਲ ਜਨਤਾ ਭਾਰੀ ਬਹੁਮਤ ਨਾਲ ਭਾਜਪਾ ਦੀ ਸਰਕਾਰ ਬਣਾਉਣ ਦਾ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਲੋਕ ਵਿਸ਼ਵਾਸ ਅਤੇ ਸਨਮਾਨ ਚਾਹੁੰਦੇ ਹਨ ਜੋ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਹੀ ਸੰਭਵ ਹੈ। ਬੰਗਾਲ ਦੀ ਜਨਤਾ ਨੇ ਵਿਕਸਿਤ ਭਾਰਤ ਅਤੇ ਵਿਕਸਿਤ ਬੰਗਾਲ ਬਣਾਉਣ ਦਾ ਸੰਕਲਪ ਲਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਵਿੱਚ ਗਰੀਬ ਔਰਤਾਂ ਨੂੰ 500 ਰੁਪਏ ਵਿੱਚ ਗੈਸ ਸਿਲੰਡਰ, ਲਾਡਲੀ ਸੁਰੱਖਿਆ ਯੋਜਨਾ ਵਿੱਚ 2100 ਰੁਪਏ ਦੀ ਰਾਸ਼ੀ ਅਤੇ ਗਰੀਬ ਲੋਕਾਂ ਨੂੰ ਪੱਕੇ ਮਕਾਨ ਬਣਾ ਕੇ ਦੇਣ ਅਤੇ ਆਯੁਸ਼ਮਾਨ ਭਾਰਤ ਯੋਜਨਾ ਵਿੱਚ 27 ਲੱਖ ਲੋਕਾਂ ਨੇ ਸਿਹਤ ਲਾਭ ਲਿਆ ਹੈ। ਆਯੁਸ਼ਮਾਨ ਭਾਰਤ ਯੋਜਨਾ ਵਿੱਚ ਹੁਣ ਤੱਕ 4000 ਕਰੋੜ ਰੁਪਏ ਦੀ ਰਾਸ਼ੀ ਖਰਚ ਕੀਤੀ ਜਾ ਚੁੱਕੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਲੋਕ ਭਲਾਈ ਦੀਆਂ ਸਾਰੀਆਂ ਯੋਜਨਾਵਾਂ ਭਾਜਪਾ ਦੀ ਸਰਕਾਰ ਬਣਦੇ ਹੀ ਬੰਗਾਲ ਦੀ ਜਨਤਾ ਦੇ ਕਲਿਆਣ ਲਈ ਲਾਗੂ ਕੀਤੀਆਂ ਜਾਣਗੀਆਂ। ਸ੍ਰੀਰਾਮਪੁਰ ਪਹੁੰਚਣ 'ਤੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦਾ ਜ਼ੋਰਦਾਰ ਸਵਾਗਤ ਕੀਤਾ ਗਿਆ।

# ਅਧਿਆਤਮਕ ਵਿਕਾਸ ਸਮਾਜ ਵਿੱਚ ਰਹਿ ਕੇ ਨਿਸ਼ਕਾਮ ਭਾਵ ਨਾਲ ਜਿਮੇਵਾਰੀ ਨਿਭਾਉਣ ਵਿੱਚ ਹੈ : ਪ੍ਰੋ. ਅਸੀਮ ਕੁਮਾਰ ਘੋਸ਼

ਚੰਡੀਗੜ੍ਹ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-



ਹਰਿਆਣਾ ਦੇ ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ ਨੇ ਕਿਹਾ ਕਿ ਅਧਿਆਤਮਿਕ ਵਿਕਾਸ ਸੰਸਾਰ ਤੋਂ ਦੂਰ ਜਾਣ ਵਿੱਚ ਨਹੀਂ, ਸਗੋਂ ਸਜਗ ਹੋ ਕੇ ਇਸ ਵਿੱਚ ਸਰਗਰਮ ਭਾਗੀਦਾਰੀ ਕਰਨ ਅਤੇ ਨਿਸ਼ਕਾਮ ਭਾਵ ਨਾਲ ਆਪਣੀ ਜਿਮੇਵਾਰੀਆਂ ਨੂੰ ਨਿਭਾਉਣ ਵਿੱਚ ਹੈ।

ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ ਨੇ ਇਹ ਗੱਲ ਅੱਜ ਲੋਕ ਭਵਨ ਹਰਿਆਣਾ ਵਿੱਚ ਉਨਾਂ ਦੇ ਨਿਜੀ ਸਕੱਤਰ ਸ਼ੇਖ ਚਟਰਜੀ ਵੱਲੋਂ ਲਿਖਤ ਦੋ ਕਿਤਾਬਾਂ, ਅਦਵੈਦ ਵੇਦਾਂਤ -ਇੱਕ ਅਨੋਖਾ ਦਰਸ਼ਨ ਅਤੇ ਸਮਾਜਿਕ ਦ੍ਰਿਸ਼ਟੀਕੋਣ ਵਿੱਚ ਧਰਮਖੇਤਰ-ਕੁਰੂਕਸ਼ੇਤਰ ਦੀ ਘੁੰਡ ਚੁਕਾਈ ਕਰਦੇ ਹੋਏ ਕਹੀ।

ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ ਨੇ ਕਿਹਾ ਕਿ ਅਦਵੈਦ ਵੇਦਾਂਤ ਅਤੇ ਕੁਰੂਕਸ਼ੇਤਰ, ਜਿਸ ਨੂੰ ਧਰਮਖੇਤਰ ਵਜੋਂ ਪੂਜਨੀਕ ਮੰਨਿਆ ਜਾਂਦਾ ਹੈ, ਦੋਨੋਂ ਹੀ ਮਨੁੱਖਤਾ ਦੇ ਅਧਿਆਤਮਿਕ ਵਿਕਾਸ ਦੇ ਬਾਰੇ ਵਿੱਚ ਗਹਿਨ ਅੰਤਦ੍ਰਿਸ਼ਟੀ ਪ੍ਰਦਾਨ ਕਰਦੇ ਹਨ। ਅਦਵੈਦ ਵੇਦਾਂਤ, ਜਿਸ ਨੂੰ ਆਦਿ ਸ਼ੰਕਰਾਚਾਰਿਆ ਨੇ ਸਪਸ਼ਟ ਰੂਪ ਨਾਲ ਪ੍ਰਤੀਪਾਦਿਤ ਕੀਤਾ, ਸਾਨੂੰ ਸਿਖਾਉਂਦਾ ਹੈ ਕਿ ਨਿਜੀ ਆਤਮਾ ਅਤੇ ਸਾਰਵਭੌਮਿਕ ਚੇਤਨਾ ਇੱਕ ਹੀ ਹੈ। ਇਹ ਅਲਗਾਵ ਦੇ ਭ੍ਰਮ ਨੂੰ ਖਤਮ ਕਰ ਸਾਧਕ ਨੂੰ ਸਵੈ ਬੋਧ ਅਤੇ ਅੰਦੂਰਣੀ ਮੁਕਤੀ ਵੱਲੋਂ ਮਾਰਗਦਰਸ਼ਨ ਕਰਦਾ ਹੈ। ਕੁਰੂਕਸ਼ੇਤਰ, ਜੋ ਮਹਾਭਾਰਤ ਦੇ ਅੰਦਰ ਭਗਵਦਗੀਤਾ ਦਾ ਪਵਿੱਤਰ ਯੁੱਧਖੇਤਰ ਹੈ, ਮਨੁੱਖ ਜੀਵਨ ਵਿੱਚ ਨਿਹਤ ਨੈਤਿਕ ਅਤੇ ਅਧਿਆਤਮਿਕ ਸੰਘਰਸ਼ਨ ਦਾ ਪ੍ਰਤੀਕ ਹੈ। ਇਹੀ ਭਗਵਾਨ ਸ਼੍ਰੀਕ੍ਰਿਸ਼ਣ ਨੇ ਅਰਜੁਨ ਨੂੰ ਗਿਆਨ ਪ੍ਰਦਾਨ ਕੀਤਾ ਅਤੇ ਉਨ੍ਹਾਂ ਨੂੰ ਧਰਮ , ਬੈਰਾਗ ਅਤੇ ਸਪਸ਼ਟ ਉਦੇਸ਼ ਦੇ ਨਾਲ ਕਰਮ ਕਰਨ ਲਈ ਪ੍ਰੇਰਿਤ ਕੀਤਾ।

ਉਨ੍ਹਾਂ ਨੇ ਕਿਹਾ ਕਿ ਇਹ ਕਿਤਾਬਾਂ ਨਾ ਸਿਰਫ ਬੌਧਿਕ ਵਿਚਾਰ-ਵਟਾਂਦਰਾਂ ਨੂੰ ਸਮਰਿੱਧ ਕਰਣਗੀਆਂ, ਸਗੋਂ ਪਾਠਕਾਂ ਨੂੰ ਜੀਵਨ, ਜਿਮੇਵਾਰੀ ਅਤੇ ਅਧਿਆਤਮਿਕ ਸਮਝ ਦੇ ਡੂੰਘੇ ਮੁਕਾਮਾਂ 'ਤੇ ਵਿਚਾਰ ਕਰਨ ਲਈ ਪ੍ਰੇਰਿਤ ਵੀ ਕਰਣਗੀਆਂ। ਅਦਵੈਦ ਵੇਦਾਂਤ ਇੱਕਤਵ ਦੇ ਦਾਰਸ਼ਨਿਕ ਸਚਾਈ ਨੂੰ ਪੇਸ਼ ਕਰਦਾ ਹੈ, ਜਦੋਂ ਕਿ ਕੁਰੂਕਸ਼ੇਤਰ ਇਹ ਵਿਵਹਾਰਕ ਮੰਚ ਹੈ ਜਿੱਥੇ ਇਸ ਸਚਾਈ ਨੂੰ ਕਰਮ ਰਾਹੀਂ ਸਾਕਾਰ ਕਰਨਾ ਹੁੰਦਾ ਹੈ।

ਰਾਜਪਾਲ ਨੇ ਪੁਸਤਕਾਂ ਦੇ ਲੇਖਕ ਅਤੇ ਆਪਣੇ ਨਿਜੀ ਸਕੱਤਰ ਸ੍ਰੀ ਸ਼ੇਖ ਚਟਰਜੀ ਦੀ ਬੁਧੀਮਤਾ, ਸਮਰਪਣ ਅਤੇ ਸਰਲ ਵਿਵਹਾਰ ਦੀ ਸ਼ਲਾਘਾ ਕਰਦੇ ਹੋਏ ਉਨ੍ਹਾਂ ਨੂੰ ਇੱਕ ਬਹੁਆਯਾਮੀ ਵਿਅਕਤੀਤਵ ਦਾ ਧਨੀ ਦਸਿਆ। ਉਨ੍ਹਾਂ ਨੇ ਕਿਹਾ ਕਿ 'ਸ਼ੇਖਚਟਰਜੀ ਨੇ ਆਪਣੇ ਮਾਤਾ-ਪਿਤਾ ਤੋਂ ਇੱਕ ਸਮਾਵੇਸ਼ੀ ਬੌਧਿਕ ਅਤੇ ਅਧਿਆਤਮਿਕ ਦ੍ਰਿਸ਼ਟੀਕੋਣ ਵਿਰਾਸਤ ਵਿੱਚ ਪਾਇਆ ਹੈ, ਜੋ ਉਨ੍ਹਾਂ ਦੇ ਵਿਚਾਰਾਂ ਅਤੇ ਵਿਸ਼ੇਸ਼ ਰੂਪ ਨਾਲ ਅਧਿਆਤਮਿਕ ਵਿਸ਼ਿਆਂ ਦੇ ਉਨ੍ਹਾਂ ਦੇ ਨਜਰਇਏ ਨੂੰ ਸਮਰਿੱਧ ਬਣਾਉਂਦਾ ਹੈ।

ਹਰਿਆਣਾ ਵਿਧਾਨਸਭਾ ਦੇ ਸਪੀਕਰ ਸ੍ਰੀ ਹਰਵਿੰਦਰ ਕਲਿਆਣ ਨੇ ਕਿਹਾ ਕਿ ਪੁਸਤਕਾਂ ਸਾਨੂੰ ਜੀਵਨ ਦੇ ਉਦੇਸ਼ ਪ੍ਰਤੀ ਸਾਡੇ ਦ੍ਰਿਸ਼ਟੀਕੋਣ ਨੂੰ ਸਪਸ਼ਟ ਕਰਦੀ ਹੈ। ਪੁਸਤਕਾਂ ਹੀ ਸਾਨੂੰ ਜੀਵਨ ਜੀਣ ਦੀ ਕਲਾ ਸਿਖਾਉਂਦੀ ਹੈ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਜਿਸ ਵਿਕਸਿਤ ਰਾਸ਼ਟਰ ਦੀ ਕਲਪਣਾ ਕਰਦੇ ਹਨ ਅਤੇ ਜਿਸ ਸੰਕਲਪ ਦੇ ਨਾਲ ਅੱਗੇ ਵੱਧਣ ਦੀ ਗਲ ਕਰਦੇ ਹਨ ਉਹ ਸ਼ੇਖ ਚਟਰਜੀ ਵਰਗੇ ਸ੍ਰਿਜਨਸ਼ੀਲ ਨੌਜੁਆਨਾਂ ਰਾਹੀਂ ਸੰਭਵ ਹੋਵੇਗੀ।

ਉਨ੍ਹਾਂ ਨੇ ਕਿਹਾ ਕਿ ਅੱਜ ਰਾਸ਼ਟਰ ਲਈ ਪੁਰਾਣੀ ਸਭਿਆਚਾਰ ਅਤੇ ਨਵੀਨ ਸੋਚ ਨੂੰ ਨਾਲ ਲੈ ਕੇ ਚਲਣ ਵਾਲੇ ਨੌਜੁਆਨਾਂ ਦੀ ਬਹੁਤ ਜਰੂਰਤ ਹੈ। ਸ੍ਰੀ ਹਰਵਿੰਦ ਕਲਿਆਣ ਨੇ ਕਿਹਾ ਕਿ ਅੱਜ ਘੁੰਡ ਚੁਕਾਈ ਹੋਈ ਇੰਨ੍ਹਾਂ ਦੋਨੋਂ ਪੁਸਤਕਾਂ ਰਾਹੀਂ ਭਾਰਤ ਦਾ ਪ੍ਰਚੀਣ ਸਭਿਆਚਾਰ ਦੀ ਲੌ ਜਲਾਉਣ ਦਾ ਕੰਮ ਹੋਇਆ ਹੈ। ਹਰ ਨੌਜੁਆਨਾਂ ਵਿੱਚ ਇਹ ਸੋਚ ਜਗਾਉਣ ਦੀ ਜਰੂਰਤ ਹੈ। ਉਨ੍ਹਾਂ ਨੇ ਕਿਹਾ ਕਿ ਭਗਵਾਨ ਸ਼੍ਰੀਕ੍ਰਿਸ਼ਣ ਨੇ ਪੂਰੀ ਦੁਨੀਆ ਨੂੰ ਕਰਮ ਦਾ ਸੰਦੇਸ਼ ਦਿੱਤਾ। ਇੰਨ੍ਹਾਂ ਕਿਤਾਬਾਂ ਨਾਲ ਪੂਰੇ ਸਮਾਜ ਨੂੰ ਲਾਭ ਮਿਲੇਗਾ।

ਉਨ੍ਹਾਂ ਨੇ ਕਿਹਾ ਕਿ ਸਾਡੇ ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ ਦੀ ਨਵੀਂ ਸੋਚ ਅਤੇ ਵਿਜਨ ਨਾਲ ਹਰਿਆਣਾ ਰਾਜ ਨੂੰ ਨਵੀਂ ਦਿਸ਼ਾ ਮਿਲ ਰਹੀ ਹੈ। ਉਨ੍ਹਾਂ ਦੇ ਕੰਮਾਂ ਨਾਲ ਸਾਨੂੰ ਸਾਰਿਆਂ ਨੂੰ ਅਸੀਮ ਪ੍ਰੇਰਣਾ ਮਿਲਦੀ ਹੈ।

ਪ੍ਰੋਗਰਾਮ ਵਿੱਚ ਵਿਸ਼ੇਸ਼ ਰੂਪ ਨਾਲ ਪਹੁੰਚੇ ਰਾਮਕ੍ਰਿਸ਼ਣ ਮੱਠ ਅਤੇ ਮਿਸ਼ਨ ਦੇ ਵਾਇਸ ਪ੍ਰੈਜੀਡੈਂਟ ਸਵਾਮੀ ਵਿਮਲਾਤਮਾਨੰਦ ਮਹਾਰਾਜ ਨੇ ਕਿਹਾ ਕਿ ਅੱਜ ਘੁੰਡ ਚੁਕਾਈ ਹੋਈ ਦੋਨੋਂ ਹੀ ਪੁਸਤਕਾਂ ਹਿੰਦੀ ਸਾਹਿਤ ਦੇ ਖਜਾਨੇ ਨੂੰ ਸਮਰਿੱਧ ਕਰਣਗੀਆਂ। ਕੁਰੂਕਸ਼ੇਤਰ ਸਾਨੂੰ ਸਿਖਾਉਂਦਾ ਹੈ ਕਿ ਸਾਡਾ ਜੀਵਨ ਲਗਾਤਾਰ ਚੱਲਣ ਵਾਲਾ ਯੁੱਧ ਹੈ ਜਿਸ ਵਿੱਚ ਸਾਨੂੰ ਆਪਣੇ ਅਹੰਕਾਰ, ਲੋਭ, ਕ੍ਰੋਧ ਅਤੇ ਮੋਹ ਨਾਲ ਲੜਦੇ ਹੋਏ ਨਿਸ਼ਕਾਮ ਕਰਮ ਕਰਨਾ ਹੁੰਦਾ ਹੈ। ਇਸੀ ਤਰ੍ਹਾ ਅਦਵੈਦ ਵੇਦਾਂਤ ਇੱਕ ਸੱਚ ਅਤੇ ਇੱਕ ਪ੍ਰਮਾਤਮਾ ਦੀ ਅਵਧਾਰਣਾ ਦੇ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਆਤਮਾ ਅਤੇ ਪਰਮਾਤਮਾ ਦੇ ਭੇਦ ਨੂੰ ਖਤਮ ਕਰ ਦਿੱਤੀ ਹੈ।

ਇਸ ਮੌਕੇ 'ਤੇ ਰਾਜਪਾਲ ਦੀ ਧਰਮਪਤਨੀ ਸ੍ਰੀਮਤੀ ਮਿਤਰਾ ਘੋਸ਼, ਮੁੱਖ ਮੰਤਰੀ ਦੀ ਧਰਮਪਤਨੀ ਸ੍ਰੀਮਤੀ ਸੁਮਨ ਸੈਣੀ, ਵਿਕਾਸ ਅਤੇ ਪੰਚਾਇਤ ਮੰਤਰੀ ਸ੍ਰੀ ਕ੍ਰਿਸ਼ਣ ਲਾਲ ਪੰਵਾਰ, ਰਾਮਕ੍ਰਿਸ਼ਣ ਮਿਸ਼ਨ, ਚੰਡੀਗੜ੍ਹ ਦੇ ਸਕੱਤਰ ਸਵਾਮੀ ਬਿਧਿਰਾਨੰਦ ਮਹਾਰਾਜ, ਇਨੇਲੋਂ ਦੇ ਰਾਸ਼ਟਰੀ ਪ੍ਰਧਾਨ ਅਭੈ ਸਿੰਘ ਚੌਟਾਲਾ, ਅਚਾਰਿਆ ਸੌਕਿਮ ਰਾਹਾ, ਸੁਮੇਰ ਜੈਨ ਤੇ ਅਰਿਹੰਤ ਜੈਨ ਸਮੇਤ ਅਨੇਕ ਮਾਣਯੋਗ ਵਿਅਕਤੀ ਤੇ ਲੋਕ ਭਵਨ ਹਰਿਆਣਾਂ ਦੇ ਅਧਿਕਾਰੀ-ਕਰਮਚਾਰੀ ਵੀ ਮੌਜੂਦ ਸਨ।

# ਲਹਿਰਾ ਪੁਲਿਸ ਵੱਲੋਂ ਜੂਆ ਅਤੇ ਸ਼ਰਾਬ ਦਾ ਧੰਦਾ ਕਰਨ ਦੇ ਦੋਸ਼ ਹੇਠ 4 ਵਿਅਕਤੀ ਗ੍ਰਿਫ਼ਤਾਰ

ਸੰਗਰੂਰ,11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-



ਰਣਬੀਰ ਸਿੰਘ, ਉਪ ਕਪਤਾਨ ਪੁਲਿਸ, ਸਬ ਡਵੀਜ਼ਨ, ਲਹਿਰਾਗਾਗਾ ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਪੁਲਿਸ ਵੱਲੋਂ ਮਾੜੇ ਅਨਸਰਾਂ ਖਿਲਾਫ ਵਿੱਢੀ ਮੁਹਿਮ ਤਹਿਤ ਥਾਣਾ ਲਹਿਰਾ ਦੇ ਏਰੀਏ ਵਿੱਚ ਜੂਆ ਅਤੇ ਸ਼ਰਾਬ ਦਾ ਧੰਦਾ ਕਰਨ ਦੇ ਦੋਸ਼ ਹੇਠ 04 ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਕੇ ਉਨਾਂ ਪਾਸੋਂ 17,500 ਰੁਪਏ ਨਗਦੀ, 253 ਪੱਤੇ ਤਾਸ਼, 04 ਮੋਬਾਈਲ ਫੋਨ ਅਤੇ 24 ਬੋਤਲਾਂ ਸ਼ਰਾਬ ਅੰਗਰੇਜ਼ੀ ਬ੍ਰਾਮਦ ਕਰਵਾਈ ਗਈ।

ਰਣਬੀਰ ਸਿੰਘ ਨੇ ਦੱਸਿਆ ਕਿ ਸਿੰਗਲਾ ਰਾਇਸ ਮਿਲ ਬਾ ਹੱਦ ਕੋਟੜਾ ਲਹਿਲ ਵਿਖੇ ਕਾਫੀ ਸਮੇਂ ਤੋਂ ਜੂਆ ਖੇਡਣ ਅਤੇ ਸ਼ਰਾਬ ਦਾ ਧੰਦਾ ਕਰਨ ਸਬੰਧੀ ਸੂਚਨਾਵਾਂ ਹਾਸਲ ਹੋ ਰਹੀਆਂ ਸਨ। ਮਿਤੀ 05.04.2026 ਨੂੰ ਸ:ਥ: ਅੰਮ੍ਰਿਤ ਲਾਲ ਸਮੇਤ ਪੁਲਿਸ ਪਾਰਟੀ ਦੌਰਾਨੇ ਗਸ਼ਤ ਜਾਖਲ ਰੋਡ, ਲਹਿਰਾ ਮੌਜੂਦ ਸੀ ਤਾਂ ਉਸ ਪਾਸ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਕਥਿਤ ਦੋਸ਼ੀਆਨ ਅਸ਼ੋਕ ਕੁਮਾਰ ਵਾਸੀ ਵਾਰਡ ਨੰਬਰ 1 ਲਹਿਰਾ, ਦੀਪਕ ਗਰਗ ਵਾਸੀ ਵਾਰਡ ਨੰਬਰ 2 ਜਾਖਲ, ਥਾਣਾ ਜਾਖਲ, ਜ਼ਿਲ੍ਹਾ ਫਤਿਆਬਾਦ, ਸੁਰਿੰਦਰ ਕੁਮਾਰ ਵਾਸੀ ਵਾਰਡ ਨੰਬਰ 13 ਲਹਿਰਾ ਅਤੇ ਰਕੇਸ਼ ਕੁਮਾਰ ਵਾਸੀ ਵਾਰਡ ਨੰਬਰ 3 ਲਹਿਰਾ, ਥਾਣਾ ਲਹਿਰਾ, ਜੋ ਲਹਿਰਾ ਜਾਖਲ ਰੋਡ 'ਤੇ ਬਣੇ ਸਿੰਗਲਾ ਰਾਇਸ ਮਿਲ ਬਾ ਹੱਦ ਕੋਟੜਾ ਲਹਿਲ ਵਿੱਚ ਬਣੇ ਦਫਤਰ ਵਿੱਚ ਤਾਸ਼ ਦੇ ਪੱਤੇ ਲਗਾ ਕੇ ਜੂਆ ਖੇਡ ਰਹੇ ਹਨ।

ਇਸ 'ਤੇ ਸ:ਥ: ਅੰਮ੍ਰਿਤ ਲਾਲ ਨੇ ਮੁਲਜ਼ਮਾਂ ਖਿਲਾਫ ਕੇਸ ਨੰਬਰ 86 ਮਿਤੀ 05/04/2026 ਅ/ਧ 13-3-67 ਜੀ ਐਕਟ, 61-1-14 ਐਕਸਾਈਜ਼ ਐਕਟ ਥਾਣਾ ਲਹਿਰਾ ਦਰਜ ਕਰ ਕੇ ਮੌਕੇ 'ਤੇ ਰੇਡ ਕਰ ਕੇ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਉਪਰੰਤ ਉਹਨਾਂ ਦੇ ਕਬਜ਼ੇ ਵਿੱਚੋਂ 17,500/- ਰੁਪਏ ਨਗਦੀ, 253 ਪੱਤੇ ਤਾਸ਼, 04 ਮੋਬਾਈਲ ਫੋਨ ਅਤੇ 24 ਬੋਤਲਾਂ ਸ਼ਰਾਬ ਅੰਗਰੇਜ਼ੀ ਬ੍ਰਾਮਦ ਕਰਵਾਈ ਗਈ।

# ਹਰਿਆਣਾ ਵਿੱਚ ਜਲਘਰਾਂ ਵਿੱਚ ਲੱਗੇ ਫਿਲਟਰਾਂ ਦੀ ਜਾਂਚ ਕਰਕੇ ਰਿਪੋਰਟ ਜਮ੍ਹਾਂ ਕਰਵਾਉਣ ਅਧਿਕਾਰੀ : ਰਣਬੀਰ ਗੰਗਵਾ

ਚੰਡੀਗੜ੍ਹ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-



ਹਰਿਆਣਾ ਦੇ ਜਨ ਸਿਹਤ ਇੰਜੀਨੀਅਰਿੰਗ ਅਤੇ ਲੋਕ ਨਿਰਮਾਣ ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਨਿਰਦੇਸ਼ ਦਿੱਤੇ ਹਨ ਕਿ ਪੂਰੇ ਹਰਿਆਣਾ ਵਿੱਚ ਜਲਘਰਾਂ ਵਿੱਚ ਲੱਗੇ ਫਿਲਟਰਾਂ ਦੀ ਜਾਂਚ ਕੀਤੀ ਜਾਵੇ। ਇਸ ਬਾਰੇ ਸੂਬੇ ਦੇ ਸਾਰੇ ਐਕਸੀਅਨ (XEN) ਬਕਾਇਦਾ ਰਿਪੋਰਟ ਜਮ੍ਹਾਂ ਕਰਨਗੇ। ਇਸ ਤੋਂ ਇਲਾਵਾ ਉਨ੍ਹਾਂ ਨੇ ਇਹ ਵੀ ਨਿਰਦੇਸ਼ ਦਿੱਤੇ ਹਨ ਕਿ ਗਰਮੀਆਂ ਦੇ ਮੱਦੇਨਜ਼ਰ ਪਾਣੀ ਦੀ ਵਿਵਸਥਾ ਅਜੇ ਤੋਂ ਹੀ ਕੀਤੀ ਜਾਵੇ, ਜਿਸ ਦੇ ਤਹਿਤ ਨਹਿਰ ਬੰਦੀ ਦੌਰਾਨ ਕੋਈ ਦਿੱਕਤ ਨਾ ਆਵੇ, ਇਸ ਲਈ ਸਟੋਰੇਜ ਅਤੇ ਬਦਲਵੇਂ ਪ੍ਰਬੰਧਾਂ 'ਤੇ ਧਿਆਨ ਕੇਂਦਰਿਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਚੰਡੀਗੜ੍ਹ ਸਕੱਤਰੇਤ ਸਥਿਤ ਆਪਣੇ ਦਫ਼ਤਰ ਵਿੱਚ ਜਨ ਸਿਹਤ ਇੰਜੀਨੀਅਰਿੰਗ ਵਿਭਾਗ ਦੇ ਅਧਿਕਾਰੀਆਂ ਨਾਲ ਗਰਮੀਆਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਅਤੇ ਬਰਸਾਤ ਦੇ ਸੀਜ਼ਨ ਵਿੱਚ ਨਿਕਾਸੀ ਸਬੰਧੀ ਤਿਆਰੀਆਂ ਦੀ ਸਮੀਖਿਆ ਮੀਟਿੰਗ ਕੀਤੀ। ਮੀਟਿੰਗ ਵਿੱਚ ਪਬਲਿਕ ਹੈਲਥ ਵਿਭਾਗ ਦੇ ਈ.ਆਈ.ਸੀ. ਸ੍ਰੀ ਦੇਵੇਂਦਰ ਦਹੀਆ ਅਤੇ ਹੋਰ ਚੀਫ਼ ਇੰਜੀਨੀਅਰ ਵੀ ਮੌਜੂਦ ਸਨ, ਜਦੋਂ ਕਿ ਸੂਬੇ ਭਰ ਤੋਂ ਵਿਭਾਗ ਦੇ ਐਸ.ਈ., ਐਕਸੀਅਨ ਅਤੇ ਐਸ.ਡੀ.ਓ. ਵਰਚੁਅਲ ਤੌਰ 'ਤੇ ਜੁੜੇ ਹੋਏ ਸਨ। ਸ੍ਰੀ ਗੰਗਵਾ ਨੇ ਵਿਭਾਗ ਦੀ ਇੱਕ ਵਿਸਤ੍ਰਿਤ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਜਲ ਸਪਲਾਈ ਵਿਵਸਥਾ ਨੂੰ ਹੋਰ ਮਜ਼ਬੂਤ ਅਤੇ ਪਾਰਦਰਸ਼ੀ ਬਣਾਉਣ ਲਈ ਅਧਿਕਾਰੀਆਂ ਨੂੰ ਵਿਆਪਕ ਦਿਸ਼ਾ-ਨਿਰਦੇਸ਼ ਜਾਰੀ ਕੀਤੇ।ਮੀਟਿੰਗ ਦੌਰਾਨ ਵਿਭਾਗ ਦੇ ਅਧਿਕਾਰੀਆਂ ਨੇ ਸਾਲ 2026-27 ਦੇ ਬਜਟ ਵਿੱਚ 20 ਫੀਸਦੀ ਵਾਧਾ ਅਤੇ ਸੰਚਾਲਨ ਤੇ ਰੱਖ-ਰਖਾਅ (O&M) ਨੀਤੀ ਨੂੰ ਪ੍ਰਵਾਨਗੀ ਮਿਲਣ 'ਤੇ ਮੰਤਰੀ ਸ੍ਰੀ ਰਣਬੀਰ ਗੰਗਵਾ ਦਾ ਧੰਨਵਾਦ ਵੀ ਕੀਤਾ। ਸ੍ਰੀ ਗੰਗਵਾ ਨੇ ਇਸ ਦੌਰਾਨ ਕਿਹਾ ਕਿ ਰਾਜ ਸਰਕਾਰ ਹਰ ਘਰ ਤੱਕ ਸਾਫ਼ ਅਤੇ ਸੁਰੱਖਿਅਤ ਪੀਣ ਵਾਲਾ ਪਾਣੀ ਪਹੁੰਚਾਉਣ ਲਈ ਵਚਨਬੱਧ ਹੈ ਅਤੇ ਇਸ ਦੇ ਲਈ ਸਾਧਨਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਸ੍ਰੀ ਗੰਗਵਾ ਨੇ ਅਧਿਕਾਰੀਆਂ ਨੂੰ ਕਿਹਾ ਕਿ ਜਦੋਂ ਵੀ ਉਹ ਆਪਣੇ ਦੌਰੇ ਦੌਰਾਨ ਕਿਸੇ ਵੀ ਪਿੰਡ ਜਾਂਦੇ ਹਨ, ਤਾਂ ਉੱਥੋਂ ਦੇ ਪੇਂਡੂਆਂ ਤੋਂ ਪੀਣ ਵਾਲੇ ਪਾਣੀ ਦੀ ਸਪਲਾਈ ਅਤੇ ਨਿਕਾਸੀ ਬਾਰੇ ਜ਼ਰੂਰ ਪੁੱਛਦੇ ਹਨ। ਇਸ ਲਈ ਅਧਿਕਾਰੀ ਸਿਰਫ਼ ਸ਼ਹਿਰੀ ਹੀ ਨਹੀਂ, ਸਗੋਂ ਪੇਂਡੂ ਖੇਤਰਾਂ 'ਤੇ ਵੀ ਧਿਆਨ ਦੇਣ ਕਿ ਹਰ ਘਰ ਵਿੱਚ ਨਲਕਾ ਹੋਵੇ ਅਤੇ ਨਲਕੇ ਵਿੱਚ ਸਾਫ਼ ਪਾਣੀ ਹੋਵੇ।

ਉਨ੍ਹਾਂ ਨੇ ਆਉਣ ਵਾਲੇ ਗਰਮੀ ਦੇ ਸੀਜ਼ਨ ਦੇ ਮੱਦੇਨਜ਼ਰ ਨਿਰਦੇਸ਼ ਦਿੱਤੇ ਕਿ ਜ਼ਿਲ੍ਹਾ ਪ੍ਰਸ਼ਾਸਨ, ਸਿੰਚਾਈ ਵਿਭਾਗ ਅਤੇ ਬਿਜਲੀ ਵਿਭਾਗ ਨਾਲ ਨਜ਼ਦੀਕੀ ਤਾਲਮੇਲ ਸਥਾਪਿਤ ਕਰਦਿਆਂ ਨਵੇਂ ਟਿਊਬਵੈੱਲ, ਬੂਸਟਿੰਗ ਸਟੇਸ਼ਨ ਅਤੇ ਨਹਿਰ ਅਧਾਰਿਤ ਜਲ ਪ੍ਰੋਜੈਕਟਾਂ ਨੂੰ ਪਹਿਲ ਦੇ ਆਧਾਰ 'ਤੇ ਜਲਦੀ ਚਾਲੂ ਕੀਤਾ ਜਾਵੇ, ਤਾਂ ਜੋ ਜਨਤਾ ਨੂੰ ਨਿਰੰਤਰ ਜਲ ਸਪਲਾਈ ਯਕੀਨੀ ਹੋ ਸਕੇ।

ਉਨ੍ਹਾਂ ਕਿਹਾ ਕਿ ਜਿੱਥੇ ਪਾਣੀ ਦੀ ਕਮੀ ਹੈ, ਉੱਥੇ ਤੁਰੰਤ ਬਦਲਵੀਂ ਵਿਵਸਥਾ ਕੀਤੀ ਜਾਵੇ ਅਤੇ ਕਿਸੇ ਵੀ ਪੱਧਰ 'ਤੇ ਲਾਪਰਵਾਹੀ ਨਾ ਵਰਤੀ ਜਾਵੇ।ਮੰਤਰੀ ਨੇ ਸਪੱਸ਼ਟ ਕੀਤਾ ਕਿ ਵਿਭਾਗ ਵੱਲੋਂ ਬੁਨਿਆਦੀ ਢਾਂਚੇ ਵਿੱਚ ਕਿਸੇ ਵੀ ਤਰ੍ਹਾਂ ਦੀ ਕਮੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਸੱਤ ਪ੍ਰਭਾਵਿਤ ਜ਼ਿਲ੍ਹਿਆਂ ਵਿੱਚ ਤਾਇਨਾਤ ਟੀਮਾਂ 'ਚ ਗਰੁੱਪ-ਏ ਦੇ 145 ਅਧਿਕਾਰੀ ਵੀ ਸ਼ਾਮਲ



ਚੰਡੀਗੜ੍ਹ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਦੱਸਿਆ ਕਿ ਹਾਲ ਹੀ ਵਿੱਚ ਖਰਾਬ ਮੌਸਮ ਕਾਰਨ ਫਸਲਾਂ ਦੇ ਹੋਏ ਨੁਕਸਾਨ ਦਾ ਮੁਲਾਂਕਣ ਕਰਨ ਲਈ ਰਾਜ ਦੇ ਸੱਤ ਜ਼ਿਲ੍ਹਿਆਂ ਦੇ ਪ੍ਰਭਾਵਿਤ ਖੇਤਰਾਂ ਵਿੱਚ ਖੇਤੀਬਾੜੀ ਵਿਭਾਗ ਦੇ 500 ਤੋਂ ਵੱਧ ਮੁਲਾਜ਼ਮਾਂ ਨੂੰ ਲਗਾਇਆ ਗਿਆ ਹੈ।

ਇਸ ਸਬੰਧੀ ਵੇਰਵੇ ਦਿੰਦਿਆਂ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਇਸ ਕਾਰਜ 'ਚ ਲਗਾਏ ਗਏ ਇਨ੍ਹਾਂ ਮੁਲਾਜ਼ਮਾਂ ਵਿੱਚ ਗਰੁੱਪ-ਏ ਦੇ 145 ਅਫ਼ਸਰ ਵੀ ਸ਼ਾਮਲ ਹਨ, ਜੋ ਪ੍ਰਭਾਵਿਤ ਜ਼ਿਲ੍ਹਿਆਂ-ਅੰਮ੍ਰਿਤਸਰ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਬਠਿੰਡਾ, ਮਾਨਸਾ, ਫਿਰੋਜ਼ਪੁਰ ਅਤੇ ਮੋਗਾ ਵਿੱਚ ਮੁਲਾਂਕਣ ਕਾਰਜਾਂ ਦੀ ਵਿਸ਼ੇਸ਼ ਤੌਰ 'ਤੇ ਨਿਗਰਾਨੀ ਕਰ ਰਹੇ ਹਨ।

ਇਨ੍ਹਾਂ ਟੀਮਾਂ ਨੂੰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੁਆਰਾ 'ਵਿਸ਼ੇਸ਼ ਗਿਰਦਾਵਰੀ' (ਫਸਲਾਂ ਦੇ ਨੁਕਸਾਨ ਦਾ ਮੁਲਾਂਕਣ) ਦੇ ਕੀਤੇ ਗਏ ਐਲਾਨ ਦੇ ਸੁਚਾਰੂ ਅਮਲ ਨੂੰ ਯਕੀਨੀ ਬਣਾਉਣ ਲਈ ਮਾਲ ਵਿਭਾਗ ਨਾਲ ਤਾਲਮੇਲ ਜ਼ਰੀਏ ਕੰਮ ਕਰਨ ਦੇ ਸਖ਼ਤ ਨਿਰਦੇਸ਼ ਦਿੱਤੇ ਗਏ ਹਨ।

ਇਹ ਕਦਮ ਮੁੱਖ ਮੰਤਰੀ ਵੱਲੋਂ ਖਰਾਬ ਹੋਈ ਫ਼ਸਲ ਦੀ ਵਿਸ਼ੇਸ਼ ਗਿਰਦਾਵਰੀ ਬਾਰੇ ਕੀਤੇ ਗਏ ਐਲਾਨ ਤੋਂ ਇੱਕ ਦਿਨ ਬਾਅਦ ਚੁੱਕਿਆ ਗਿਆ ਹੈ, ਜੋ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਕਿਸਾਨਾਂ ਨੂੰ ਤੁਰੰਤ ਰਾਹਤ ਪ੍ਰਦਾਨ ਕਰਨ ਦੀ ਸੂਬਾ ਸਰਕਾਰ ਦੀ ਤਰਜੀਹ ਨੂੰ ਦਰਸਾਉਂਦਾ ਹੈ।

ਕੁਦਰਤੀ ਆਫ਼ਤ ਦੇ ਪ੍ਰਭਾਵ ਬਾਰੇ ਦਸਦਿਆਂ ਖੇਤੀਬਾੜੀ ਮੰਤਰੀ ਨੇ ਕਿਹਾ ਕਿ ਮੁੱਢਲੀਆਂ ਰਿਪੋਰਟਾਂ ਤੋਂ ਪਤਾ ਲੱਗਾ ਹੈ ਕਿ ਹਾਲ ਹੀ ਵਿੱਚ ਪਏ ਮੀਂਹ ਅਤੇ ਗੜੇਮਾਰੀ ਕਾਰਨ ਸੱਤ ਜ਼ਿਲ੍ਹਿਆਂ ਵਿੱਚ 1.25 ਲੱਖ ਏਕੜ ਤੋਂ ਵੱਧ ਰਕਬੇ ਵਿੱਚ ਕਣਕ ਦੀ ਫ਼ਸਲ ਪ੍ਰਭਾਵਿਤ ਹੋਈ ਹੈ।

ਸ. ਖੁੱਡੀਆਂ ਨੇ ਕਿਹਾ,ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਇਸ ਸੰਕਟ ਦੀ ਘੜੀ ਵਿੱਚ ਕਿਸਾਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ

ਉਨ੍ਹਾਂ ਭਰੋਸਾ ਦਿੱਤਾ ਕਿ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਕੁਦਰਤੀ ਆਫ਼ਤ ਕਾਰਨ ਹੋਏ ਨੁਕਸਾਨ ਦੀ ਭਰਪਾਈ ਨਿਰਧਾਰਤ ਨਿਯਮਾਂ ਅਨੁਸਾਰ ਕੀਤੀ ਜਾਵੇਗੀ । ਡਿਪਟੀ ਕਮਿਸ਼ਨਰਾਂ ਵੱਲੋਂ ਅੰਤਿਮ ਰਿਪੋਰਟਾਂ ਸੌਂਪਣ ਤੋਂ ਬਾਅਦ ਹਰੇਕ ਪ੍ਰਭਾਵਿਤ ਕਿਸਾਨ ਨੂੰ ਉਨ੍ਹਾਂ ਦਾ ਬਣਦਾ ਹੱਕ ਮਿਲਣਾ ਯਕੀਨੀ ਬਣਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਖੇਤੀਬਾੜੀ ਮੰਤਰੀ ਨੇ ਅੱਜ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪ੍ਰਭਾਵਿਤ ਖੇਤਾਂ ਦਾ ਦੌਰਾ ਵੀ ਕੀਤਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਿਭਾਗ ਮੁਲਾਂਕਣ ਨੂੰ ਸਹੀ ਅਤੇ ਪਾਰਦਰਸ਼ੀ ਢੰਗ ਨਾਲ ਪੂਰਾ ਕਰਨ ਲਈ ਜੰਗੀ ਪੱਧਰ 'ਤੇ ਕੰਮ ਕਰ ਰਿਹਾ ਹੈ। ਉਨ੍ਹਾਂ ਨੇ ਫੀਲਡ ਅਧਿਕਾਰੀਆਂ ਨੂੰ ਕਿਸਾਨ ਭਾਈਚਾਰੇ ਨਾਲ ਨਿਰੰਤਰ ਸੰਪਰਕ ਬਣਾਈ ਰੱਖਣ ਅਤੇ ਫ਼ਸਲਾਂ ਨੂੰ ਬਚਾਉਣ ਲਈ ਤਕਨੀਕੀ ਮਾਰਗਦਰਸ਼ਨ ਪ੍ਰਦਾਨ ਕਰਨ ਦੇ ਨਿਰਦੇਸ਼ ਵੀ ਦਿੱਤੇ।

# ਪਿੰਡ ਢੋਟੀਆਂ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ

ਤਰਨਤਾਰਨ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸਨਰ ਸ੍ਰੀ ਰਾਹੁਲ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮੁੱਖ ਖੇਤੀਬਾੜੀ ਅਫ਼ਸਰ ਤਰਨ ਤਾਰਨ ਡਾ. ਤੇਜਬੀਰ ਸਿੰਘ ਭੰਗੂ ਦੀ ਰਹਿਨੁਮਾਈ ਅਤੇ ਬਲਾਕ ਖੇਤੀਬਾੜੀ ਅਫਸਰ ਨੌਸ਼ਹਿਰਾ ਪਨੂੰਆਂ ਡਾ. ਮਲਵਿੰਦਰ ਸਿੰਘ ਦੀ ਅਗਵਾਈ ਵਿਚ ਬਲਾਕ ਨੌਸ਼ਹਿਰਾ ਪਨੂੰਆਂ ਦੇ ਪਿੰਡ ਢੋਟੀਆਂ ਵਿਖੇ ਪਿੰਡ ਪੱਧਰੀ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ।

ਇਸ ਕੈਂਪ ਦਾ ਮੁੱਖ ਮੰਤਵ ਕਣਕ ਦਾ ਨਾੜ ਨਾ ਸਾੜਨ ਦਾ ਸੀ। ਇਸ ਮੌਕੇ ਸੁਖਵਿੰਦਰ ਸਿੰਘ ਏ,ਈ,ਓ ਨੇ ਕਿਸਾਨਾਂ ਨੂੰ ਕਣਕ ਦੇ ਨਾੜ ਪ੍ਰਬੰਧਨ ਬਾਰੇ ਜਾਣਕਾਰੀ ਦਿੱਤੀ ਅਤੇ ਨਾੜ ਸਾੜਨ ਨਾਲ ਹੋਣ ਵਾਲੇ ਨੁਕਸਾਨਾਂ ਬਾਰੇ ਦੱਸਿਆ। ਇਸ ਤੋਂ ਇਲਾਵਾ ਕਿਸਾਨਾਂ ਨੂੰ ਫਾਰਮਰ ਰਜਿਸਟਰੀ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਉਨ੍ਹਾਂ ਨੂੰ ਕਿਸਾਨ ਕਾਰਡ ਬਣਾਉਣ ਬਾਰੇ ਪ੍ਰੇਰਿਤ ਕੀਤਾ ਗਿਆ। ਕਿਸਾਨਾਂ ਨੂੰ ਸੀ. ਆਰ. ਐਮ ਸਕੀਮ ਅਧੀਨ ਸਬਸਿਡੀ 'ਤੇ ਮਿਲ ਰਹੇ ਸੰਦਾਂ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ ਗਈ।

ਜ਼ਿਲ੍ਹਾ ਤਰਨ ਤਰਨ ਵਿਚ ਆਤਮਾ ਸਕੀਮ ਅਧੀਨ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ, ਜੋ ਕਿ ਮਿਤੀ 10 ਅਪ੍ਰੈਲ ਨੂੰ ਸ਼ਾਹੀ ਫਾਰਮ, ਝਬਾਲ ਜ਼ਿਲ੍ਹਾ ਤਰਨ ਤਾਰਨ ਵਿਖੇ ਲਗਾਇਆ ਜਾ ਰਿਹਾ ਹੈ, ਬਾਰੇ ਜਾਣਕਾਰੀ ਦਿੱਤੀ ਗਈ ਅਤੇ ਸ਼ਾਮਿਲ ਹੋਣ ਲਈ ਪ੍ਰੇਰਿਤ ਕੀਤਾ ਗਿਆ।

ਅੰਤ ਵਿਚ ਸੁਖਵਿੰਦਰ ਸਿੰਘ ਨੇ ਆਏ ਹੋਏ ਕਿਸਾਨਾਂ ਦਾ ਧੰਨਵਾਦ ਕੀਤਾ ਅਤੇ ਕਣਕ ਦੇ ਨਾੜ ਨਾ ਸਾੜਨ ਦੀ ਅਪੀਲ ਕੀਤੀ।ਇਸ ਮੌਕੇ ਪਿੰਡ ਦੇ ਕਿਸਾਨ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਗੈਂਗਸਟਰਾਂ 'ਤੇ ਵਾਰ ਦਾ 77ਵਾਂ ਦਿਨ: ਪੰਜਾਬ ਪੁਲਿਸ ਵੱਲੋਂ 501 ਥਾਵਾਂ 'ਤੇ ਛਾਪੇਮਾਰੀ; 202 ਗ੍ਰਿਫ਼ਤਾਰ

ਚੰਡੀਗੜ੍ਹ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਹੇਠ ਸ਼ੁਰੂ ਕੀਤੀ ਗਈ ਫੈਸਲਾਕੁੰਨ 'ਗੈਂਗਸਟਰਾਂ ਤੇ ਵਾਰ' ਮੁਹਿਮ ਦੇ 77ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 501 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ।

ਜ਼ਿਕਰਯੋਗ ਹੈ ਕਿ ÷ਗੈਂਗਸਟਰਾਂ ਤੇ ਵਾਰ÷- ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜੋ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸ਼ੁਰੂ ਕੀਤੀ ਸੀ।

ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਰਾਜ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ।

77ਵੇਂ ਦਿਨ, ਪੁਲਿਸ ਟੀਮਾਂ ਨੇ 202 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ, ਜਿਸ ਨਾਲ ਮੁਹਿਮ ਦੀ ਸ਼ੁਰੂਆਤ ਤੋਂ ਹੁਣ ਤੱਕ ਕੁੱਲ ਗ੍ਰਿਫਤਾਰੀਆਂ ਦੀ ਗਿਣਤੀ 19,450 ਹੋ ਗਈ ਹੈ।

ਇਸ ਤੋਂ ਇਲਾਵਾ 89 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 58 ਵਿਅਕਤੀਆਂ ਨੂੰ ਤਫਤੀਸ਼ ਅਤੇ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ 10 ਭਗੌੜੇ ਅਪਰਾਧੀਆਂ ਨੂੰ ਵੀ ਗ੍ਰਿਫਤਾਰ ਕੀਤਾ ਹੈ।

ਲੋਕ ਐਂਟੀ ਗੈਂਗਸਟਰ ਹੈਲਪਲਾਈਨ 93946-93946 ਰਾਹੀਂ ਗੁਪਤ ਰੂਪ ਵਿਚ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ ਬਾਰੇ ਜਾਣਕਾਰੀ ਦੇ ਸਕਦੇ ਹਨ ਅਤੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ /ਜਾਣਕਾਰੀ ਵੀ ਸਾਂਝੇ ਕਰ ਸਕਦੇ ਹਨ 9

ਇਸ ਦੌਰਾਨ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿਮ ਯੁੱਧ ਨਸ਼ਿਆਂ ਵਿਰੁੱਧ ਨੂੰ 402ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 112 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 5.8 ਕਿਲੋ ਹੈਰੋਇਨ, 587 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 19,050 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ।

ਇਸ ਨਾਲ ਸਿਰਫ਼ 402 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 57,519 ਹੋ ਗਈ ਹੈ।

ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ ਪੰਜਾਬ ਪੁਲਿਸ ਨੇ ਅੱਜ 73 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਵਿਦਿਆਰਥੀਆਂ ਲਈ ਵਿਸ਼ੇਸ਼ ਮੌਕਾ ਆਪਣੇ ਭਵਿੱਖ ਨੂੰ ਦੁਬਾਰਾ ਲਿਖਣ ਦਾ ਸੁਨਹਿਰਾ ਅਵਸਰ: ਹਰਜੋਤ ਸਿੰਘ ਬੈਂਸ

ਚੰਡੀਗੜ੍ਹ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-



ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਵਰ੍ਹੇ ਨੂੰ ਸਮਰਪਿਤ ਇਕ ਅਹਿਮ ਹਮਦਰਦੀ-ਭਰਪੂਰ ਪਹਿਲ ਕਰਦਿਆਂ ਪੰਜਾਬ ਸਕੂਲ ਸਿੱਖਿਆ ਬੋਰਡ ਉਨ੍ਹਾਂ ਵਿਦਿਆਰਥੀਆਂ ਲਈ ਯਕਮੁਸ਼ਤ ਵਿਸ਼ੇਸ਼ ਮੌਕਾ (ਮਰਸੀ ਚਾਂਸ) ਦੇਣ ਜਾ ਰਿਹਾ ਹੈ, ਜੋ 10ਵੀਂ ਜਾਂ 12ਵੀਂ ਬੋਰਡ ਪ੍ਰੀਖਿਆ ਪਾਸ ਨਹੀਂ ਸਨ ਕਰ ਸਕੇ।

ਇਹ ਐਲਾਨ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਅੱਜ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਮੌਕੇ ਕੀਤਾ।

ਇਸ ਪਹਿਲਕਦਮੀ ਲਈ ਯੋਗਤਾ ਅਤੇ ਦਾਇਰੇ ਬਾਰੇ ਸਿੱਖਿਆ ਮੰਤਰੀ ਨੇ ਦੱਸਿਆ ਕਿ ਉਹ ਸਾਰੇ ਵਿਦਿਆਰਥੀ, ਜੋ ਮਾਰਚ 2010 ਤੋਂ ਹੁਣ ਤੱਕ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਕਿਸੇ ਵੀ ਪ੍ਰੀਖਿਆ ਵਿੱਚ ਬੈਠੇ ਹਨ ਅਤੇ ਪਾਸ ਨਹੀਂ ਸਨ ਹੋਏ, ਉਹ ਵਿਸ਼ੇਸ਼ ਮੌਕੇ (ਮਰਸੀ ਚਾਂਸ) ਲਈ ਯੋਗ ਹੋਣਗੇ। ਇਸ ਮੌਕੇ ਦਾ ਲਾਭ ਉਹ ਵਿਦਿਆਰਥੀ ਲੈ ਸਕਦੇ ਹਨ, ਜਿਨ੍ਹਾਂ ਨੇ ਘੱਟੋ-ਘੱਟ ਇੱਕ ਵਿਸ਼ਾ ਪਾਸ ਕੀਤਾ ਹੈ। ਦਸਵੀਂ ਅਤੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਇਹ ਵਿਸ਼ੇਸ਼ ਸਹੂਲਤ ਉਨ੍ਹਾਂ ਨੂੰ ਆਪਣਾ ਬੋਰਡ ਸਰਟੀਫਿਕੇਸ਼ਨ ਪ੍ਰਾਪਤ ਕਰਨ ਦਾ ਅੰਤਮ ਰਸਤਾ ਪ੍ਰਦਾਨ ਕਰੇਗੀ।

ਸ. ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਆਨਲਾਈਨ ਰਜਿਸਟ੍ਰੇਸ਼ਨ ਪ੍ਰਕਿਰਿਆ 27 ਅਪ੍ਰੈਲ, 2026 ਨੂੰ ਸ਼ੁਰੂ ਹੋਵੇਗੀ ਅਤੇ ਵਿਸ਼ੇਸ਼ ਪ੍ਰੀਖਿਆਵਾਂ 15 ਜੁਲਾਈ, 2026 ਤੋਂ ਹੋਣਗੀਆਂ। ਉਨ੍ਹਾਂ ਕਿਹਾ ਕਿ ਵਿਸਤਾਰਥ ਨਿਰਦੇਸ਼, ਵਿਸ਼ਾ-ਵਾਰ ਸਿਲੇਬਸ ਅਤੇ ਅਪਲਾਈ ਕਰਨ ਲਈ ਲਿੰਕ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਅਧਿਕਾਰਤ ਵੈੱਬਸਾਈਟ 'ਤੇ ਉਪਲਬਧ ਹੋਵੇਗਾ।

ਇਸ ਪਹਿਲਕਦਮੀ ਨੂੰ ਨੌਵੇਂ ਗੁਰੂ ਸਾਹਿਬ ਜੀ ਦੀ ਪਵਿੱਤਰ ਅਤੇ ਸਦੀਵੀਂ ਵਿਰਾਸਤ ਪ੍ਰਤੀ ਨਿਮਰ ਸ਼ਰਧਾਂਜਲੀ ਦੱਸਦਿਆਂ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਹ ਵਿਸ਼ੇਸ਼ ਮੌਕਾ ਉਨ੍ਹਾਂ ਵਿਦਿਆਰਥੀਆਂ ਲਈ ਇੱਕ ਸੁਨਹਿਰੀ ਅਵਸਰ ਹੋਵੇਗਾ, ਜੋ ਕਈ ਕੋਸ਼ਿਸ਼ਾਂ ਦੇ ਬਾਵਜੂਦ ਅਜੇ ਤੱਕ ਆਪਣੀ ਸਕੂਲੀ ਸਿੱਖਿਆ ਪੂਰੀ ਨਹੀਂ ਕਰ ਸਕੇ ਸਨ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲੋਂ ਦਰਸਾਏ ਦਇਆ-ਭਾਵਨਾ ਅਤੇ ਸਮਾਜਿਕ ਨਿਆਂ ਦੇ ਸਿਧਾਂਤਾਂ ਅਤੇ ਸਿੱਖਿਆ ਪ੍ਰਤੀ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਦੇ 350ਵੇਂ ਸ਼ਹੀਦੀ ਵਰ੍ਹੇ ਦੇ ਇਤਿਹਾਸਕ ਮੌਕੇ ਸੂਬਾ ਸਰਕਾਰ ਇਹ ਚਾਹੁੰਦੀ ਹੈ ਕਿ ਆਪਣੀ ਸਿੱਖਿਆ ਪੂਰੀ ਕਰਨ ਦਾ ਚਾਹਵਾਨ ਹਰ ਵਿਦਿਆਰਥੀ ਇਹ ਮਹਿਸੂਸ ਕਰੇ ਕਿ ਸਿੱਖਿਆ ਪੂਰੀ ਕਰਨ ਵਿੱਚ ਕਦੇ ਵੀ ਕੋਈ ਦੇਰੀ ਨਹੀਂ ਹੁੰਦੀ।

ਸ. ਬੈਂਸ ਨੇ ਕਿਹਾ ਕਿ ਇਹ ਮੌਕਾ ਆਪਣੇ ਭਵਿੱਖ ਨੂੰ ਲਿਖਣ ਦਾ ਇੱਕ ਸੁਨਹਿਰੀ ਮੌਕਾ ਹੈ। ਉਨ੍ਹਾਂ ਨੇ ਯੋਗ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਸਮਾਂ ਗੁਆਏ ਇਸ ਸਬੰਧੀ ਨਿਯਮਤ ਜਾਣਕਾਰੀ ਲਈ ਪੀ.ਐਸ.ਈ.ਬੀ. ਦੀ ਵੈੱਬਸਾਈਟ ਦੇਖਦੇ ਰਹਿਣ ਅਤੇ ਉਹ ਕਿਸੇ ਵੀ ਪੁੱਛਗਿੱਛ ਲਈ ਆਪਣੇ ਨੇੜਲੇ ਜ਼ਿਲ੍ਹਾ ਸਿੱਖਿਆ ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ।

# ਪਰਾਲੀ ਸੰਭਾਲਣ ਵਾਲੀਆਂ ਖੇਤੀ ਮਸ਼ੀਨਾਂ ਤੇ ਸਬਸਿਡੀ ਪ੍ਰਾਪਤ ਕਰਨ ਲਈ ਕਿਸਾਨ ਦੇਣ ਬਿਨੈ ਪੱਤਰ : ਡਾ. ਹਰਪ੍ਰੀਤ ਕੌਰ

ਫਾਜ਼ਿਲਕਾ, 11 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-



ਮੁੱਖ ਖੇਤੀਬਾੜੀ ਅਫ਼ਸਰ ਫ਼ਾਜ਼ਿਲਕਾ ਡਾ. ਹਰਪ੍ਰੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਫਸਲਾਂ ਦੀ ਰਹਿੰਦ-ਖੂੰਹਦ ਜਿਵੇਂ ਝੋਨੇ ਦੀ ਪਰਾਲੀ ਆਦਿ ਦੀ ਸੰਭਾਲ ਕਰਨ ਵਿੱਚ ਸਹਾਈ ਖੇਤੀਬਾੜੀ ਮਸ਼ੀਨਾਂ ਉੱਤੇ ਇਸ ਸਾਲ ਵੀ ਸਬਸਿਡੀ ਮੁਹੱਈਆ ਕਰਵਾਈ ਜਾ ਰਹੀ ਹੈ। ਖੇਤੀ ਮਸ਼ੀਨਰੀ ਤੇ ਸਬਸਿਡੀ ਲਈ ਜ਼ਿਲ੍ਹੇ ਦੇ ਕਿਸਾਨਾਂ ਪਾਸੋਂ ਬਿਨੈ-ਪੱਤਰਾਂ ਦੀ ਮੰਗ ਕੀਤੀ ਗਈ ਹੈ। ਕਿਸਾਨ ਇਹ ਬਿਨੈ-ਪੱਤਰ ਆਨਲਾਈਨ ਮਾਧਿਅਮ ਰਾਹੀਂ ਖੇਤੀਬਾੜੀ ਵਿਭਾਗ ਦੇ ਪੋਰਟਲ agrimachinerypb.com ਤੇ 24 ਅਪ੍ਰੈਲ 2026 ਸ਼ਾਮ 5.00 ਵਜੇ ਤੱਕ ਦੇ ਸਕਦੇ ਹਨ।

ਉਨ੍ਹਾਂ ਵੱਲੋਂ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਵੱਧ ਤੋਂ ਵੱਧ ਕਿਸਾਨ ਇਸ ਸਕੀਮ ਅਧੀਨ ਦਿੱਤੀ ਜਾ ਰਹੀ ਸਬਸਿਡੀ ਦਾ ਲਾਭ ਪ੍ਰਾਪਤ ਕਰਨ ਤਾਂ ਜੋ ਜ਼ਿਲ੍ਹਾ ਫ਼ਾਜ਼ਿਲਕਾ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਦੀ ਪ੍ਰਥਾ ਨੂੰ ਬਿਲਕੁਲ ਖਤਮ ਕੀਤਾ ਜਾ ਸਕੇ ਅਤੇ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਕਿਸਾਨ ਸਬੰਧਤ ਬਲਾਕ ਖੇਤੀਬਾੜੀ ਅਫਸਰ ਜਾਂ ਮੁੱਖ ਖੇਤੀਬਾੜੀ ਅਫਸਰ ਦੇ ਦਫਤਰ ਵਿੱਚ ਸੰਪਰਕ ਕਰ ਸਕਦੇ ਹਨ। ਉਨ੍ਹਾਂ ਅੱਗੇ ਦੱਸਿਆ ਕਿ ਝੋਨੇ ਦੀ ਪਰਾਲੀ ਨੂੰ ਸਾਂਭਣ ਵਾਲੀਆਂ ਮਸ਼ੀਨਾਂ ਜਿਵੇ ਕਿ ਬੇਲਰ, ਰੇਕ, ਹੈਪੀ ਸੀਡਰ, ਸਮਾਰਟ ਸੀਡਰ, ਸੁਪਰ ਸੀਡਰ, ਜ਼ੀਰੋ ਟਿੱਲ ਡਰਿੱਲ, ਉਲਟਾਵਾਂ ਪਲਾਓ, ਪੈਡੀ ਸਟਰਾਅ ਚੌਪਰ/ਸ਼ਰੈਡਰ/ਮਲਚਰ, ਕਰਾਪ ਰੀਪਰ, ਸ਼ਰੱਬ ਮਾਸਟਰ/ ਰੋਟਰੀ ਸਲੈਸ਼ਰ ਅਤੇ ਕੰਬਾਈਨ ਤੇ ਲੱਗਣ ਵਾਲਾ ਸੁਪਰ ਐਸ.ਐਮ.ਐਸ. ਆਦਿ ਮਸ਼ੀਨਾਂ ਦੀ ਖਰੀਦ ਤੇ 50 ਪ੍ਰਤੀਸ਼ਤ ਤੋਂ 80 ਪ੍ਰਤੀਸ਼ਤ ਤੱਕ ਜਾਂ ਸਕੀਮ ਦੀਆਂ ਹਦਾਇਤਾਂ ਅਨੁਸਾਰ ਸਬਸਿਡੀ ਪ੍ਰਾਪਤ ਕਰਨ ਲਈ ਆਨਲਾਈਨ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਇਸ ਸਬੰਧੀ ਨਿਯਮ ਅਤੇ ਸ਼ਰਤਾਂ ਪੋਰਟਲ ਤੇ ਉਪਲਬਧ ਹਨ।

ਡਾ ਹਰਪ੍ਰੀਤ ਕੌਰ ਨੇ ਦੱਸਿਆ ਕਿ ਅਰਜ਼ੀ ਭਰਨ ਸਮੇਂ ਕਿਸਾਨਾਂ ਕੋਲ ਆਧਾਰ ਕਾਰਡ, ਪਾਸਪੋਰਟ ਸਾਈਜ਼ ਫੋਟੋ ਅਤੇ ਅਨੁਸੂਚਿਤ ਜਾਤੀ ਸਰਟੀਫਿਕੇਟ ਆਦਿ ਦੀਆਂ ਸਕੈਨਡ ਕਾਪੀਆਂ ਹੋਣਾ ਲਾਜ਼ਮੀ ਹੈ।

ਡਾ. ਹਰਪ੍ਰੀਤ ਕੌਰ ਨੇ ਦੱਸਿਆ ਕਿ ਅਰਜ਼ੀਆਂ ਪ੍ਰਾਪਤ ਹੋਣ ਉਪਰੰਤ ਵਿਭਾਗ ਤੋਂ ਪ੍ਰਾਪਤ ਹਦਾਇਤਾਂ ਅਨੁਸਾਰ ਲੋੜ ਪੈਣ 'ਤੇ ਡਰਾਅ ਸਿਸਟਮ ਰਾਹੀਂ ਯੋਗ ਬਿਨੈਕਾਰਾਂ ਦੀ ਚੋਣ ਕੀਤੀ ਜਾਵੇਗੀ। ਕਿਸਾਨਾਂ ਨੂੰ ਮਨਜ਼ੂਰੀ ਪੱਤਰ ਪੋਰਟਲ ਰਾਹੀਂ ਹੀ ਜਾਰੀ ਕੀਤੇ ਜਾਣਗੇ, ਜਿਸ ਉਪਰੰਤ ਕਿਸਾਨ ਮਿੱਥੇ ਸਮੇਂ ਦੇ ਅੰਦਰ-ਅੰਦਰ ਵਿਭਾਗ ਵਲੋਂ ਪ੍ਰਵਾਨਿਤ ਅਤੇ ਪੋਰਟਲ ਵਿੱਚ ਦਰਜ ਕਿਸੇ ਵੀ ਮਸ਼ੀਨਰੀ ਨਿਰਮਾਤਾ ਜਾਂ ਡੀਲਰ ਤੋਂ ਮਸ਼ੀਨ ਦੀ ਖਰੀਦ ਕਰ ਸਕਣਗੇ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਿਸਾਨ ਅਪਲਾਈ ਕਰਨ ਲਈ ਖੇਤੀਬਾੜੀ ਵਿਭਾਗ ਨਾਲ ਨਿਰੰਤਰ ਰਾਬਤਾ ਕਾਇਮ ਰੱਖਣ।

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ

**ਕੌਮੀ ਪਤ੍ਰਿਕਾ**

ਗੁਰਦਾਸਪੁਰ 11 ਅਪ੍ਰੈਲ। ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਅੱਜ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਦੇ ਨਾਲ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਪਿੰਡ ਨੜ੍ਹਾਂਵਾਲੀ, ਕਲਾਨੌਰ, ਮਛਰਾਲਾ, ਪੱਖੋਕੇ ਤੇ ਡੇਰਾ ਬਾਬਾ ਨਾਨਕ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਏ ਗਏ ਰਾਹਤ ਕੈਂਪਾਂ ਵਿੱਚ ਸਿਹਤ ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦਾ ਜਾਇਜ਼ਾ ਲਿਆ। ਇਸ ਮੌਕੇ ਡਾ. ਬਲਬੀਰ ਸਿੰਘ ਨੇ ਹੜ੍ਹ ਪ੍ਰਭਾਵਿਤ ਖੇਤਰਾਂ ਚੋਂ ਰਾਹਤ ਕੈਂਪਾਂ ਵਿੱਚ ਪਹੁੰਚੇ ਵਿਅਕਤੀਆਂ ਨੂੰ ਰਾਹਤ ਸਮਗਰੀ ਵੰਡੀ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਸੰਕਟ ਦੀ ਇਹ ਘੜੀ ਵਿੱਚ ਪੰਜਾਬ ਸਰਕਾਰ ਉਨ੍ਹਾਂ ਦੇ ਨਾਲ ਹੈ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਸਿਹਤ ਸੇਵਾਵਾਂ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਉਹ ਸੂਬੇ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਦੌਰਾ ਕਰ ਰਹੇ ਹਨ ਜਿਸ ਤਹਿਤ ਉਹ ਅੱਜ ਜ਼ਿਲ੍ਹਾ ਗੁਰਦਾਸਪੁਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਪਹੁੰਚੇ ਹਨ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਹੜ੍ਹਾਂ ਕਾਰਨ ਲੋਕਾਂ ਨੂੰ ਕਾਫ਼ੀ ਨੁਕਸਾਨ ਝੱਲਣਾ ਪਿਆ ਹੈ। ਸਿਹਤ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਮੁੱਚੀ ਪੰਜਾਬ ਸਰਕਾਰ ਹੀ ਹੜ੍ਹ ਪੀੜ੍ਹਤਾਂ ਦੀ ਹਰ ਤਰ੍ਹਾਂ ਨਾਲ ਮਦਦ ਲਈ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਸਭ ਤੋਂ ਪਹਿਲਾਂ ਲੋਕਾਂ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚੋਂ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ। ਉਨ੍ਹਾਂ ਕਿਹਾ ਸਰਕਾਰ ਵੱਲੋਂ ਹੜ੍ਹ ਪੀੜ੍ਹਤਾਂ ਲਈ ਲਗਾਤਾਰ ਰਾਹਤ ਕਾਰਜ ਚਲਾਏ ਜਾ ਰਹੇ ਹਨ ਅਤੇ ਹੋਰ ਲੋੜਵੰਦ ਤੱਕ ਖਾਣ-ਪੀਣ ਦੀ ਰਾਹਤ ਸਮਗਰੀ ਪਹੁੰਚਾਈ ਜਾ ਰਹੀ ਹੈ। ਪਸ਼ੂਆਂ ਲਈ ਚਾਰੇ ਦਾ ਪ੍ਰਬੰਧ ਵੀ ਕੀਤਾ ਜਾ ਰਿਹਾ ਹੈ ਅਤੇ ਇਸ ਸਭ ਵਿੱਚ ਸਮਾਜ ਸੇਵੀ ਸੰਸਥਾਵਾਂ ਦਾ ਵੀ ਵੱਡਾ ਸਹਿਯੋਗ ਮਿਲ ਰਿਹਾ ਹੈ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਹੜ੍ਹਾਂ ਦੇ ਇਸ ਸੰਕਟ ਵਿੱਚ ਲੋਕਾਂ ਨੂੰ ਸਿਹਤ ਪੱਖੋਂ ਕੋਈ ਸਮੱਸਿਆ ਨਾ ਆਵੇ ਇਸ ਲਈ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਲਗਾਤਾਰ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਵਿਸ਼ੇਸ਼ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਹੜ੍ਹ ਦੇ ਪਾਣੀ ਨਾਲ ਡੇਂਗੂ, ਮਲੇਰੀਆ ਤੇ ਡਾਇਰੀਆ ਸਮੇਤ ਹੋਰ ਕੋਈ ਬਿਮਾਰੀ ਨਾਲ ਫੈਲੇ ਇਸ ਲਈ ਸਿਹਤ ਵਿਭਾਗ ਵੱਲੋਂ ਲੋੜੀਂਦੇ ਕਦਮ ਚੁੱਕੇ ਗਏ ਹਨ। ਸਿਹਤ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਕੋਲੋਂ 100 ਐਂਬੂਲੈਂਸਾਂ ਤੇ ਨਾਲ ਪੈਰਾ ਮੈਡੀਕਲ ਸਟਾਫ਼ ਦੀ ਮੰਗ ਕੀਤੀ ਹੈ ਜੋ ਜਲਦੀ ਹੀ ਪਹੁੰਚ ਜਾਣਗੀਆਂ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਹੜ੍ਹਾਂ ਨਾਲ ਲੋਕਾਂ ਦੀਆਂ ਫਸਲਾਂ ਤੇ ਘਰਾਂ ਦਾ ਬਹੁਤ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਹੜ੍ਹ ਪੀੜ੍ਹਤ ਪਰਿਵਾਰਾਂ ਦੀ ਜਿੱਥੇ ਪੰਜਾਬ ਸਰਕਾਰ ਵੱਲੋਂ ਹਰ ਤਰਾਂ ਨਾਲ ਮਦਦ ਕੀਤੀ ਜਾ



ਰਹੀ ਹੈ ਓਥੇ ਉਹ ਆਪਣੇ ਵੱਲੋਂ ਵੀ ਇੱਕ ਹੜ੍ਹ ਪੀੜ੍ਹਤ ਕਿਸਾਨ ਦਾ ਪਰਿਵਾਰ ਤੇ ਇੱਕ ਮਜ਼ਦੂਰ ਦਾ ਪਰਿਵਾਰ ਦੀ ਇੱਕ-ਇੱਕ ਲੱਖ ਰੁਪਏ ਦੀ ਮਾਲੀ ਸਹਾਇਤਾ ਕਰਨਗੇ। ਇਸ ਤੋਂ ਇਲਾਵਾ ਪੰਜਾਬ ਸਰਕਾਰ ਦੇ ਫੈਸਲੇ ਅਨੁਸਾਰ ਉਹ ਆਪਣੀ ਇੱਕ ਮਹੀਨੇ ਦੀ ਤਨਖ਼ਾਹ ਵੀ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਦੇਣਗੇ। ਉਨ੍ਹਾਂ ਪ੍ਰਵਾਸੀ ਭਾਰਤੀਆਂ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਵੀ ਅਪੀਲ ਕੀਤੀ ਕਿ ਉਹ ਹੜ੍ਹ ਪੀੜ੍ਹਤਾਂ ਦੀ ਵੱਧ ਤੋਂ ਵੱਧ ਮਦਦ ਲਈ ਅੱਗੇ ਆਉਣ। ਆਪਣੇ ਦੌਰੇ ਦੌਰਾਨ ਸਿਹਤ ਮੰਤਰੀ ਨੇ ਕਮਿਊਨਿਟੀ ਹੈਲਥ ਸੈਂਟਰ ਕਲਾਨੌਰ ਦਾ ਦੌਰਾ ਵੀ ਕੀਤਾ। ਇਸ ਮੌਕੇ ਸਿਵਲ ਸਰਜਨ ਗੁਰਦਾਸਪੁਰ ਡਾ. ਜਸਵਿੰਦਰ ਸਿੰਘ ਨੇ ਸਿਹਤ ਮੰਤਰੀ ਨੂੰ ਦੱਸਿਆ ਕਿ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਮੈਡੀਕਲ ਕੈਂਪ ਲਗਾਉਣ ਤੋਂ ਇਲਾਵਾ ਪ੍ਰਭਾਵਿਤ ਪਿੰਡਾਂ ਵਿੱਚ ਵਾਟਰ ਸੈਂਪਲਿੰਗ, ਸਿਹਤ ਜਾਗਰੂਕਤਾ ਅਤੇ ਮਰੀਜ਼ਾਂ ਦਾ ਰੈਸਕਿਊ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਮਰੀਜ਼ਾਂ ਨੂੰ ਜ਼ਰੂਰੀ ਸਿਹਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰ ▼ਤੇ 3 ਰੈਪਿਡ ਰਿਸਪਾਂਸ ਟੀਮਾਂ ਬਣਾਈਆਂ ਗਈਆਂ ਹਨ ਜਦਕਿ ਬਲਾਕ ਪੱਧਰ ▼ਤੇ 19 ਰੈਪਿਡ ਰਿਸਪਾਂਸ ਟੀਮਾਂ ਕੰਮ ਕਰ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਲੋਕਾਂ ਦੀ ਸਹੂਲਤ ਅਨੁਸਾਰ 38 ਮੋਬਾਈਲ ਮੈਡੀਕਲ ਟੀਮਾਂ ਬਣਾਈਆਂ ਗਈਆਂ ਹਨ ਜੋ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਆਪਣੀਆਂ ਮੈਡੀਕਲ ਸੇਵਾਵਾਂ ਦੇ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਸਿਹਤ ਵਿਭਾਗ ਦੀਆਂ 6 ਜਦਕਿ 108 ਵਾਲੀਆਂ 18 ਐਂਬੂਲੈਂਸ ਲੋਕਾਂ ਦੀ ਸੇਵਾ ਵਿੱਚ ਮੌਜੂਦ ਹਨ। ਉਨ੍ਹਾਂ ਦੱਸਿਆ ਕਿ ਮਰੀਜ਼ਾਂ ਨੂੰ ਸਾਰੀਆਂ ਦਵਾਈਆਂ ਮੁਫਤ ਦਿੱਤੀਆ ਜਾ ਰਹੀਆਂ ਹਨ। ਪਾਣੀ ਦੀ ਸੈਂਪਲਿੰਗ ਲਈ ਟੀਮਾਂ ਨੂੰ ਆਨ ਸਪੋਟ ਵਾਟਰ ਟੈਸਟਿੰਗ ਕਿੱਟਾਂ ਦਿੱਤੀਆ ਗਈਆ ਹਨ, ਜਿਸ ਨਾਲ ਮੌਕੇ ▼ਤੇ ਹੀ ਪੀਣ ਵਾਲੇ ਪਾਣੀ ਦੀ ਗੁਣਵੱਤਾ ਚੈਕ ਕੀਤੀ ਜਾ ਰਹੀ ਹੈ। ਸਿਹਤ ਵਿਭਾਗ ਵੱਲੋਂ ਪਾਣੀ ਦੀ ਕਲੋਰੀਨੇਸ਼ਨ ਕੀਤੀ ਜਾ ਰਹੀ ਹੈ।

## ਮਾਤਾ ਵੈਸ਼ਨੋ ਦੇਵੀ ਜਾਣ ਵਾਲੇ ਸ਼ਰਧਾਲੂ ਦੇਣ ਧਿਆਨ ! ਅਜੇ ਨਾ ਕਰਿਓ ਗਲਤੀ

ਕਟੜਾ/ਜੰਮੂ 11 ਅਪ੍ਰੈਲ। ਤ੍ਰਿਕੁਟਾ ਪਹਾੜੀਆਂ 'ਤੇ ਸਥਿਤ ਮਾਤਾ ਵੈਸ਼ਨੋ ਦੇਵੀ ਮੰਦਰ ਦੀ ਯਾਤਰਾ ਬੁੱਧਵਾਰ ਨੂੰ ਨੌਂਵੇਂ ਦਿਨ ਵੀ ਮੁਅੱਤਲ ਰਹੀ ਅਤੇ ਪਿਛਲੇ 24 ਘੰਟਿਆਂ ਦੌਰਾਨ ਇਸਦੇ ਬੇਸ ਕੈਂਪ ਵਿੱਚ 200 ਮਿਲੀਮੀਟਰ ਤੋਂ ਵੱਧ ਬਾਰਿਸ਼ ਦਰਜ ਕੀਤੀ ਗਈ, ਜੋ ਕਿ ਜੰਮੂ ਖੇਤਰ 'ਚ ਸਭ ਤੋਂ ਵੱਧ ਹੈ। ਵੈਸ਼ਨੋ ਦੇਵੀ ਦੀ ਯਾਤਰਾ 26 ਅਗਸਤ ਨੂੰ ਮੁਅੱਤਲ ਕਰ ਦਿੱਤੀ ਗਈ ਸੀ। ਕੁਝ ਘੰਟਿਆਂ ਬਾਅਦ, ਅਰਧਕੁਮਾੜੀ ਨੇੜੇ ਪੁਰਾਣੇ ਰਸਤੇ 'ਤੇ ਮੀਂਹ ਕਾਰਨ ਜ਼ਮੀਨ ਖਿਸਕ ਗਈ, ਜਿਸ ਵਿੱਚ 34 ਸ਼ਰਧਾਲੂਆਂ ਦੀ ਮੌਤ ਹੋ ਗਈ ਅਤੇ 20 ਹੋਰ ਜ਼ਖਮੀ ਹੋ ਗਏ। ਯਾਤਰਾ ਮੁਅੱਤਲ ਹੈ, ਫਿਰ ਵੀ ਮੰਦਰ ਖੁੱਲ੍ਹਾ ਹੈ ਤੇ ਇਸਦੇ ਪੁਜਾਰੀ ਰੋਜ਼ਾਨਾ ਪ੍ਰਾਰਥਨਾ ਅਤੇ ਰਸਮਾਂ ਕਰ ਰਹੇ ਹਨ। ਯਾਤਰਾ ਮੁਅੱਤਲ ਹੋਣ ਕਾਰਨ, ਕਟੜਾ ਪਹੁੰਚੇ ਕੁਝ ਸ਼ਰਧਾਲੂ 'ਦਰਸ਼ਨ ਡਿਓੜੀ' (ਮੰਦਰ ਦੇ ਰਸਤੇ ਦਾ ਮੁੱਖ ਪ੍ਰਵੇਸ਼ ਦੁਆਰ) 'ਤੇ ਪੂਜਾ ਕਰ ਰਹੇ ਹਨ। ਦਰਸ਼ਨ ਡਿਓੜੀ ਮੰਦਰ ਦੇ ਪਹਿਲੇ 'ਦਰਸ਼ਨ' ਦਾ ਪ੍ਰਤੀਕ ਹੈ। ਮਹਾਰਾਸ਼ਟਰ ਦੇ ਨਾਗਪੁਰ ਦੇ ਇੱਕ ਸ਼ਰਧਾਲੂ ਪ੍ਰਮੋਦ ਨੇ ਦੱਸਿਆ ਕਿ ਮੈਂ ਮੰਦਰ ਵਿੱਚ ਪ੍ਰਾਰਥਨਾ ਕਰਨ ਲਈ ਲਗਭਗ ਤਿੰਨ ਮਹੀਨੇ ਪਹਿਲਾਂ ਉਡਾਣ, ਰੇਲਗੱਡੀ ਅਤੇ ਹੋਟਲ ਦੀਆਂ ਟਿਕਟਾਂ ਬੁੱਕ ਕੀਤੀਆਂ ਸਨ। ਪਰ ਯਾਤਰਾ ਮੁਅੱਤਲ ਹੈ, ਇਸ ਲਈ ਮੈਂ ਘਰ ਵਾਪਸ ਜਾਣ ਤੋਂ ਪਹਿਲਾਂ ਇੱਥੇ (ਦਰਸ਼ਨ ਡਿਓੜੀ) ਪ੍ਰਾਰਥਨਾ ਕਰ ਰਿਹਾ ਹਾਂ। ਹਾਲਾਂਕਿ, ਉਸਨੇ ਕਿਹਾ ਕਿ ਉਹ ਨਿਰਾਸ਼ ਨਹੀਂ ਹੋਇਆ ਅਤੇ ਵਾਪਸ ਆਉਣ ਅਤੇ ਮਾਂ ਦੇ ਸੱਦੇ ਦੀ ਉਡੀਕ ਕਰਨ ਦੀ ਸਹੁੰ ਖਾਧੀ। ਲਗਾਤਾਰ ਬਾਰਸ਼ ਕਾਰਨ ਨਦੀਆਂ ਅਤੇ ਨਾਲਿਆਂ ਵਿੱਚ ਪਾਣੀ ਦਾ ਪੱਧਰ ਵਧ ਗਿਆ ਹੈ, ਖਾਸ ਕਰਕੇ ਜੰਮੂ ਵਿੱਚੋਂ ਲੰਘਦੀ ਬਾਣਗੰਗਾ ਨਦੀ 'ਚ। ਅਧਿਕਾਰੀਆਂ ਨੇ ਕਿਹਾ ਕਿ ਯਾਤਰਾ ਮੁੜ ਸ਼ੁਰੂ ਕਰਨ ਦਾ ਫੈਸਲਾ ਸਥਿਤੀ 'ਚ ਸੁਧਾਰ ਹੋਣ ਅਤੇ ਪਹਾੜੀ ਚੋਟੀ ਦੇ ਮੰਦਰ ਨੂੰ ਜਾਣ ਵਾਲੀ 12 ਕਿਲੋਮੀਟਰ ਲੰਬੀ ਦੋਹਰੀ ਸੜਕ 'ਤੇ ਸ਼ਰਧਾਲੂਆਂ ਲਈ ਰੁਕਾਵਟ ਦੂਰ ਹੋਣ 'ਤੇ ਲਿਆ ਜਾਵੇਗਾ।

## ਧਾਲੀਵਾਲ ਵੱਲੋਂ ਕੇਂਦਰ ਨੂੰ ਅਜਨਾਲਾ ਦੇ ਹੜ੍ਹ ਪੀੜਤਾਂ ਲਈ 2 ਹਜ਼ਾਰ ਕਰੋੜ ਦੇਣ ਦੀ ਅਪੀਲ

ਜਲੰਧਰ/ਅੰਮ੍ਰਿਤਸਰ 11 ਅਪ੍ਰੈਲ। ਖਰਾਬ ਮੌਸਮ ਅਤੇ ਮੀਂਹ ਦੇ ਬਾਵਜੂਦ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵਿਧਾਨ ਸਭਾ ਹਲਕਾ ਅਜਨਾਲਾ ਦੇ ਰਾਵੀ ਦਰਿਆ ਅਤੇ ਸੱਕੀ ਨਾਲੇ ਵਿਚ ਆਏ ਭਿਆਨਕ ਹੜ੍ਹਾਂ ਦਾ ਜਾਇਜ਼ਾ ਲੈਣ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹ ਪੀੜਤਾਂ ਦੀ ਮਦਦ ਲਈ ਪਿੰਡ ਚਮਿਆਰੀ ਵਿੱਚ ਲਾਏ ਗਏ ਰਾਹਤ ਕੈਂਪ ਵਿਚ ਪ੍ਰਭਾਵਿਤ ਲੋਕਾਂ ਨਾਲ ਗੱਲਬਾਤ ਕਰਨ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਦੌਰਾਨ ਸਾਬਕਾ ਕੈਬਨਿਟ ਮੰਤਰੀ ਅਤੇ ਵਿਧਾਇਕ ਧਾਲੀਵਾਲ ਨੇ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਵੱਲੋਂ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਇੱਕ ਮੰਗ ਪੱਤਰ ਸੌਂਪਦਿਆਂ ਕਿਹਾ ਕਿ ਵਿਧਾਨ ਸਭਾ ਹਲਕਾ ਅਜਨਾਲਾ ਦੇ ਲੋਕਾਂ ਨੂੰ ਹਰ ਵਾਰ ਰਾਵੀ ਦਰਿਆ ਦੀ ਮਾਰ ਝੱਲਣੀ ਪੈਂਦੀ ਹੈ। ਉਨ੍ਹਾਂ ਨੇ ਰਾਜਪਾਲ ਨੂੰ ਦੱਸਿਆ ਕਿ ਰਾਵੀ ਦਰਿਆ ਵਿਚ ਆਏ ਹੜ੍ਹ ਨੇ ਅਜਨਾਲਾ ਵਿਚ ਮੁੱਢਲੇ ਬੁਨਿਆਦੀ ਢਾਂਚੇ ਨੂੰ ਤਬਾਹ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਅਤੇ ਇੱਥੇ ਭਾਰੀ ਨੁਕਸਾਨ ਹੋਇਆ ਹੈ। ਹੜ੍ਹ ਦੀ ਭਿਆਨਕਤਾ ਕਾਰਨ ਇਸ ਖੇਤਰ ਵਿਚ ਰਹਿਣ ਵਾਲੇ ਸ਼ਾਂਤੀ ਪਸੰਦ ਨਾਗਰਿਕ ਕੁਦਰਤੀ ਆਫ਼ਤ ਦਾ ਸ਼ਿਕਾਰ ਹੋਏ ਹਨ ਅਤੇ ਸਿੱਧੇ ਅਤੇ ਅਸਿੱਧੇ ਤੌਰ 'ਤੇ ਲਗਭਗ 2 ਹਜ਼ਾਰ ਕਰੋੜ ਰੁਪਏ ਦਾ ਆਰਥਿਕ ਨੁਕਸਾਨ ਹੋਇਆ ਹੈ। ਹੜ੍ਹ ਨੇ ਕੁਝ ਕੀਮਤੀ ਮਨੁੱਖੀ ਜਾਨਾਂ ਵੀ ਲੈ ਲਈਆਂ ਹਨ। ਧਾਲੀਵਾਲ ਨੇ ਭਾਵੁਕ ਲਹਿਜੇ ਵਿਚ ਰਾਜਪਾਲ ਕਟਾਰੀਆ ਨੂੰ ਅਪੀਲ ਕੀਤੀ ਕਿ ਜਿੱਥੇ ਕੇਂਦਰ ਸਰਕਾਰ ਨੂੰ ਹੜ੍ਹਾਂ ਦੀ ਆਫ਼ਤ ਨੂੰ ਰਾਸ਼ਟਰੀ ਕੁਦਰਤੀ ਆਫ਼ਤ ਐਲਾਨਣਾ ਚਾਹੀਦਾ ਹੈ, ਉੱਥੇ ਹੀ ਅਜਨਾਲਾ ਵਿਧਾਨ ਸਭਾ ਹਲਕੇ ਦੇ ਹੜ੍ਹ ਪੀੜਤਾਂ ਦੇ ਮੁੜ-ਵਸੇਬੇ ਲਈ 2 ਹਜ਼ਾਰ ਕਰੋੜ ਰੁਪਏ ਦਾ ਵਿੱਤੀ ਪੈਕੇਜ ਤੁਰੰਤ ਜਾਰੀ ਕਰਨਾ ਚਾਹੀਦਾ ਹੈ।

## ਪੰਜਾਬ 'ਚ ਚਲਣਗੀਆਂ 860 ਵਿਸ਼ੇਸ਼ ਰੇਲ ਗੱਡੀਆਂ, ਕੇਂਦਰ ਸਰਕਾਰ ਦਾ ਵੱਡਾ ਫੈਸਲਾ

ਫਿਰੋਜ਼ਪੁਰ 11 ਅਪ੍ਰੈਲ। ਪੰਜਾਬ ਦੇ ਗੋਦਾਮ ਕਣਕ ਅਤੇ ਝੋਨੇ ਨਾਲ ਭਰੇ ਹੋਏ ਹਨ, ਜਿਸ ਕਾਰਨ ਸਟੋਰ ਕਰਨ ਦੀ ਸਮੱਸਿਆ ਵਧ ਰਹੀ ਹੈ। ਕਣਕ ਦੀ ਵਾਢੀ ਦੇ ਸੀਜ਼ਨ ਦੀ ਸ਼ੁਰੂਆਤ ਦੇ ਨਾਲ ਇਹ ਸਮੱਸਿਆ ਹੋਰ ਵੀ ਗੰਭੀਰ ਹੋ ਗਈ ਹੈ। ਇਸ ਨੂੰ ਵੇਖਦਿਆਂ ਕੇਂਦਰ ਸਰਕਾਰ ਨੇ ਪੰਜਾਬ ਦੀਆਂ ਮੰਡੀਆਂ ਤੋਂ 22 ਲੱਖ 6 ਹਜ਼ਾਰ 761 ਮੀਟ੍ਰਿਕ ਟਨ ਕਣਕ ਚੁੱਕਣ ਦਾ ਫੈਸਲਾ ਕੀਤਾ ਹੈ ਅਤੇ ਇਸ ਮਕਸਦ ਲਈ 860 ਵਿਸ਼ੇਸ਼ ਰੇਲ ਗੱਡੀਆਂ ਦਾ ਪ੍ਰਬੰਧ ਕੀਤਾ ਹੈ। ਸਰਕਾਰੀ ਖਰੀਦ ਏਜੰਸੀ ਦੇ ਇੱਕ ਅਧਿਕਾਰੀ ਦੇ ਅਨੁਸਾਰ, ਪੰਜਾਬ ਦੇ ਸਾਰੇ ਗੋਦਾਮਾਂ ਵਿੱਚ ਕਣਕ ਅਤੇ ਝੋਨੇ ਦਾ ਵੱਡਾ ਭੰਡਾਰ ਹੈ। ਕਣਕ ਨੂੰ ਦੂਜੇ ਰਾਜਾਂ ਵਿੱਚ ਭੇਜਿਆ ਜਾ ਰਿਹਾ ਹੈ ਅਤੇ ਝੋਨੇ ਨੂੰ ਗੋਦਾਮਾਂ ਵਿੱਚ ਸਟੋਰ ਕੀਤਾ ਜਾ ਰਿਹਾ ਹੈ। ਇਸ ਫੈਸਲੇ ਤਹਿਤ ਪੰਜਾਬ ਦੇ 22 ਜ਼ਿਲ੍ਹਿਆਂ ਦੀਆਂ ਮੰਡੀਆਂ ਤੋਂ ਕਣਕ ਸਿੱਧੀ ਚੁੱਕੀ ਜਾਵੇਗੀ। ਅਪ੍ਰੈਲ ਅਤੇ ਮਈ ਵਿੱਚ ਇਸ ਮਕਸਦ ਲਈ 860 ਵਿਸ਼ੇਸ਼ ਰੇਲ ਗੱਡੀਆਂ ਦਾ ਪ੍ਰਬੰਧ ਕੀਤਾ ਗਿਆ ਹੈ। ਅੰਮ੍ਰਿਤਸਰ ਤੋਂ 80 ਵਿਸ਼ੇਸ਼ ਰੇਲ ਗੱਡੀਆਂ ਰਾਹੀਂ 208,000 ਮੀਟ੍ਰਿਕ ਟਨ ਕਣਕ, ਬਰਨਾਲਾ ਤੋਂ 32 ਰੇਲ ਗੱਡੀਆਂ ਰਾਹੀਂ 82,723 ਮੀਟ੍ਰਿਕ ਟਨ, ਬਠਿੰਡਾ ਤੋਂ 37 ਰੇਲ ਗੱਡੀਆਂ ਰਾਹੀਂ 96,185 ਮੀਟ੍ਰਿਕ ਟਨ ਅਤੇ ਫਰੀਦਕੋਟ ਤੋਂ 18 ਰੇਲ ਗੱਡੀਆਂ ਰਾਹੀਂ 44,646 ਮੀਟ੍ਰਿਕ ਟਨ ਕਣਕ ਦੀ ਢੋਆ-ਢੁਆਈ ਕੀਤੀ ਜਾਵੇਗੀ। ਇਸੇ ਤਰ੍ਹਾਂ ਹੋਰ ਜ਼ਿਲ੍ਹਿਆਂ ਤੋਂ ਵੱਡੀ ਮਾਤਰਾ ਵਿੱਚ ਕਣਕ ਦੀ ਢੋਆ-ਢੁਆਈ ਕੀਤੀ ਜਾਵੇਗੀ, ਜਿਸ ਵਿੱਚ ਫਿਰੋਜ਼ਪੁਰ ਤੋਂ 155,000 ਮੀਟ੍ਰਿਕ ਟਨ, ਗੁਰਦਾਸਪੁਰ ਤੋਂ 100,000 ਮੀਟ੍ਰਿਕ ਟਨ ਅਤੇ ਪਟਿਆਲਾ ਤੋਂ 222,863 ਮੀਟ੍ਰਿਕ ਟਨ ਸ਼ਾਮਲ ਹਨ। ਪੰਜਾਬ ਤੋਂ ਕਣਕ ਦੀ ਢੋਆ-ਢੁਆਈ ਲਈ ਅਪ੍ਰੈਲ ਵਿੱਚ 409 ਵਿਸ਼ੇਸ਼ ਰੇਲ ਗੱਡੀਆਂ ਅਤੇ ਮਈ ਵਿੱਚ 440 ਵਿਸ਼ੇਸ਼ ਰੇਲ ਗੱਡੀਆਂ ਚਲਾਈਆਂ ਜਾਣਗੀਆਂ। ਇਸ ਕਦਮ ਨਾਲ ਨਾ ਸਿਰਫ਼ ਪੰਜਾਬ ਦੇ ਗੋਦਾਮਾਂ 'ਤੇ ਕਣਕ ਦਾ ਬੋਝ ਘਟੇਗਾ ਸਗੋਂ ਝੋਨੇ ਨੂੰ ਸਟੋਰ ਕਰਨ ਦੀ ਸਮੱਸਿਆ ਨੂੰ ਵੀ ਹੱਲ ਕੀਤਾ ਜਾਵੇਗਾ।

## ਪਿਤਾ ਨੇ ਝਿੜਕਿਆ ਤਾਂ ਪੁੱਤ ਨੇ ਨਸ਼ੇ 'ਚ ਕਰ 'ਤਾ ਪਿਓ ਦਾ ਕਤਲ, ਅਦਾਲਤ ਨੇ ਸੁਣਾਈ ਮਿਸਾਲੀ ਸਜ਼ਾ

**ਕੌਮੀ ਪਤ੍ਰਿਕਾ**

ਜਲੰਧਰ 11 ਅਪ੍ਰੈਲ। ਐਡੀਸ਼ਨਲ ਸੈਸ਼ਨ ਜੱਜ ਵਿਸ਼ੇਸ਼ ਕੰਬੋਜ ਦੀ ਅਦਾਲਤ ਵੱਲੋਂ ਹਰਕੇਸ਼ ਕੁਮਾਰ ਪੁੱਤਰ ਗੁਰਮੇਲ ਰਾਮ ਵਾਸੀ ਚੀਮਾ ਖੁਰਦ ਥਾਣਾ ਗੋਰਾਇਆ ਜਲੰਧਰ ਨੂੰ ਦੋਸ਼ ਸਾਬਤ ਹੋ ਜਾਣ 'ਤੇ ਦੋਸ਼ੀ ਕਰਾਰ ਦਿੰਦੇ ਹੋਏ ਉਮਰ ਕੈਦ ਅਤੇ ਵੱਖ-ਵੱਖ ਧਰਾਵਾਂ 'ਚ 2.50 ਲੱਖ ਰੁਪਏ ਜੁਰਮਾਨਾ, ਜੁਰਮਾਨਾ ਨਾ ਦੇਣ 'ਤੇ ਦੋਸ਼ੀ ਨੂੰ ਇਕ ਸਾਲ ਦੀ ਹੋਰ ਕੈਦ ਦੀ ਸਜ਼ਾ ਦਾ ਹੁਕਮ ਸੁਣਾਇਆ ਹੈ। ਇਸ ਮਾਮਲੇ ਵਿਚ ਦੋਸ਼ੀ ਦੇ ਵਿਰੁੱਧ 15 ਮਾਰਚ 2022 ਨੂੰ ਥਾਣਾ ਗੋਰਾਇਆ 'ਚ ਰਾਜਵਿੰਦਰ ਕੌਰ ਰਜਨੀ, ਜੋਕਿ ਦੋਸ਼ੀ ਹਰਕੇਸ਼ ਕੁਮਾਰ ਦੀ ਪਤਨੀ ਰਾਜਵਿੰਦਰ ਕੌਰ ਉਰਫ਼ ਰਜਨੀ ਦੀ ਸ਼ਿਕਾਇਤ 'ਤੇ ਉਸ ਦੇ ਸਹੁਰੇ ਗੁਰਮੇਲ ਰਾਮ ਦਾ ਕਤਲ ਕਰਨ ਦੇ ਮਾਮਲੇ 'ਚ ਥਾਣਾ ਗੋਰਾਇਆ ਦੀ ਪੁਲਸ ਨੇ ਹਰਕੇਸ਼ ਕੁਮਾਰ ਨੂੰ ਗ੍ਰਿਫਤਾਰ ਕਰ ਕੇ ਹੱਤਿਆ ਦਾ ਮਾਮਲਾ ਦਰਜ ਕੀਤਾ ਗਿਆ ਸੀ। ਕੋਰਟ ਵਿਚ ਐੱਨ. ਆਰ. ਆਈ. ਦੀ ਪਤਨੀ ਰਾਵਿੰਦਰ ਕੌਰ ਉਰਫ਼ ਰਜਨੀ ਬਾਲਾ ਦੇ ਨਾਲ-ਨਾਲ ਮਾਂ ਰਛਪਾਲ ਕੌਰ ਅਤੇ ਚਾਚੀ ਸੁਰਜੀਤ ਕੌਰ ਨੇ ਗਵਾਹੀ ਦਿੱਤੀ। ਪਤਨੀ ਨੇ ਕੋਰਟ ਵਿਚ ਪੂਰੀ ਘਟਨਾ ਬਿਆਨ ਕੀਤੀ। ਥਾਣਾ ਗੋਰਾਇਆ ਵਿਚ 15 ਮਾਰਚ 2022 ਨੂੰ ਕਤਲ ਅਤੇ ਇਰਾਦਾ-ਏ-ਕਤਲ ਦਾ ਕੇਸ ਦਰਜ ਕੀਤਾ ਗਿਆ ਸੀ। ਪੁਲਸ ਨੇ ਕਾਤਲ ਨੂੰ ਗ੍ਰਿਫ਼ਤਾਰ ਕਰਕੇ ਨਹਿਰ ਦੇ ਕੋਲ ਸੁੱਟਿਆ ਘੋਟਣਾ ਬਰਾਮਦ ਕਰ ਲਿਆ ਸੀ। ਜਾਂਚ ਤੋਂ ਬਾਅਜ ਚਾਰਜਸ਼ੀਟ ਕੋਰਟ ਵਿਚ ਫਾਈਲ ਕਰ ਦਿੱਤੀ ਸੀ। ਗਵਾਹੀ ਦਿੰਦੇ ਹੋਏ ਰਾਜਵਿੰਦਰ ਕੌਰ ਨੇ ਕਿਹਾ ਕਿ ਉਸ ਦਾ ਵਿਆਹ 2005 ਵਿੱਚ ਹਰਮੇਸ਼ ਕੁਮਾਰ ਨਾਲ ਹੋਇਆ ਸੀ। ਉਸ ਦਾ ਪਤੀ ਪੁਰਤਗਾਲ 'ਚ ਕੰਮ ਕਰਦਾ ਸੀ ਅਤੇ ਜੁਲਾਈ 2021 'ਚ ਘਰ ਵਾਪਸ ਆਇਆ। ਵਿਦੇਸ਼ ਤੋਂ ਵਾਪਸ ਆਉਣ ਤੋਂ ਬਾਅਦ ਉਹ ਹਰ ਰੋਜ਼ ਸ਼ਰਾਬ ਪੀਂਦਾ ਸੀ। 15 ਮਾਰਚ 2022 ਨੂੰ ਸਵੇਰੇ ਸਾਢੇ 8 ਵਜੇ, ਉਹ ਸ਼ਰਾਬੀ ਹੋ ਕੇ ਘਰ ਆਇਆ। ਜਦੋਂ ਉਸ ਦੇ ਸਹੁਰੇ ਗੁਰਮੇਲ ਰਾਮ ਨੇ ਉਸ ਨੂੰ ਹਰ ਰੋਜ਼ ਸ਼ਰਾਬ ਪੀ ਕੇ ਘਰ ਆਉਣ 'ਤੇ ਝਿੜਕਿਆ ਤਾਂ ਉਸਨੇ ਕਿਹਾ, ਮੈਂ ਵਿਦੇਸ਼ 'ਚ ਪੈਸੇ ਕਮਾਏ ਹਨ। ਤੁਸੀਂ ਮੈਨੂੰ ਸ਼ਰਾਬ ਪੀਣ ਤੋਂ ਕਿਉਂ ਰੋਕਦੇ ਹੋ? ਉਸ ਦੇ ਪਿਤਾ ਨੇ ਫਿਰ ਗੁੱਸੇ ਨਾਲ ਜਵਾਬ ਦਿੱਤਾ, ਤੂੰ ਸਵੇਰੇ-ਸਵੇਰੇ ਸ਼ਰਾਬ ਪੀਣ ਤੋਂ ਬਾਅਦ ਆਪਣੇ ਬੱਚੇ ਨੂੰ ਕੁੱਟ ਦਿੱਤਾ, ਤੇਰਾ ਦਿਮਾਗ ਖ਼ਰਾਬ ਹੈ। ਰਾਜਵਿੰਦਰ ਕੌਰ ਨੇ ਕਿਹਾ, ਇਹ ਸੁਣ ਕੇ ਉਸ ਦੇ ਪਤੀ ਹਰਮੇਸ਼ ਨੇ ਲੱਕੜ ਦਾ ਘੋਟਣਾ ਚੁੱਕਿਆ ਅਤੇ ਆਪਣੇ ਪਿਤਾ 'ਤੇ 2-3 ਵਾਰ ਵਾਰ ਕੀਤੇ। ਉਹ ਬੇਹੋਸ਼ ਹੋ ਗਿਆ। ਇਹ ਵੇਖ ਕੇ ਉਸ ਦੀ ਸੱਸ ਰਛਪਾਲ ਕੌਰ ਅਤੇ ਮਾਸੀ ਉਸ ਨੂੰ ਬਚਾਉਣ ਲਈ ਆਈਆਂ ਪਰ ਉਨ੍ਹਾਂ 'ਤੇ ਹਮਲਾ ਹੋ ਗਿਆ। ਹਰਮੇਸ਼ ਭੱਜ ਗਿਆ। ਸਹੁਰਾ, ਸੱਸ ਅਤੇ ਮਾਸੀ ਬੁਰੀ ਤਰ੍ਹਾਂ ਜ਼ਖ਼ਮੀ ਸਹੁਰੇ ਨੂੰ ਫਿਲੌਰ ਦੇ ਇਕ ਹਸਪਤਾਲ ਲੈ ਗਏ। ਸਹੁਰੇ ਦੀ ਉੱਥੇ ਮੌਤ ਹੋ ਗਈ। ਦੋਸ਼ੀ ਨੇ ਆਪਣਾ ਅਪਰਾਧ ਕਬੂਲ ਕਰਦੇ ਹੋਏ ਕਿਹਾ ਕਿ ਉਸਨੇ ਆਪਣੇ ਪਿਤਾ ਦੀਆਂ ਸਖ਼ਤ ਗੱਲਾਂ ਸੁਣ ਕੇ ਗੁੱਸੇ ਵਿੱਚ ਆਪਣੇ ਪਿਤਾ ਦਾ ਕਤਲ ਕਰ ਦਿੱਤਾ।

### ਪੁਰਾਣੇ ਮੰਦਰ ਦੀ ਡਿੱਗ ਗਈ ਕੰਧ ! ਮਲਬੇ 'ਚ ਦੱਬ ਜਾਣ ਕਾਰਨ ਦਮ ਤੋੜ ਗਿਆ ਜਵਾਕ

ਨੈਸ਼ਨਲ ਡੈਸਕ 11 ਅਪ੍ਰੈਲ। ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਦੇ ਅਲੀਗੰਜ ਇਲਾਕੇ ਵਿੱਚ ਅੱਜ ਇੱਕ ਬੇਹੱਦ ਦੁਖਦਾਈ ਘਟਨਾ ਵਾਪਰੀ। ਇੱਥੇ ਇੱਕ ਪੁਰਾਣੇ ਮੰਦਰ ਦੀ ਕੰਧ ਅਚਾਨਕ ਡਿੱਗਣ ਕਾਰਨ ਮਲਬੇ ਹੇਠ ਦਬ ਕੇ 6 ਮਹੀਨੇ ਦੇ ਇੱਕ ਮਾਸੂਮ ਬੱਚੇ ਦੀ ਮੌਤ ਹੋ ਗਈ। ਇਹ ਘਟਨਾ ਅਲੀਗੰਜ ਥਾਣਾ ਖੇਤਰ ਦੇ ਡੰਡੀਆ ਸਥਿਤ ਪੁਰਾਣੇ ਹਨੂੰਮਾਨ ਮੰਦਰ ਦੀ ਹੈ। ਮੰਦਰ ਦੀ ਇੱਕ ਪੁਰਾਣੀ ਕੰਧ ਦੇ ਨਾਲ ਕੁਝ ਲੋਕਾਂ ਨੇ ਝੌਂਪੜੀਆਂ ਬਣਾਈਆਂ ਹੋਈਆਂ ਸਨ। ਵੀਰਵਾਰ ਸਵੇਰੇ ਕਰੀਬ 11 ਵਜੇ ਮੰਦਰ ਦੀ ਕੰਧ ਅਚਾਨਕ ਢਹਿ ਗਈ। ਮੂਲ ਰੂਪ ਵਿੱਚ ਸੀਤਾਪੁਰ ਦੇ ਮਿਸ਼ਰਿਖ ਦਾ ਰਹਿਣ ਵਾਲਾ ਆਟੋ ਚਾਲਕ ਗਜੋਧਰ ਆਪਣੇ ਪਰਿਵਾਰ ਸਮੇਤ ਇੱਥੇ ਰਹਿ ਰਿਹਾ ਸੀ। ਕੰਧ ਡਿੱਗਣ ਕਾਰਨ ਉਸ ਦਾ 6 ਮਹੀਨੇ ਦਾ ਪੁੱਤਰ ਮਲਬੇ ਹੇਠ ਬੁਰੀ ਤਰ੍ਹਾਂ ਦਬ ਗਿਆ। ਸਥਾਨਕ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਬਚਾਅ ਮੁਹਿੰਮ ਚਲਾਈ ਅਤੇ ਬੱਚੇ ਨੂੰ ਬਾਹਰ ਕੱਢ ਕੇ ਤੁਰੰਤ ਹਸਪਤਾਲ ਪਹੁੰਚਾਇਆ। ਡਾਕਟਰਾਂ ਨੇ ਹਾਲਤ ਗੰਭੀਰ ਦੇਖਦਿਆਂ ਉਸ ਨੂੰ ਕਿੰਗ ਜਾਰਜ ਮੈਡੀਕਲ ਯੂਨੀਵਰਸਿਟੀ ਰੈਫਰ ਕਰ ਦਿੱਤਾ, ਜਿੱਥੇ ਇਲਾਜ ਦੌਰਾਨ ਬੱਚੇ ਨੇ ਦਮ ਤੋੜ ਦਿੱਤਾ।

# ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਨਰਮੇ ਦੀ ਫਸਲ ਸਬੰਧੀ ਜਾਰੀ ਕੀਤੀ ਐਡਵਾਈਜ਼ਰੀ

**ਕੌਮੀ ਪਤ੍ਰਿਕਾ**

ਫਾਜ਼ਿਲਕਾ 11 ਅਪ੍ਰੈਲ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਡਾ.ਐੱਸ.ਐੱਸ. ਗੋਸਲ ਦੀ ਅਗਵਾਈ ਅਤੇ ਪ੍ਰਸਾਰ ਨਿਰਦੇਸ਼ਕ ਡਾ.ਐੱਮ. ਐੱਸ. ਭੁੱਲਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪੀ.ਏ.ਯੂ.,ਫਾਰਮ ਸਲਾਹਕਾਰ ਸੇਵਾ ਕੇਂਦਰ ਅਤੇ ਖੇਤਰੀ ਖੋਜ ਕੇਂਦਰ ਅਬੋਹਰ ਦੇ ਵਿਗਿਆਨੀਆਂ ਵੱਲੋਂ ਜ਼ਿਲ੍ਹਾ ਫਾਜ਼ਿਲਕਾ ਦੇ ਵੱਖ-ਵੱਖ ਪਿੰਡਾਂ ਦਾ ਸਰਵੇਖਣ ਕੀਤਾ ਗਿਆ ਹੈ ਅਤੇ ਸਰਵੇਖਣ (ਸਰਵੇ) ਦੀ ਰਿਪੋਰਟ ਦੇ ਅਨੁਸਾਰ ਨਰਮੇ/ਕਪਾਹ ਸੰਬੰਧੀ ਫਸਲੀ ਸਲਾਹ ਜਾਰੀ ਕੀਤੀ। ਪਿਛਲੇ ਕੁਝ ਦਿਨਾਂ ਤੋਂ ਪੰਜਾਬ ਦੇ ਕਈ ਇਲਾਕਿਆਂ ਵਿਚ ਮੀਂਹ ਦਾ ਦੌਰ ਜਾਰੀ ਹੈ। ਦੱਖਣ-ਪੱਛਮੀ ਜ਼ਿਲ੍ਹਿਆਂ ਵਿਚ ਵੀ ਲਗਾਤਾਰ ਪੈ ਰਹੇ ਮੀਂਹ ਕਰਕੇ ਨਰਮੇ ਦੇ ਖੇਤਾਂ ਵਿਚ ਸਿੱਲ ਬਰਕਰਾਰ ਹੈ। ਡਾ. ਜਗਦੀਸ਼ ਅਰੋੜਾ ਨੇ ਦੱਸਿਆ ਕਿ ਬਾਰਿਸ਼ਾਂ ਦੇ ਮੌਸਮ ਵਿਚ ਨਰਮੇ ਦੀ ਫਸਲ ਤੇ ਪੱਤਿਆਂ ਦੇ ਧੱਬਿਆਂ ਦਾ ਰੋਗ ਅਤੇ ਨਰਮੇ ਦੇ ਟਿੰਡਿਆਂ ਦਾ ਗਾਲਾ ਦਿਖਾਈ ਦੇ ਰਿਹਾ ਹੈ। ਇਸ ਬੀਮਾਰੀ ਤੋਂ ਬਚਣ ਲਈ ਐਮੀਸਟਾਰ ਟੌਪ 200 ਮਿ. ਲੀ. ਪ੍ਰਤੀ ਏਕੜ ਦਾ ਸਪਰੇ ਕਰ ਦੇਣਾ ਚਾਹੀਦਾ ਹੈ। ਲੋੜ ਪੈਣ ਤੇ ਇਹ ਸਪਰੇ 15 ਦਿਨਾਂ ਬਾਅਦ ਦੁਬਾਰਾ ਕੀਤੀ ਜਾ ਸਕਦੀ ਹੈ। ਭਾਰੀ ਬਾਰਿਸ਼ ਪੈਣ ਤੋਂ ਬਾਅਦ ਕਈ ਵਾਰ ਪੈਰਾ ਵਿਲਟ ਦੀ ਸਮੱਸਿਆ ਆ ਸਕਦੀ ਹੈ। ਇਹ ਸਮੱਸਿਆ ਸਾਰੇ ਖੇਤ ਵਿਚ ਇਕਸਾਰ ਨਹੀਂ ਆਉਂਦੀ, ਬਲਕਿ ਕੁਝ ਕੁ ਬੂਟੇ ਮੁਰਝਾਉਣ ਦੇ ਲੱਛਣ ਦਿਖਾਉਣ ਲਗ ਪੈਂਦੇ ਹਨ। ਅਜਿਹੀ ਹੋਣ ਦੀ ਸੂਰਤ ਵਿਚ ਤੁਰੰਤ ਕੋਬਾਲਟ ਕਲੋਰਾਇਡ 1 ਗ੍ਰਾਮ ਨੂੰ 100 ਲੀਟਰ ਪਾਣੀ ਵਿਚ ਘੋਲ ਕੇ ਪ੍ਰਭਾਵਿਤ ਬੂਟਿਆਂ ਤੇ ਸਪਰੇ ਕਰ ਦੇਣੀ ਚਾਹੀਦੀ ਹੈ, ਜਿਸ ਨਾਲ ਬੂਟੇ ਦਾ ਮੁਰਝਾਉਣਾ ਰੁਕ ਜਾਂਦਾ ਹੈ ਅਤੇ ਬੂਟਾ ਦੁਬਾਰਾ ਚਲ ਪੈਂਦਾ ਹੈ। ਡਾ. ਮਨਪ੍ਰੀਤ ਸਿੰਘ ਨੇ ਦੱਸਿਆ ਕਿ ਲਗਾਤਾਰ ਪੈ ਰਹੇ ਮੀਂਹ ਕਾਰਣ ਨਰਮੇ ਦਾ ਪਤਰਾਲ ਪੀਲਾਪਣ ਦਿਖਾਉਣ ਲਗ ਪੈਂਦਾ



ਹੈ। ਜਿਨਾਂ ਖੇਤਾਂ ਵਿਚ ਲਗਾਤਾਰ ਪਾਣੀ ਖੜ੍ਹਾ ਰਹੇ, ਉਥੇ ਨਰਮੇ ਦੇ ਬੂਟੇ ਖੁਰਾਕ ਬਹੁਤ ਘੱਟ ਚਕਦੇ ਹਨ ਅਤੇ ਪਲੱਤਣ ਵਿਚ ਆ ਜਾਂਦੇ ਹਨ। ਅਜਿਹੀਆਂ ਹਾਲਤਾਂ ਵਿਚ ਨਰਮੇ ਦੀ ਫਸਲ ਵਿਚ ਪਾਣੀ ਦੀ ਨਿਕਾਸੀ ਕਰ ਦੇਣੀ ਚਾਹੀਦੀ ਹੈ ।ਇਹਨਾ ਹਾਲਤਾਂ ਵਿਚ ਪੱਤਿਆਂ ਰਾਹੀਂ ਖੁਰਾਕ ਦੇਣੀ ਜਰੂਰੀ ਹੋ ਜਾਂਦੀ ਹੈ। ਲਗਾਤਾਰ ਬੱਦਲਵਾਈ ਰਹਿਣ ਕਾਰਣ ਫੁੱਲਾਂ ਤੇ ਆਈ ਫਸਲ ਕਈ ਵਾਰ ਚੁੰਡੀਆਂ, ਫੁੱਲ ਜਾਂ ਛੋਟੇ ਟਿੰਡੇ ਸਿੱਟਣ ਲਗ ਪੈਂਦੀ ਹੈ। ਇਸ ਨੂੰ ਰੋਕਣ ਲਈ ਪੋਟਾਸ਼ਿਅਮ ਨਾਈਟ?ਰੇਟ (13-0-45) 2 ਕਿਲੋ ਪ੍ਰਤੀ ਏਕੜ ਦੇ 4 ਸਪਰੇ 10 ਦਿਨਾਂ ਦੇ ਵਕਫੇ ਤੇ ਕਰਨੀ ਚਾਹੀਦੀ ਹੈ। ਨਾਲ ਹੀ ਮੈਗਨੀਸ਼ੀਅਮ ਸਲਫੇਟ 1 ਕਿਲੋ ਪ੍ਰਤੀ 100 ਲੀਟਰ ਦੇ ਹਿਸਾਬ ਨਾਲ 15-20 ਦਿਨਾਂ ਦੀ ਵਿਥ ਤੇ ਦੋ ਸਪਰੇ ਕਰ ਦੇਣੀ ਚਾਹੀਦੀ ਹੈ, ਇਸ ਨਾਲ ਪੱਤਿਆਂ ਦੀ ਲਾਲੀ ਦੀ ਸਮੱਸਿਆ ਨਹੀਂ ਆਉਂਦੀ। ਡਾ.ਜਗਦੀਸ਼ ਅਰੋੜਾ (ਜਿਲਾ ਪ੍ਰਸਾਰ ਮਾਹਰ) ਨੇ ਦਸਿਆ ਕਿ ਚਿੱਟੀ ਮੱਖੀ ਹੁਣ ਆਖਰੀ ਪੜਾਅ ਤੇ ਹੈ ਅਤੇ ਗੁਲਾਬੀ ਸੁੰਡੀ ਦਾ ਹਮਲਾ ਵੀ ਕਈ ਖੇਤਾਂ ਵਿਚ ਨਜਰ ਆ ਰਿਹਾ ਹੈ। ਕਿਸਾਨ ਵੀਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਖੇਤਾਂ ਦਾ ਲਗਾਤਾਰ ਸਰਵੇਖਣ ਕਰਦੇ ਰਹਿਣ ।ਜਿਹਨਾਂ ਖੇਤਾਂ ਵਿਚ ਚਿੱਟੀ ਮੱਖੀ ਦੇ ਨਾਲ ਗੁਲਾਬੀ ਸੁੰਡੀ ਦਾ ਹਮਲਾ ਹੈ, ਉੱਥੇ ਇਨਾਂ ਦੀ ਰੋਕਥਾਮ ਲਈ 800 ਮਿਲੀਲਿਟਰ ਫੋਸਮਾਈਟ/ਈ-ਮਾਈਟ/ਵਾਲਥੀਆਨ/ਗੋਲਡਮਿਟ 50 ਈ ਸੀ (ਈਥੀਆਨ) ਦਾ ਛਿੜਕਾਅ ਕਰੋ। ਗੁਲਾਬੀ ਸੁੰਡੀ ਲਈ ਰਕਲੇਮ (ਐਮਾਮੇਕਿਟਨ ਬੈਂਜ਼ੋਏਟ 5 ਐਸ.ਜੀ) 100 ਗ੍ਰਾਮ ਜਾਂ ਕਿਉਰਾਕਰਾਨ (ਪ੍ਰੋਫਨੋਫਾਸ 50 ਈ. ਸੀ.) 500 ਮਿ.ਲੀ ਜਾਂ ਫੇਮ (ਫਲੂਬੈਂਡਾਮਾਈਡ) 40 ਮਿ.ਲੀ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋਂ ਕੀਤੀ ਜਾ ਸਕਦੀ ਹੈ। ਸਤੰਬਰ ਅੱਧ ਤੋਂ ਬਾਅਦ ਗੁਲਾਬੀ ਸੁੰਡੀ ਲਈ ਅਗਲੀ ਸਪਰੇਅ ਕਿਸੇ ਵੀ ਸਿੰਥੇਟਿਕ ਪਾਈਰੀਥਾਈਡ ਦੀ ਕੀਤੀ ਜਾ ਸਕਦੀ ਹੈ । ਇਹਨਾਂ ਵਿਚ ਡੈਲਟਾਮੈਥਰਿਨ 2.8 ਈ ਸੀ 160 ਮਿ.ਲੀ ਜਾਂ ਫੈਨਵਲਰੇਟ 20 ਈ ਸੀ 100 ਮਿ.ਲੀ ਜਾਂ ਡੈਨੀਟੋਲ 10 ਈ ਸੀ 300 ਮਿ.ਲੀ ਜਾਂ ਸਾਈਪਰਮੈਥਰਿਨ 10 ਈ ਸੀ 200 ਮਿ. ਲੀ. ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋਂ ਕੀਤੀ ਜਾ ਸਕਦੀ ਹੈ। ਡਾ.ਜਗਦੀਸ਼ ਅਰੋੜਾ ਨੇ ਕਾਸ਼ਤਕਾਰਾਂ ਨੂੰ ਅਪੀਲ ਕੀਤੀ ਕੀ ਕਿਸਾਨ ਵੀਰ ਨਰਮੇ ਦੀ ਸਮੱਸਿਆਂ ਦੇ ਹੱਲ ਲਈ ਫ਼ਾਰਮ ਸਲਾਹਕਾਰ ਸੇਵਾ ਕੇਂਦਰ, ਪੀ.ਏ. ਯੂ ਖੇਤਰੀ ਖੋਜ ਕੇਂਦਰ ਅਤੇ ਖੇਤੀਬਾੜੀ ਦਫਤਰ ਦੇ ਅਧਿਕਾਰੀਆਂ ਨਾਲ ਵੱਧ ਤੋਂ ਵੱਧ ਰਾਬਤਾ ਰੱਖਣ।

## ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਤੇ ਪ੍ਰਿੰਸੀਪਲ ਸਕੱਤਰ ਕ੍ਰਿਸ਼ਨ ਕੁਮਾਰ ਵੱਲੋਂ ਮਕੌੜਾ ਪੱਤਣ ਵਿਖੇ ਹੜ੍ਹ ਪ੍ਰਭਾਵਿਤ ਖੇਤਰ ਦਾ ਦੌਰਾ

**ਕੌਮੀ ਪਤ੍ਰਿਕਾ**

ਮਕੌੜਾ ਪੱਤਣ/ਦੀਨਾਨਗਰ, 11 ਅਪ੍ਰੈਲ। ਪੰਜਾਬ ਦੇ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਅਤੇ ਜਲ ਸਰੋਤ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਕ੍ਰਿਸ਼ਨ ਕੁਮਾਰ ਵੱਲੋਂ ਅੱਜ ਜ਼ਿਲ੍ਹਾ ਗੁਰਦਾਸਪੁਰ ਵਿੱਚ ਰਾਵੀ ਦਰਿਆ ਦੇ ਮਕੌੜਾ ਪੱਤਣ ਦਾ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ, ਐੱਸ.ਐੱਸ.ਪੀ. ਗੁਰਦਾਸਪੁਰ ਆਦਿੱਤਯ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ, ਐੱਸ.ਡੀ.ਐੱਮ. ਦੀਨਾਨਗਰ ਸ. ਜਸਪਿੰਦਰ ਸਿੰਘ ਭੁੱਲਰ, ਸਹਾਇਕ ਕਮਿਸ਼ਨਰ ਰੁਪਿੰਦਰਪਾਲ ਸਿੰਘ, ਡੀ.ਐੱਸ.ਪੀ. ਦੀਨਾਨਗਰ ਰਜਿੰਦਰ ਮਿਨਹਾਸ ਵੀ ਮੌਜੂਦ ਸਨ। ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਵੱਲੋਂ ਮਕੌੜਾ ਪੱਤਣ ਲਾਗੇ ਹੜ੍ਹ ਕਾਰਨ ਟੁੱਟੇ ਧੁੱਸੀ ਬੰਨ ਨੂੰ ਪੂਰੇ ਜਾਣ ਦੇ ਕੰਮ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਰਾਵੀ ਦਰਿਆ ਵਿੱਚ ਬਹੁਤ ਜ਼ਿਆਦਾ ਪਾਣੀ ਆਉਣ ਕਾਰਨ ਧੁੱਸੀ ਬੰਨ੍ਹ ਨੂੰ ਨੁਕਸਾਨ ਪਹੁੰਚਿਆ ਹੈ ਜਿਸ ਕਾਰਨ ਰਾਵੀ ਦੇ ਨਾਲ ਲੱਗਦੇ ਜ਼ਿਲ੍ਹਾ ਗੁਰਦਾਸਪੁਰ ਦੇ 324 ਪਿੰਡ ਹੜ੍ਹ ਦੀ ਲਪੇਟ ਵਿੱਚ ਆਏ ਹਨ। ਉਨ੍ਹਾਂ ਕਿਹਾ ਕਿ ਹੁਣ



ਦਰਿਆ ਵਿੱਚ ਪਾਣੀ ਦਾ ਪੱਧਰ ਘਟਿਆ ਹੈ, ਜਿਸ ਕਾਰਨ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਵੀ ਪਾਣੀ ਘੱਟ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਣ ਜੇਕਰ ਬਹੁਤ ਜ਼ਿਆਦਾ ਬਾਰਸ਼ ਨਾ ਹੋਈ ਅਤੇ ਦਰਿਆ ਵਿੱਚ ਵੀ ਸਮਰੱਥਾ ਤੋਂ ਜ਼ਿਆਦਾ ਪਾਣੀ ਨਾ ਆਇਆ ਤਾਂ ਖ਼ਤਰੇ ਦੀ ਕੋਈ ਗੱਲ ਨਹੀਂ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਧੁੱਸੀ ਬੰਨ੍ਹ ਵਿੱਚ ਪਏ ਪਾੜਾਂ ਨੂੰ ਪੂਰਿਆ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਕਾਰਜਾਂ ਨੂੰ ਹੋਰ ਤੇਜ਼ ਕਰਨ ਤਾਂ ਜੋ ਲੋਕਾਂ ਨੂੰ ਵੱਧ ਤੋਂ ਵੱਧ ਰਾਹਤ ਦਿੱਤੀ ਜਾ ਸਕੇ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਵੱਧ ਤੋਂ ਵੱਧ ਮੈਡੀਕਲ ਟੀਮਾਂ ਦੀ ਤਾਇਨਾਤੀ ਕੀਤੀ ਜਾਵੇ ਅਤੇ ਹੋਰ ਲੋੜਵੰਦ ਤੱਕ ਸਰਕਾਰ ਵੱਲੋਂ ਰਾਹਤ ਪਹੁੰਚਾਈ ਜਾਵੇ। ਇਸਦੇ ਨਾਲ ਹੀ ਪਸ਼ੂਆਂ ਲਈ ਚਾਰੇ ਅਤੇ ਉਨ੍ਹਾਂ ਦੇ ਇਲਾਜ ਲਈ ਵੀ ਪਸ਼ੂ ਪਾਲਣ ਵਿਭਾਗ ਵੱਲੋਂ ਹਰ ਹੜ੍ਹ ਪ੍ਰਭਾਵਿਤ ਪਿੰਡ ਤੱਕ ਪਹੁੰਚ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਹੜ੍ਹਾਂ ਨਾਲ ਹੋਏ ਨੁਕਸਾਨ ਦਾ ਅਨੁਮਾਨ ਲਗਾ ਕੇ ਪ੍ਰਭਾਵਿਤ ਕਿਸਾਨਾਂ ਨੂੰ ਯੋਗ ਰਾਹਤ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੰਕਟ ਦੀ ਇਸ ਘੜੀ ਵਿੱਚ ਪੰਜਾਬ ਸਰਕਾਰ ਆਪਣੇ ਲੋਕਾਂ ਦੇ ਨਾਲ ਹੈ। ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਹੜ੍ਹਾਂ ਸਬੰਧੀ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਹਦਾਇਤਾਂ ਦੀ ਪਾਲਣਾ ਕਰਨ। ਇਸ ਮੌਕੇ ਐਕਸੀਅਨ ਡਰੇਨਜ਼ ਜੋਬਨਪ੍ਰੀਤ ਸਿੰਘ, ਐਕਸੀਅਨ ਸ. ਦਿਲਪ੍ਰੀਤ ਸਿੰਘ, ਐੱਸ.ਡੀ.ਓ. ਅਮਿਤ ਲੂਣਾ, ਜੇ.ਈ. ਉਪਦੇਸ਼ ਕੁਮਾਰ, ਸ. ਪ੍ਰਿਤਪਾਲ ਸਿੰਘ, ਪਸ਼ੂ ਪਾਲਣ ਵਿਭਾਗ ਦੇ ਡਿਪਟੀ ਡਾਇਰੈਕਟਰ ਡਾ. ਜਸਪ੍ਰੀਤ ਸਿੰਘ ਨਾਗਪਾਲ, ਐੱਸ.ਐੱਚ.ਓ. ਜਤਿੰਦਰਪਾਲ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਭੈਣ ਦੇ ਪ੍ਰੇਮ ਸਬੰਧਾਂ ਤੋਂ ਨਾਰਾਜ਼ ਭਰਾ ਨੇ ਖੇਡੀ ਖ਼ੂਨੀ ਖੇਡ ! ਜੰਗਲ 'ਚ ਲਿਜਾ ਕੇ ਵੱਢਿਆ ਦੋਸਤ ਦਾ ਸਿਰ

**ਏਜੰਸੀਆਂ**

ਵੈੱਬ ਡੈਸਕ 11 ਅਪ੍ਰੈਲ। ਉੱਤਰ ਪ੍ਰਦੇਸ਼ ਦੇ ਕਾਨਪੁਰ ਜ਼ਿਲ੍ਹੇ ਦੇ ਚਕੇਰੀ ਇਲਾਕੇ 'ਚ ਇੱਕ ਹੈਰਾਨ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ, ਜਿਸ 'ਚ ਦੋਸਤੀ, ਪਿਆਰ ਤੇ ਬਦਲੇ ਦੀ ਕਹਾਣੀ ਨੇ ਖ਼ੂਨੀ ਮੋੜ ਲੈ ਲਿਆ। ਇਸ ਮਾਮਲੇ ਨੇ ਪੂਰੇ ਇਲਾਕੇ ਵਿੱਚ ਸਨਸਨੀ ਫੈਲਾ ਦਿੱਤੀ ਹੈ। ਰਿਸ਼ੀਕੇਸ਼ ਅਤੇ ਪਵਨ ਬਹੁਤ ਚੰਗੇ ਦੋਸਤ ਸਨ। ਦੋਵੇਂ ਇਕੱਠੇ ਘੁੰਮਦੇ ਰਹਿੰਦੇ ਸਨ, ਚਾਹ ਦੀਆਂ ਦੁਕਾਨਾਂ 'ਤੇ ਬੈਠਦੇ ਸਨ, ਤਿਉਹਾਰਾਂ ਦੌਰਾਨ ਇੱਕ ਦੂਜੇ ਦੇ ਘਰ ਜਾਂਦੇ ਸਨ। ਪਰ ਜਦੋਂ ਪਵਨ ਕੁਝ ਸਮੇਂ ਲਈ ਜੇਲ੍ਹ ਗਿਆ ਤੇ ਫਿਰ ਬਾਹਰ ਆਇਆ ਤਾਂ ਉਸਨੂੰ ਪਤਾ ਲੱਗਾ ਕਿ ਉਸਦੇ ਸਭ ਤੋਂ ਕਰੀਬੀ ਦੋਸਤ ਰਿਸ਼ੀਕੇਸ਼ ਦਾ ਉਸਦੀ ਭੈਣ ਨਾਲ ਪ੍ਰੇਮ ਸਬੰਧ ਸੀ। ਪਵਨ ਨੂੰ ਇਹ ਪਸੰਦ ਨਹੀਂ ਆਇਆ ਤੇ ਉਹ ਗੁੱਸੇ 'ਚ ਆ ਗਿਆ। ਉੱਥੋਂ ਉਸਨੇ ਫੈਸਲਾ ਕੀਤਾ ਕਿ ਉਹ ਇਸ ਰਿਸ਼ਤੇ ਦਾ ਬਦਲਾ ਜ਼ਰੂਰ ਲਵੇਗਾ ਤੇ ਫਿਰ ਇੱਕ ਖ਼ੂਨੀ ਸਾਜ਼ਿਸ਼ ਦੀ ਯੋਜਨਾ ਬਣਾਉਣੀ ਸ਼ੁਰੂ ਕਰ ਦਿੱਤੀ। 31 ਅਗਸਤ ਦੀ ਰਾਤ ਨੂੰ ਕਾਨਪੁਰ 'ਚ ਗਣੇਸ਼ ਤਿਉਹਾਰ ਮਨਾਇਆ ਗਿਆ। ਇਸ ਮੌਕੇ ਦਾ ਫਾਇਦਾ ਉਠਾਉਂਦੇ ਹੋਏ, ਪਵਨ ਨੇ ਆਪਣੇ ਦੋਸਤ ਰਿਸ਼ੀਕੇਸ਼ ਨੂੰ ਫਸਾਉਣ ਦੀ ਸਾਜ਼ਿਸ਼ ਰਚੀ। ਉਸਨੇ ਆਪਣੇ ਦੋਸਤ ਪ੍ਰਿੰਸ ਨੂੰ ਰਿਸ਼ੀਕੇਸ਼ ਨੂੰ ਫੋਨ ਕਰਨ ਲਈ ਕਿਹਾ। ਪ੍ਰਿੰਸ ਨੇ ਫੋਨ ਕੀਤਾ ਅਤੇ ਕਿਹਾ - 'ਚਲੋ ਕਿਤੇ ਚੱਲੀਏ'। ਰਿਸ਼ੀਕੇਸ਼ ਬਿਨਾਂ ਕੁਝ ਸੋਚੇ-ਸਮਝੇ ਆਪਣੇ ਦੋਸਤਾਂ ਨਾਲ ਚਲਾ ਗਿਆ। ਪਰ ਉਸਨੂੰ ਨਹੀਂ ਪਤਾ ਸੀ ਕਿ ਉਹ ਆਪਣੀ ਜ਼ਿੰਦਗੀ ਦੀ ਆਖਰੀ ਰਾਤ ਜੀਅ ਰਿਹਾ ਹੈ। ਸੀਸੀਟੀਵੀ ਫੁਟੇਜ 'ਚ ਦਿਖਾਇਆ ਗਿਆ ਕਿ ਪਵਨ ਤੇ ਉਸਦੇ ਸਾਥੀ ਜ਼ਬਰਦਸਤੀ ਰਿਸ਼ੀਕੇਸ਼ ਨੂੰ ਬਾਈਕ 'ਤੇ ਬਿਠਾ ਕੇ ਲੈ ਗਏ। ਉਹ ਉਸਨੂੰ ਸ਼ਹਿਰ ਦੇ ਬਾਹਰ ਇੱਕ ਸੁੰਨਸਾਨ ਜੰਗਲ ਵਿੱਚ ਲੈ ਗਏ। ਪਵਨ, ਉਸਦਾ ਭਰਾ ਬੌਬੀ ਅਤੇ ਉਨ੍ਹਾਂ ਦੇ ਸਾਥੀ ਮੋਗਲੀ, ਨਿਖਿਲ, ਆਕਾਸ਼, ਰਿਸ਼ੂ ਆਦਿ ਉੱਥੇ ਰਿਸ਼ੀਕੇਸ਼ ਦੇ ਸਾਹਮਣੇ ਖੜ੍ਹੇ ਸਨ। ਪਵਨ ਨੇ ਕਿਸੇ ਨੂੰ ਮੌਕਾ ਨਹੀਂ ਦਿੱਤਾ ਅਤੇ ਖੁਦ ਹੀ ਇੱਕ ਤੇਜ਼ਧਾਰ ਹਥਿਆਰ ਨਾਲ ਰਿਸ਼ੀਕੇਸ਼ ਦਾ ਸਿਰ ਵੱਖ ਕਰ ਦਿੱਤਾ। ਇਸ ਪੂਰੀ ਘਟਨਾ ਦੀ ਵੀਡੀਓ ਮੋਬਾਈਲ 'ਤੇ ਵੀ ਰਿਕਾਰਡ ਕੀਤੀ ਗਈ। ਕਤਲ ਤੋਂ ਬਾਅਦ, ਲਾਸ਼ ਨੂੰ ਬੋਰੀ ਵਿੱਚ ਪਾ ਦਿੱਤਾ ਤੇ ਹੱਥ-ਪੈਰ ਬੰਨ੍ਹ ਕੇ ਈ-ਰਿਕਸ਼ਾ ਵਿੱਚ ਗੰਗਾ ਨਦੀ ਦੇ ਪੁਲ 'ਤੇ ਲਿਜਾਇਆ ਗਿਆ। ਉੱਥੋਂ ਲਾਸ਼ ਨੂੰ ਨਦੀ ਵਿੱਚ ਸੁੱਟ ਦਿੱਤਾ ਗਿਆ ਤਾਂ ਜੋ ਸਬੂਤ ਨਸ਼ਟ ਕੀਤੇ ਜਾ ਸਕਣ। ਪਰ ਗੰਗਾ ਦੀਆਂ ਲਹਿਰਾਂ ਨੇ ਅਪਰਾਧ ਨਹੀਂ ਛੁਪਾਇਆ। ਜਦੋਂ ਰਿਸ਼ੀਕੇਸ਼ ਦੇਰ ਰਾਤ ਤੱਕ ਘਰ ਨਹੀਂ ਪਰਤਿਆ ਅਤੇ ਉਸਦਾ ਫੋਨ ਵੀ ਬੰਦ ਸੀ ਤਾਂ ਪਰਿਵਾਰਕ ਮੈਂਬਰਾਂ ਨੂੰ ਸ਼ੱਕ ਹੋਇਆ ਕਿ ਕੁਝ ਗਲਤ ਹੋਇਆ ਹੈ। ਉਨ੍ਹਾਂ ਨੇ ਲਾਪਤਾ ਹੋਣ ਅਤੇ ਕਤਲ ਦਾ ਸ਼ੱਕ ਪ੍ਰਗਟ ਕਰਦੇ ਹੋਏ ਪੁਲਸ ਕੋਲ ਰਿਪੋਰਟ ਦਰਜ ਕਰਵਾਈ। ਪੁਲਸ ਨੇ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ ਅਤੇ ਜਾਂਚ ਸ਼ੁਰੂ ਕੀਤੀ। ਕੁਝ ਸ਼ੱਕੀ ਮੁੰਡਿਆਂ ਨੂੰ ਚੁੱਕਿਆ ਗਿਆ ਅਤੇ ਸਖ਼ਤ ਪੁੱਛਗਿੱਛ ਕੀਤੀ ਗਈ। ਪੁਲਿਸ ਪੁੱਛਗਿੱਛ ਦੌਰਾਨ ਨਿਖਿਲ, ਆਕਾਸ਼ ਅਤੇ ਰਿਸ਼ੂ ਟੁੱਟ ਗਏ ਅਤੇ ਪੂਰੀ ਸਾਜ਼ਿਸ਼ ਕਬੂਲ ਕਰ ਲਈ। ਇਹ ਖੁਲਾਸਾ ਹੋਇਆ ਕਿ ਗਣੇਸ਼ ਉਤਸਵ ਇੱਕ ਬਹਾਨਾ ਸੀ।